SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ
VOL -10 ISSUE - 2
April 21, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



Babu Mangu Ram Mugowalia
January 14, 1886 – April 22, 1980
Founder of the Ad Dharm Movement Punjab

**ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ 41 ਵੇਂ ਪ੍ਰੀਨਿਰਵਾਣ ਦਿਵਸ 'ਤੇ ਕੋਟਿਨ-ਕੋਟਿ ਪ੍ਰਣਾਮ।**

(ਸਬੰਧਿਤ ਲੇਖ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' 'ਚ ਦੇਖੋ)

## ਭਾਰਤ ਵਿਚ ਕਰੋਨਾ ਦਾ ਕਹਿਰ

# ਸੂਬਾ ਸਰਕਾਰਾਂ ਲਗਾ ਰਹੀਆਂ ਨੇ ਦੁਬਾਰਾ ਲੌਕਡਾਊਨ

**ਨਵੀਂ ਦਿੱਲੀ (ਬਿਊਰੋ)** ਭਾਰਤ ਵਿਚ 2020 ਦੇ ਸਤੰਬਰ ਦੇ ਅੱਧ ਵਿੱਚ ਕੋਰੋਨਾ ਲਾਗ਼ ਦੇ ਪ੍ਰਤੀ ਦਿਨ ਔਸਤਨ 93,000 ਮਾਮਲਿਆਂ ਦੀ ਸਿਖ਼ਰ ਤੋਂ ਬਾਅਦ ਲਾਗ਼ ਲੱਗਣ ਦੀ ਦਰ ਵਿੱਚ ਲਗਾਤਾਰ ਗਿਰਾਵਟ ਆ ਰਹੀ ਸੀ। ਫ਼ਰਵਰੀ ਦੇ ਅੱਧ ਤੱਕ ਪਹੁੰਚਦੇ-ਪਹੁੰਚਦੇ ਭਾਰਤ ਵਿੱਚ ਕੋਰੋਨਾ ਦੇ ਪ੍ਰਤੀ ਦਿਨ ਔਸਤ ਮਾਮਲਿਆਂ ਦੀ ਗਿਣਤੀ 11,000 ਤੱਕ ਆ ਗਈ। ਬੀਮਾਰੀ ਨਾਲ ਮਰਨ ਵਾਲਿਆਂ ਦੀ ਸੱਤ ਦਿਨਾਂ ਦੀ ਔਸਤਨ ਗਿਣਤੀ ਵੀ 100 ਤੋਂ ਘੱਟ ਹੋ ਗਈ। ਵਾਇਰਸ 'ਤੇ ਮਾਤ ਪਾਉਣ ਦੀ ਖ਼ੁਸ਼ੀ ਦਾ ਆਧਾਰ ਪਿਛਲੇ ਸਾਲ ਦੇ ਅੰਤ ਤੋਂ ਹੀ ਬਣਿਆ ਸੀ। ਸਿਆਸਤਦਾਨ, ਨੀਤੀ ਘਾੜੇ ਅਤੇ ਮੀਡੀਆ ਦੇ ਕੁਝ ਹਿੱਸੇ ਮੰਨਦੇ ਸਨ ਕਿ ਭਾਰਤ ਸੱਚੀਂ ਇਸ ਬੀਮਾਰੀ ਵਿੱਚੋਂ ਬਾਹਰ ਆ ਚੁੱਕਿਆ ਹੈ। ਪਰ ਭਾਰਤ ਵਿਚ ਦੂਜੀ ਲਹਿਰ ਹੋਰ ਜਿਆਦਾ ਭਿਆਨਕ ਦਿਸ ਰਹੀ ਹੈ।



**ਸੂਬਾ ਸਰਕਾਰਾਂ ਲਗਾ ਸਕਦੀਆਂ ਨੇ ਲੌਕਡਾਊਨ- ਮੋਦੀ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਕਿਹਾ ਕਿ ਕੋਰੋਨਾ ਮਹਾਮਾਰੀ ਖ਼ਿਲਾਫ਼ ਦੇਸ਼ ਵੱਡੀ ਲੜਾਈ ਲੜ ਰਿਹਾ ਹੈ। ਅਸੀਂ ਆਰਥਿਕ ਸਰਗਰਮੀਆਂ ਜਾਰੀ ਰੱਖਣ ਦੇ ਨਾਲ ਹੀ ਮਹਾਮਾਰੀ 'ਤੇ ਕੰਟਰੋਲ ਪਾਉਣਾ ਹੈ। ਦੇਸ਼ ਦੇ ਨਾਂ ਸੰਦੇਸ਼ 'ਚ ਪ੍ਰਧਾਨ ਮੰਤਰੀ ਨੇ ਇਹ ਸਾਫ਼ ਕਰ ਦਿੱਤਾ ਕਿ ਲਾਕਡਾਊਨ ਆਖ਼ਰੀ ਬਦਲ ਹੈ। ਨਾਲ ਹੀ ਉਨ੍ਹਾਂ ਨੇ ਸੂਬਾ ਸਰਕਾਰਾਂ ਨੂੰ ਮਾਈਕ੍ਰੋ ਕੰਟੇਨਮੈਂਟ ਜ਼ੋਨ 'ਤੇ ਵੀ ਧਿਆਨ ਦੇਣ ਦੀ ਅਪੀਲ ਕੀਤੀ। ਕੋਰੋਨਾ ਮਹਾਮਾਰੀ ਦੇ ਵਧਦੇ ਮਾਮਲਿਆਂ ਵਿਚਾਲੇ ਪ੍ਰਧਾਨ ਮੰਤਰੀ ਦੀ ਇਹ ਅਪੀਲ ਅਜਿਹੇ ਸਮੇਂ 'ਚ ਸਾਹਮਣੇ ਆਈ ਹੈ ਜਦੋਂ ਮਹਾਰਾਸ਼ਟਰ, ਦਿੱਲੀ ਸਮੇਤ ਕਈ ਸੂਬਿਆਂ ਨੇ ਲਾਕਡਾਊਨ ਵਰਗੀਆਂ ਸਖ਼ਤ ਪਾਬੰਦੀਆਂ ਲਾਈਆਂ ਹੋਈਆਂ ਹਨ। ਅਦਾਲਤਾਂ ਵੀ ਗੰਭੀਰ ਹੁੰਦੇ ਹਾਲਾਤ ਨੂੰ ਲੈ ਕੇ ਲਗਾਤਾਰ ਚਿੰਤਾ ਪ੍ਰਗਟਾ ਰਹੀਆਂ ਹਨ। ਇੱਥੇ ਇਹ ਦੱਸਣਾ ਬਣਦਾ ਹੈ ਕਿ ਇਲਾਹਾਬਾਦ ਹਾਈ ਕੋਰਟ ਨੇ ਦੋ ਦਿਨ ਪਹਿਲਾਂ ਹੀ ਉੱਤਰ ਪ੍ਰਦੇਸ਼ ਦੇ ਪੰਜ ਵੱਡੇ ਸ਼ਹਿਰਾਂ 'ਚ ਲਾਕਡਾਊਨ ਲਾਉਣ ਦਾ ਆਦੇਸ਼ ਦਿੱਤਾ ਸੀ, ਹਾਲਾਂ ਕਿ ਸੁਪਰੀਮ ਕੋਰਟ ਨੇ ਇਸ ਅੰਤ੍ਰਿਮ ਆਦੇਸ਼ 'ਤੇ ਰੋਕ ਲਾ ਦਿੱਤੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਹਾਲੇ ਤਕ ਅਸੀਂ ਧੀਰਜ ਤੇ ਅਨੁਸ਼ਾਸਨ ਨਾਲ ਕੋਰੋਨਾ ਖ਼ਿਲਾਫ਼ ਲੜਾਈ ਲੜੀ ਹੈ। ਸਾਨੂੰ ਆਪਣਾ ਧੀਰਜ ਨਹੀਂ ਛੱਡਣਾ ਚਾਹੀਦਾ। ਉਨ੍ਹਾਂ ਭਰੋਸਾ ਦਿੱਤਾ ਕਿ ਅਸੀਂ ਸਾਰੇ ਮਿਲ ਕੇ ਕੋਰੋਨਾ ਦੇ ਖਿਲਾਫ਼ ਜੰਗ ਮੁੜ ਜਿੱਤਾਂਗੇ। ਪੀਐੱਮ ਮੋਦੀ ਨੇ ਕਿਹਾ ਕਿ ਕੋਰੋਨਾ ਦੀ ਪਹਿਲੀ ਲਹਿਰ 'ਚ ਹਾਲਾਤ ਹੋਰ ਸਨ। ਸਾਡੇ ਵਸੀਲਿਆਂ ਦੀ ਕਮੀ ਸੀ। ਹੁਣ ਅਸੀਂ ਪਹਿਲਾਂ ਤੋਂ ਜ਼ਿਆਦਾ ਤਿਆਰ ਹਾਂ। ਸਾਡੇ ਕੋਲ ਮਾਮਲਿਆਂ ਦੀ ਜਾਂਚ ਲਈ ਲੈਬਾਂ ਦਾ ਵੱਡਾ ਨੈੱਟਵਰਕ ਤਿਆਰ ਹੋ ਗਿਆ ਹੈ। ਲਗਾਤਾਰ ਟੈਸਟਿੰਗ ਦੀ ਸਮਰੱਥਾ ਵਧਾ ਰਹੇ ਹਾਂ। ਫਾਰਮਾ ਸੈਕਟਰ ਲਗਾਤਾਰ ਕੋਰੋਨਾ ਤੋਂ ਪੈਦਾ ਹੋਣ

(ਬਾਕੀ ਸਫਾ 5 'ਤੇ)

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com
BERKSHIRE HATHAWAY
TRUST the advice of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM

# HAPPY BAZAAR

HAPPY BAZAAR

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206

We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304 E Hammer Lane # 7 Stockton CA 95212

EMAIL: indiabazaar08@yahoo.com



# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





# Raja SWEETS & CATERING

AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets



# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC
ARTIFICIAL
JEWELRY, SWEETS,
FRESH VEGETABLES
& MORE..



ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੈਂਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142

Email: IndiaMarketRoseville@gmail.com

**ਬੀਤੇ ਐਤਵਾਰ ਸ੍ਰੀ ਗੁਰੂ ਰਵਿਦਾਸ ਸਭਾ ਫਰਿਜਨੋ ਦੇ ਸਾਬਕਾ ਪ੍ਰਧਾਨ ਸਵਰਗਵਾਸੀ ਸ੍ਰੀ ਕਰਮ ਸਿੰਘ ਬੰਗੜ ਜੀ ਦੀ ਯਾਦ ਵਿੱਚ ਸ਼ਰਧਾਂਜਲੀ ਸਮਾਗਮ ਕੀਤਾ ਗਿਆ। ਵੱਖ- ਵੱਖ ਬੁਲਾਰਿਆਂ ਨੇ ਵਿੱਛੜੀ ਹੋਈ ਰੂਹ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ ਭੇਂਟ ਕੀਤੀਆਂ।** *(ਤਸਵੀਰਾਂ ਅਤੇ ਰਿਪੋਰਟ- ਗੁਰੂ ਘਰ)*











# SKY TRANSPORT SOLUTIONS

**STRIVE FOR MORE**

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

**PLEASE CONTACT US FOR MORE INFORMATION**

**PHONE: 209-855-6938, FAX: 209-762-6540**


Email: skytransportsolution@gmail.com


Give us a chance to provide you best services

**2680 N TRACY BLVD, SUITE 4, TRACY, CA 95376**

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਇੰਡਿਆਨਾਪੋਲਿਸ ਵਿਚ ਹੋਈ ਅੰਧਾਧੁੰਦ ਗੋਲੀਬਾਰੀ ਵਿੱਚ ਮਾਰੇ ਗਏ 4 ਪੰਜਾਬੀਆਂ ਦੀ ਹੋਈ ਪਹਿਚਾਣ







**ਸੈਕਰਾਮੈਂਟੋ 17 ਅਪ੍ਰੈਲ–** ਬੀਤੀ ਰਾਤ ਇੰਡਿਆਨਾਪੋਲਿਸ ਵਿਚ ਸਥਿਤੀ ਫੈਡੇਕਸ ਦੇ ਅਦਾਰੇ ਵਿਚ ਇਕ ਵਿਅਕਤੀ ਵੱਲੋਂ ਕੀਤੀ ਅੰਧਾਧੁੰਦ ਗੋਲੀਬਾਰੀ ਵਿਚ 8 ਵਿਅਕਤੀ ਮਾਰ ਦਿੱਤੇ ਗਏ ਸਨ ਤੇ ਅਨੇਕਾਂ ਹੋਰ ਜ਼ਖਮੀ ਹੋ ਗਏ ਸਨ। ਮਾਰੇ ਗਏ ਵਿਅਕਤੀਆਂ ਵਿਚ ਘੱਟੋ ਘੱਟ 4 ਪੰਜਾਬੀ ਹਨ। ਇਨ੍ਹਾਂ ਵਿਚ ਅਮਰਜੀਤ ਜੌਹਲ (66), ਜਸਵਿੰਦਰ ਕੌਰ (64), ਅਮਰਜੀਤ ਸੇਖੋਂ (48) ਤੇ ਜਸਵਿੰਦਰ ਸਿੰਘ (68) ਸ਼ਾਮਿਲ ਹਨ। ਬਾਕੀ ਮ੍ਰਿਤਕਾਂ ਦੀ ਪਛਾਣ ਕਰਲੀ ਸਮਿੱਥ (19), ਸਮਾਰੀਆ ਬਲੈਕਵੈਲ (19), ਮੈਥੀਊ ਆਰ ਅਲੈਗਜੈਂਡਰ (32) ਤੇ ਜੌਹਨ ਵੀਸਰਟ (74) ਵਜੋਂ ਹੋਈ ਹੈ। ਮਾਰੇ ਗਏ ਸਾਰੇ ਪੰਜਾਬੀ ਸਿੱਖ ਪਰਿਵਾਰਾਂ ਨਾਲ ਸਬੰਧ ਰਖਦੇ ਸਨ। ਪੁਲਿਸ ਨੇ ਹਮਲਾਵਰ ਦੀ ਪਛਾਣ 19 ਸਾਲਾ ਵਿਅਕਤੀ ਵਜੋਂ ਕੀਤੀ ਹੈ ਜੋ ਫੈਡੇਕਸ ਦਾ ਸਾਬਕਾ ਮੁਲਾਜ਼ਮ ਸੀ। ਹਮਲਾਵਰ ਵੀ ਬਾਅਦ ਵਿਚ ਖ਼ੁਦਕੁਸ਼ੀ ਕਰ ਗਿਆ। ਮਾਰੇ ਗਏ ਵਿਅਕਤੀਆਂ ਦੀ ਉਮਰ 19 ਤੋਂ 74 ਸਾਲ ਦਰਮਿਆਨ ਹੈ। ਇੰਡਿਆਨਾਪੋਲਿਸ ਦੇ ਡਿਪਟੀ ਪੁਲਿਸ ਮੁੱਖੀ ਕਰੈਗ ਮੈਕਾਰਟ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸ਼ੱਕੀ ਹਮਲਾਵਰ ਨੇ ਫੈਡੇਕਸ ਅਦਾਰੇ ਦੇ ਅੰਦਰ ਤੇ ਬਾਹਰ ਗੋਲੀਆਂ ਚਲਾਈਆਂ। ਉਸ ਦੀ ਪਛਾਣ ਬਰੈਨਡਨ ਹੋਲ ਵਜੋਂ ਹੋਈ ਹੈ ਜੋ ਇੰਡਿਆਨਾ ਦਾ ਰਹਿਣ ਵਾਲਾ ਸੀ। ਉਨ੍ਹਾਂ ਦੱਸਿਆ ਕਿ ਫੈਡੇਕਸ ਦੇ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਹੋਲ ਨੇ 2020 ਵਿਚ ਫੈਡੇਕਸ ਵਿਚ ਕੰਮ ਕੀਤਾ ਸੀ। ਮੈਕਾਰਟ ਨੇ ਕਿਹਾ ਕਿ ਗੋਲੀਬਾਰੀ ਦੇ ਮਕਸਦ ਬਾਰੇ ਅਜੇ ਕੁਝ ਪਤਾ ਨਹੀਂ ਲੱਗ ਸਕਿਆ। ਮੈਕਾਰਟ ਅਨੁਸਾਰ 4 ਵਿਅਕਤੀਆਂ ਦੀ ਮੌਤ ਫੈਡੈਕਸ ਦੇ ਅੰਦਰ ਤੇ 4 ਜਣਿਆਂ ਦੀ ਮੌਤ ਫੈਡੇਕਸ ਦੇ ਬਾਹਰਵਾਰ ਹੋਈ। ਪੁਲਿਸ ਦਾ ਵਿਸ਼ਵਾਸ ਹੈ ਕਿ ਸ਼ੱਕੀ ਹਮਲਾਵਰ ਦੀ ਮੌਤ ਖ਼ੁਦਕੁਸ਼ੀ ਕਾਰਨ ਹੋਈ। ਮੇਅਰ ਜੋਅ ਹੋਗਸੈਟ ਨੇ ਘਟਨਾ ਉਪਰ ਅਫਸੋਸ ਪ੍ਰਗਟ ਕਰਦਿਆਂ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ ਹੈ। ਉਨ੍ਹਾਂ ਕਿਹਾ ਹੈ ਕਿ ਜੋ ਕੁਝ ਵਾਪਰਿਆ ਹੈ, ਉਸ ਦੀ ਕਿਸੇ ਨੇ ਵੀ ਆਸ ਨਹੀਂ ਕੀਤੀ ਸੀ। ਸਥਾਨਕ ਪੰਜਾਬੀ ਭਾਈਚਾਰਾ ਇਸ ਘਟਨਾ ਤੋਂ ਅਤਿਅੰਤ ਪੀੜਤ ਹੈ ਤੇ ਨਿਤ ਦਿਨ ਹੋ ਰਹਿਆਂ ਘਟਨਾਵਾਂ ਤੋਂ ਚਿੰਤਤ ਹੈ।

# ਸ਼ਿਕਾਗੋ ਵਿਚ ਪੁਲਿਸ ਗੋਲੀ ਨਾਲ 13 ਸਾਲਾਂ ਦੇ ਮੁੰਡੇ ਦੀ ਹੋਈ ਮੌਤ ਨੂੰ ਲੈ ਕੇ ਹਜ਼ਾਰਾਂ ਲੋਕਾਂ ਨੇ ਕੀਤਾ ਪ੍ਰਦਰਸ਼ਨ





**ਸੈਕਰਾਮੈਂਟੋ 17 ਅਪ੍ਰੈਲ–** ਐਡਮ ਟੋਲੇਡੋ ਨਾਮੀ 13 ਸਾਲਾ ਮੁੰਡੇ ਦੀ ਪੁਲਿਸ ਗੋਲੀ ਨਾਲ ਹੋਈ ਮੌਤ ਦੇ ਮਾਮਲੇ ਵਿਚ ਨਿਆਂ ਦੀ ਮੰਗ ਨੂੰ ਲੈ ਕੇ ਸ਼ਿਕਾਗੋ ਵਿਚ ਹਜ਼ਾਰਾਂ ਲੋਕਾਂ ਨੇ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਨੇ 'ਜਸਟਿਸ ਫਾਰ ਐਡਮ ਟੋਲੇਡੋ' ਬੈਨਰ ਫੜਕੇ ਨਾਅਰੇਬਾਜੀ ਕੀਤੀ ਤੇ ਦੋਸ਼ੀ ਪੁਲਿਸ ਅਧਿਕਾਰੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ। ਲੰਘੇ ਵੀਰਵਾਰ ਇਕ ਵਾਚਡੌਗ ਏਜੰਸੀ ਵੱਲੋਂ ਘਟਨਾ ਦੀ ਜਾਰੀ ਕੀਤੀ ਗਈ ਵੀਡੀਓ ਤੋਂ ਬਾਅਦ ਲੋਕਾਂ ਵਿਚ ਗੁੱਸਾ ਤੇ ਰੋਹ ਵਧ ਗਿਆ ਹੈ। ਇਸ ਵੀਡੀਓ ਵਿਚ ਜਦੋਂ ਪੁਲਿਸ ਅਧਿਕਾਰੀ ਵੱਲੋਂ ਗੋਲੀ ਮਾਰੀ ਜਾਂਦੀ ਹੈ ਤਾਂ ਮੁੰਡੇ ਨੇ ਹੱਥ ਖੜੇ ਕੀਤੇ ਹੋਏ ਹਨ ਜਦ ਕਿ ਪੁਲਿਸ ਨੇ ਪਹਿਲਾਂ ਕਿਹਾ ਸੀ ਕਿ ਦੋਨਾਂ ਪਾਸਿਆਂ ਤੋਂ ਹਥਿਆਰਾਂ ਨਾਲ ਮੁਕਾਬਲਾ ਹੋਇਆ ਹੈ ਜਿਸ ਦੌਰਾਨ ਐਡਮ ਮਾਰਿਆ ਗਿਆ। ਪ੍ਰਦਰਸ਼ਨਕਾਰੀਆਂ ਨੇ ਘਟਨਾ ਦੀ ਪਾਰਦਰਸ਼ੀ ਢੰਗ ਨਾਲ ਜਾਂਚ ਕਰਨ ਦੀ ਮੰਗ ਕੀਤੀ

# ਸਾਬਕਾ ਉਪ ਰਾਸ਼ਟਰਪਤੀ ਪਿੰਸ ਦੇ ਦਿਲ ਦੀ ਸਫਲ ਸਰਜਰੀ

**ਸੈਕਰਾਮੈਂਟੋ 16 ਮਾਰਚ–** ਸਾਬਕਾ ਰਾਸ਼ਟਰਪਤੀ ਮਾਈਕ ਪਿੰਸ ਦੇ ਦਿਲ ਦੀ ਗਤੀ ਮੱਧਮ ਹੋ ਜਾਣ ਉਪਰੰਤ ਉਨ੍ਹਾਂ ਦੇ ਦਿਲ ਦੀ ਸਰਜਰੀ ਕਰਨੀ ਪਈ ਹੈ ਜਿਸ ਤੋਂ ਬਾਅਦ ਉਹ ਠੀਕ ਹੋ ਰਹੇ ਹਨ। ਇਹ ਜਾਣਕਾਰੀ ਸਾਬਕਾ ਉਪ ਰਾਸ਼ਟਰਪਤੀ ਦੇ ਦਫ਼ਤਰ ਨੇ ਦਿੱਤੀ ਹੈ। ਦਫ਼ਤਰ ਤੋਂ ਮਿਲੀ ਜਾਣਕਾਰੀ ਅਨੁਸਾਰ ਪਿਛਲੇ ਦੋ ਹਫਤਿਆਂ ਦੌਰਾਨ ਪੈਨਸ ਨੂੰ ਅਜਿਹੇ ਲੱਛਣਾਂ ਦਾ ਅਹਿਸਾਸ ਹੋਇਆ ਜਿਨ੍ਹਾਂ ਤੋਂ ਪਤਾ ਲੱਗਦਾ ਸੀ ਕਿ ਉਨ੍ਹਾਂ ਦੇ ਦਿਲ ਦੀ ਧੜਕਣ ਮੱਧਮ ਹੋ ਗਈ ਹੈ ਜੋ ਖਤਰਨਾਕ ਸਾਬਤ ਹੋ ਸਕਦੀ ਹੈ। ਡਾਕਟਰਾਂ ਨਾਲ ਸਲਾਹ ਮਸ਼ਵਰਾ ਕਰਨ ਉਪਰੰਤ ਇਨੋਵਾ ਫੇਅਰਫੈਕਸ ਮੈਡੀਕਲ ਕੈਂਪਸ ਵਿਖੇ ਉਨ੍ਹਾਂ ਦੇ ਦਿਲ ਦਾ ਅਪਰੇਸ਼ਨ ਕਰਕੇ ਪੇਸ ਮੇਕਰ ਲਾ ਦਿੱਤਾ ਗਿਆ। ਉਨ੍ਹਾਂ ਦੀ ਸਰਜਰੀ ਪੂਰੀ ਤਰਾਂ ਸਫਲ ਰਹੀ ਹੈ ਤੇ ਉਹ ਅਗਲੇ ਕੁਝ ਦਿਨਾਂ ਦੌਰਾਨ ਆਮ ਵਾਂਗ ਕੰਮ ਕਰ ਸਕਣਗੇ। ਪਿੰਸ ਨੇ ਜਾਰੀ ਇਕ ਬਿਆਨ ਵਿਚ ਡਾਕਟਰਾਂ, ਨਰਸਾਂ ਤੇ ਹੋਰ ਸਟਾਫ ਦਾ ਧੰਨਵਾਦ ਕੀਤਾ ਹੈ।

# ਅਮਰੀਕਾ ਦੀ ਅੱਧੀ ਬਾਲਗ ਵੱਸੋਂ ਨੂੰ ਲੱਗਾ ਕੋਵਿਡ ਤੋਂ ਬਚਾਅ ਲਈ ਟੀਕਾ

**ਸੈਕਰਾਮੈਂਟੋ 18 ਅਪ੍ਰੈਲ–** ਅਮਰੀਕਾ ਦੀ ਕੁੱਲ ਬਾਲਗ ਵੱਸੋਂ ਵਿਚੋਂ ਤਕਰੀਬਨ ਅੱਧੀ ਆਬਾਦੀ ਨੂੰ ਕੋਵਿਡ ਵੈਕਸੀਨ ਦਾ ਇਕ ਟੀਕਾ ਲੱਗ ਚੁੱਕਾ ਹੈ। ਯੂ ਐਸ ਸੈਂਟਰਜ ਫਾਰ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਤੋਂ ਪ੍ਰਾਪਤ ਅੰਕੜਿਆਂ ਵਿੱਚ ਇਹ ਖੁਲਾਸਾ ਹੋਇਆ ਹੈ। ਅੰਕੜਿਆਂ ਅਨੁਸਾਰ 30% ਬਾਲਗਾਂ ਨੂੰ ਦੋਨੋਂ ਟੀਕੇ ਲੱਗ ਚੁੱਕੇ ਹਨ।

ਸਿਹਤ ਮਾਹਿਰਾਂ ਦਾ ਮੰਨਣਾ ਹੈ ਕਿ ਬੇਲ-ਗਾਮ ਹੁੰਦੇ ਜਾ ਰਹੇ ਕੋਵਿਡ-19 ਨੂੰ ਕਾਬੂ ਕਰਨ ਲਈ ਟੀਕਾਕਰਣ ਵਿਚ ਤੇਜੀ ਲਿਆਉਣ ਦੀ ਲੋੜ ਹੈ। ਅਮਰੀਕਾ ਦੇ ਚੋਟੀ ਦੇ ਲਾਗ ਦੀਆਂ ਬਿਮਾਰੀਆਂ ਬਾਰੇ ਮਾਹਿਰ ਡਾਕਟਰ ਐਨਟਨੀ ਫੌਕੀ ਅਨੁਸਾਰ 85% ਬਾਲਗ ਵੱਸੋਂ ਨੂੰ ਜਿੰਨੀ ਛੇਤੀ ਹੋ ਸਕੇ ਕੋਵਿਡ ਵੈਕਸੀਨ ਦਿੱਤੀ ਜਾਣੀ ਚਾਹੀਦੀ ਹੈ। ਵਧ ਰਹੇ ਮਾਮਲਿਆਂ ਦੇ ਮੱਦੇਨਜਰ ਤੇ ਕੋਵਿਡ ਦੇ ਸਾਹਮਣੇ ਆ ਰਹੇ ਨਵੇਂ ਰੂਪ ਨੂੰ ਵੇਖਦਿਆਂ ਹੋਇਆਂ ਟੀਕਾਕਰਣ ਛੇਤੀ ਹੋਣਾ ਚਾਹੀਦੀ ਹੈ।

ਇਸੇ ਦੌਰਾਨ ਵਾਈਟ ਹਾਊਸ ਦੇ ਸਲਾਹਕਾਰ ਬੋਰਡ ਨੇ ਟੀਕਾਕਰਣ ਵਿੱਚ ਤੇਜੀ ਲਿਆਉਣ ਉਪਰ ਜੋਰ ਦਿੱਤਾ ਹੈ। ਇਸੇ ਦੌਰਾਨ ਕਈ ਰਾਜਾਂ ਨੇ ਹਵਾਈ ਅੱਡਿਆਂ ਸਮੇਤ ਹੋਰ ਥਾਵਾਂ 'ਤੇ ਵੀ ਟੀਕਾਕਰਣ ਕੇਂਦਰ ਸਥਾਪਿਤ ਕਰਨ ਦਾ ਐਲਾਨ ਕੀਤਾ ਹੈ। ਅਲਾਸਕਾ ਦੇ ਗਵਰਨਰ ਮਾਈਕ ਡੂਨਲੇਵੀ ਨੇ ਐਲਾਨ ਕੀਤਾ ਹੈ ਕਿ ਰਾਜ ਦੇ ਪ੍ਰਮੁੱਖ ਹਵਾਈ ਅੱਡਿਆਂ ਉਪਰ ਕੋਵਿਡ ਟੀਕਾਕਰਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਤਾਂ ਜੋ ਕੋਵਿਡ ਮਹਾਂਮਾਰੀ ਨਾਲ ਜੂਝ ਰਹੀ ਸੈਰ ਸਪਾਟਾ ਸਨਅੱਤ ਨੂੰ ਉਭਾਰਿਆ ਜਾ ਸਕੇ।

# ਜਾਰਜ ਫਲਾਇਡ ਹੱਤਿਆ ਮਾਮਲੇ ਵਿਚ ਅੰਤਿਮ ਬਹਿਸ ਸੋਮਵਾਰ ਨੂੰ

**ਸੈਕਰਾਮੈਂਟੋ 16 ਮਾਰਚ–** ਵਿਸ਼ਵ ਵਿਆਪੀ ਚਰਚਾ ਦਾ ਵਿਸ਼ਾ ਬਣੇ ਬਹੁਤ ਹੀ ਅਹਿਮ ਜਾਰਜ ਫਲਾਇਡ ਹੱਤਿਆ ਮਾਮਲੇ ਵਿਚ ਅੰਤਿਮ ਬਹਿਸ ਸੋਮਵਾਰ ਨੂੰ ਹੋਵੇਗੀ। ਇਸ ਤੋਂ ਪਹਿਲਾਂ ਇਸ ਮਾਮਲੇ ਵਿਚ ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਮਿਨੀਪੋਲਿਸ ਦੇ ਸਾਬਕਾ ਪੁ-ਲਿਸ ਅਫਸਰ ਡੈਰਕ ਸ਼ੌਵਿਨ ਨੇ ਅਦਾਲਤ ਵਿਚ ਆਪਣੇ ਬਚਾਅ ਲਈ ਕੋਈ ਬਿਆਨ ਦੇਣ ਤੋਂ ਇਨਕਾਰ ਕਰ ਦਿੱਤਾ। ਸੁਣਵਾਈ ਦੌਰਾਨ ਬਚਾਅ ਪੱਖ ਨੇ ਜਾਰਜ ਫਲਾਈਡ ਦੀ ਮੌਤ ਦਾ ਕਾਰਨ ਉਸ ਦੇ ਦਿਲ ਦੀ ਬਿਮਾਰੀ ਤੇ ਡਰੱਗ ਦੀ ਵਰਤੋਂ ਦੱਸਿਆ। ਦੂਸਰੇ ਪਾਸੇ ਇਸਤਗਾਸਾ ਧਿਰ ਨੇ ਕਿਹਾ ਕਿ ਫਲਾਈਡ ਦੀ ਮੌਤ ਉਸ ਦਾ ਸਾਹ ਬੰਦ ਹੋਣ ਕਾਰਨ ਹੋਈ। ਡੈਰਕ ਸ਼ੌਵਿਨ ਨੇ ਫਲਾਈਡ ਦੀ ਧੌਣ ਨੂੰ 9 ਮਿੰਟ ਤੋਂ ਵਧ ਸਮਾਂ ਦਬਾਇਆ ਜਿਸ ਦੌਰਾਨ ਸਾਹ ਰੁਕਣ ਕਾਰਨ ਦਿਲ 'ਤੇ ਦਬਾਅ ਵਧ ਗਿਆ ਤੇ ਉਸ ਦੀ ਮੌਤ ਹੋ ਗਈ। ਇਸ ਮਾਮਲੇ ਦੀ ਪਿਛਲੇ 11 ਦਿਨ ਹੋਈ ਸੁਣਵਾਈ ਦੌਰਾਨ 38 ਗਵਾਹੀਆਂ ਭੁਗਤੀਆਂ ਜਿਨ੍ਹਾਂ ਵਿਚ ਘਟਨਾ ਸਮੇਂ ਨੇੜਿਉਂ ਲੰਘ ਰਹੇ ਲੋਕ ਵੀ ਸ਼ਾਮਿਲ ਸਨ। ਸ਼ੁਰੂ ਵਿਚ ਅਦਾਲਤ ਵਿਚ ਮੌਕੇ ਉਪਰ ਇਕ ਛੋਟੀ ਉਮਰ ਦੇ ਰਾਹਗੀਰ ਵੱਲੋਂ ਬਣਾਈ ਵੀਡੀਓ ਤੇ ਆਸ ਪਾਸ ਦੇ ਸੀ ਸੀ ਟੀ ਵੀ ਕੈਮਰਿਆਂ ਦੀ ਵੀਡੀਓਜ ਵੀ ਵੇਖੀਆਂ ਗਈਆਂ। ਇਸ ਮਾਮਲੇ ਵਿਚ ਬਹੁਤ ਛੇਤੀ ਫੈਸਲਾ ਆ ਜਾਣ ਦੀ ਉਮੀਦ ਪ੍ਰਗਟਾਈ ਜਾ ਰਹੀ ਹੈ।



# ਜਾਰਜ ਫਲਾਇਡ ਮਾਮਲੇ ਦਾ ਫੈਸਲਾ ਆਉਣ ਦੇ ਮੱਦੇਨਜਰ ਅਮਰੀਕਾ ਦੇ ਸ਼ਹਿਰਾਂ ਵਿਚ ਵਧਾਈ ਸੁਰੱਖਿਆ

**ਸੈਕਰਾਮੈਂਟੋ 18 ਅਪ੍ਰੈਲ–** ਸੋਮਵਾਰ ਤੋਂ ਸ਼ੁਰੂ ਹੋ ਰਹੇ ਹਫਤੇ ਦੌਰਾਨ ਚਰਚਿਤ ਜਾਰਜ ਫਲਾਇਡ ਹੱਤਿਆ ਮਾਮਲੇ ਦਾ ਫੈਸਲਾ ਆਉਣ ਦੀ ਸੰਭਾਵਨਾ ਦੇ ਮੱਦੇਨਜਰ ਮਿਨੀਪੋਲਿਸ ਤੇ ਹੋਰ ਅਮਰੀਕੀ ਸ਼ਹਿਰਾਂ ਵਿਚ ਸੁਰੱਖਿਆ ਵਧਾ ਦਿੱਤੀ ਗਈ ਹੈ। ਮਾਮਲੇ ਦੇ ਮੁੱਖ ਦੋਸ਼ੀ ਡੈਰਕ ਸ਼ੌਵਿਨ ਵਿਰੁੱਧ ਤੇ ਹੱਕ ਵਿਚ ਗਵਾਹੀਆਂ ਭੁਗਤ ਚੁੱਕੀਆਂ ਹਨ। ਸੋਮਵਾਰ ਨੂੰ ਅੰਤਿਮ ਬਹਿਸ ਹੋਵੇਗੀ। ਇਸ ਉਪਰੰਤ ਅਦਾਲਤ ਆਪਣਾ ਫੈਸਲਾ ਸੁਣਾ ਸਕਦੀ ਹੈ। ਮਿਨੀਪੋਲਿਸ ਵਿਚ ਪਿਛਲੇ ਹਫਤੇ ਇਕ 20 ਸਾਲ ਦੇ ਸਾਹਫਿਆਮ ਵਿਅਕਤੀ ਡੌਂਟ ਰਾਈਟ ਦੀ ਪੁਲਿਸ ਗੋਲੀ ਨਾਲ ਹੋਈ ਮੌਤ ਤੋਂ ਬਾਅਦ ਹੋ ਰਹੇ ਪ੍ਰਦਰਸ਼ਨਾਂ ਨੇ ਪੁਲਿਸ ਦੀ ਚਿੰਤਾ ਵਿਚ ਵਾਧਾ ਕੀਤਾ ਹੈ। ਮਿਨੀਪੋਲਿਸ ਦੇ ਬਰੁੱਕਲਿਨ ਸੈਂਟਰ ਪੁਲਿਸ ਹੈਡਕੁਆਰਟਰ ਵਿਖੇ ਸੁਰੱਖਿਆ ਵਧਾਈ ਗਈ ਹੈ। ਪੁਲਿਸ ਦੇ ਬੁਲਾਰੇ ਜੌਹਨ ਐਲਡਰ ਅਨੁਸਾਰ ਡਾਊਨ ਟਾਊਨ ਮਿਨੀਪੋਲਿਸ ਜਿਥੇ ਜਾਰਜ ਫਲਾਇਡ ਮਾਮਲੇ ਦੀ ਸੁਣਵਾਈ ਹੋ ਰਹੀ ਹੈ, ਵਿਖੇ ਪੁਲਿਸ ਬਿਲਡਿੰਗ ਦੇ ਆਲੇ ਦੁਆਲੇ ਰੇਜ਼ਰ ਤਾਰ ਲਾ ਦਿੱਤੀ ਗਈ ਹੈ ਤੇ ਹੋਰ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਹੋਰ ਪੁਲਿਸ ਕੇਂਦਰ ਦੁਆਲੇ ਵੀ ਇਸ ਕਿਸਮ ਦੇ ਪ੍ਰਬੰਧ ਕੀਤੇ ਗਏ ਹਨ। ਡਾਊਨ ਟਾਊਨ ਖੇਤਰ ਵਿਚ ਨੈਸ਼ਨਲ ਗਾਰਡ ਤਾਇਨਾਤ ਕਰ ਦਿੱਤੇ ਗਏ ਹਨ।

ਮੇਅਰ ਜੈਕਬ ਫਰੇਅ ਨੇ ਕਿਹਾ ਹੈ ਕਿ 2000 ਨੈਸ਼ਨਲ ਗਾਰਡ ਹਰ ਸਥਿੱਤੀ ਦਾ ਸਾਹਮਣਾ ਕਰਨ ਲਈ ਤਿਆਰ ਬਰ ਤਿਆਰ ਹਨ। ਉਨਾਂ ਤੋਂ ਇਲਾਵਾ ਲਾਅ ਇਨਫੋਰਸਮੈਂਟ ਦੇ ਅਧਿਕਾਰੀ ਸਥਿੱਤੀ ਉਪਰ ਨਜਰ ਰੱਖਣਗੇ।

# ਅਦਾਲਤ ਵੱਲੋਂ ਜਾਰਜ ਫਲਾਇਡ ਦੀ ਹੱਤਿਆ ਦੇ ਮਾਮਲੇ ਵਿਚ ਸਾਬਕਾ ਪੁਲਿਸ ਅਧਿਕਾਰੀ ਸ਼ੌਵਿਨ ਦੋਸ਼ੀ ਕਰਾਰ

**ਸੈਕਰਾਮੈਂਟੋ 21 ਅਪ੍ਰੈਲ (ਹੁਸਨ ਲੜੋਆ ਬੰਗਾ)** ਅਦਾਲਤ ਨੇ ਮਿਨੀਪੋਲਿਸ ਦੇ ਸਾਬਕਾ ਪੁਲਿਸ ਅਧਿਕਾਰੀ ਡੈਰਕ ਸ਼ੌਵਿਨ ਨੂੰ ਸਾਹਫਿਆਮ ਜਾਰਜ ਫਲਾਇਡ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਠਹਿਰਾਇਆ ਹੈ। ਇਕ ਬਹੁਤ ਹੀ ਅਹਿਮ ਫੈਸਲੇ ਵਿਚ ਅਦਾਲਤ ਨੇ 45 ਸਾਲਾ ਡੈਰਕ ਸ਼ੌਵਿਨ ਨੂੰ ਤਿੰਨਾਂ ਦੋਸ਼ਾਂ 'ਸੈਕੰਡ ਡਿਗਰੀ ਅਨਇੰਟੈਨਸ਼ਲ ਮਰਡਰ, ਥਰਡ ਡਿਗਰੀ ਮਰਡਰ ਤੇ ਸੈਕੰਡ ਡਿਗਰੀ ਮੈਨਸਲਾਟਰ' ਵਿਚ ਦੋਸ਼ੀ ਕਰਾਰ ਦਿੱਤਾ। ਇਨਾਂ ਤਿੰਨ ਦੋਸ਼ਾਂ ਤਹਿਤ ਉਸ ਨੂੰ ਕ੍ਰਮਵਾਰ 40 ਸਾਲ, 25 ਸਾਲ ਤੇ 10 ਸਾਲ ਸਜ਼ਾ ਹੋ ਸਕਦੀ ਹੈ। ਮਿਨੀਸੋਟਾ ਦੇ ਸਜ਼ਾ ਸਬੰਧੀ ਦਿਸ਼ਾ ਨਿਰਦੇਸ਼ਾਂ ਤਹਿਤ ਹਰੇਕ ਹੱਤਿਆ ਦੇ ਦੋਸ਼ ਲਈ 12.5 ਸਾਲ ਤੇ 'ਮੈਨਸਲਾਟਰ' ਦੋਸ਼ ਤਹਿਤ 4 ਸਾਲ ਦੀ ਸਜ਼ਾ ਦੀ ਵਿਵਸਥਾ ਹੈ ਪਰੰਤੂ ਸ਼ੌਵਿਨ ਦੇ ਮਾਮਲੇ ਵਿਚ ਰਾਜ ਨੇ ਤਜਵੀਜਸ਼ੁਦਾ ਸਜ਼ਾ ਤੋਂ ਵਧ ਤੇ ਸਖਤ ਸਜ਼ਾ ਦੇਣ ਦੀ ਸਿਫਾਰਿਸ਼ ਕੀਤੀ ਹੈ। 45 ਸਾਲਾ ਸ਼ੌਵਿਨ ਜਿਸ ਨੇ ਮਾਸਕ ਪਾਇਆ ਹੋਇਆ ਸੀ, ਮਿਨੀਪੋਲਿਸ ਦੀ ਅਦਾਲਤ ਵਿਚ ਚੁੱਪ ਚਾਪ ਖੜਾ ਰਿਹਾ ਤੇ ਉਸ ਨੇ ਅਦਾਲਤ ਦੇ ਫੈਸਲੇ ਉਪਰ ਪ੍ਰਤਖ ਤੌਰ 'ਤੇ ਕੋਈ ਪ੍ਰਤੀਕਰਮ ਪ੍ਰਗਟ ਨਹੀਂ ਕੀਤਾ। ਫੈਸਲੇ ਉਪਰੰਤ ਉਸ ਦੀ ਜਮਾਨਤ ਰੱਦ ਕਰ ਦਿੱਤੀ ਗਈ ਤੇ ਪੁਲਿਸ ਅਧਿਕਾਰੀ ਉਸ ਨੂੰ ਹੱਥਕੜੀ ਲਾ ਕੇ ਅਦਾਲਤ ਦੇ ਪਿਛਲੇ ਦਰਵਾਜੇ ਰਾਹੀਂ ਜੇਲ ਲੈ ਗਏ। ਉਸ ਨੂੰ ਡਾਊਨ ਟਾਊਨ ਮਿਨੀਪੋਲਿਸ ਤੋਂ 25 ਮੀਲ ਦੂਰ ਸਟਿਲਵਾਟਰ, ਮਿਨੀਸੋਟਾ ਵਿਖੇ ਰਖਿਆ ਗਿਆ ਹੈ। ਅਦਾਲਤ ਦਾ ਫੈਸਲਾ ਤਕਰੀਬਨ 11 ਮਹੀਨੇ ਬਾਅਦ ਆਇਆ ਹੈ। 25 ਮਈ 2020 ਨੂੰ ਡੈਰਕ ਸ਼ੌਵਿਨ ਦੇ ਗੋਡੇ ਹੇਠ 46 ਸਾਲਾ ਜਾਰਜ ਫਲਾਇਡ ਦਮ ਤੋੜ ਗਿਆ ਸੀ। ਸ਼ੌਵਿਨ ਨੇ ਫਲਾਇਡ ਜਿਸ ਦੇ ਪਿਛੇ ਹੱਥ ਬੰਨੇ ਹੋਏ ਸਨ ਤੇ ਜਮੀਨ ਉਪਰ ਪੁੱਠਾ ਲਿਟਾਇਆ ਹੋਇਆ ਸੀ, ਦੀ ਧੌਣ ਨੂੰ ਆਪਣੇ ਗੋਡੇ ਨਾਲ 9 ਮਿੰਟ 29 ਸੈਕਿੰਡ ਦਬਾਈ ਰਖਿਆ। ਜਿਸ ਦੌਰਾਨ ਫਲਾਇਡ ਸਾਹ ਨਾ ਆਉਣ ਦੀ ਗੱਲ ਕਹਿੰਦਾ ਰਿਹਾ। ਆਖਰ ਉਹ ਸਾਹ ਨਾ ਆਉਣ ਕਾਰਨ ਦਮ ਤੋੜ ਗਿਆ। ਮੁਕੱਦਮੇ ਦੀ ਸੁਣਵਾਈ ਦੌਰਾਨ ਹਾਲਾਂ ਕਿ ਕੁਝ ਮੈਡੀਕਲ ਮਾਹਿਰਾਂ ਨੇ ਦਿੱਲ ਦੀ ਧੜਕਣ ਰੁਕ ਜਾਣ ਨੂੰ ਫਲਾਇਡ ਦੀ ਮੌਤ ਦਾ ਕਾਰਨ ਦੱਸਿਆ ਪਰੰਤੂ ਇਸਤਿਗਾਸਾ ਪੱਖ ਦੀ ਇਸ ਦਲੀਲ ਨੂੰ ਅਦਾਲਤ ਨੇ ਮੰਨ ਲਿਆ ਕਿ ਫਲਾਇਡ ਦੀ ਮੌਤ ਦਾ ਕਾਰਨ ਸਾਹ ਦਾ ਰੁਕਣਾ ਸੀ। ਵਕੀਲਾਂ ਨੇ ਜੱਜਾਂ ਨੂੰ ਵਾਰ ਵਾਰ ਕਿਹਾ ਆਪਣੀਆਂ ਅੱਖਾਂ ਉਪਰ ਵਿਸ਼ਵਾਸ਼ ਕਰੋ ਤੇ ਵੀਡੀਓ ਉਪਰ ਭਰੋਸਾ ਕਰੋ। ਸਟੀਵ ਸ਼ਲੀਚਰ ਨੇ ਆਪਣੀ ਅੰਤਿਮ ਦਲੀਲ ਵਿਚ ਕਿਹਾ ਜਦੋਂ ਤੁਸੀਂ ਵੀਡੀਓ ਵੇਖੀ ਸੀ ਤਾਂ ਜੋ ਤੁਹਾਡੇ ਦਿਮਾਗ ਵਿਚ ਆਇਆ ਸੀ, ਮਾਮਲਾ ਅੱਜ ਵੀ ਉਥੇ ਹੀ ਖੜਾ ਹੈ। ਇਹ ਕਿਸੇ ਪੁਲਿਸ ਅਧਿਕਾਰੀ ਦਾ ਕੰਮ ਨਹੀਂ ਹੈ ਇਹ ਕਾਤਲ ਦਾ ਕੰਮ ਹੈ।



ਫੈਸਲੇ ਸਮੇ ਅਦਾਲਤ ਵਿਚ ਫਲਾਇਡ ਦਾ ਛੋਟਾ ਭਰਾ ਫਿਲੋਨਾਈਜ ਫਲਾਇਡ ਮੌਜੂਦ ਸੀ। ਜਦੋਂ ਜੱਜ ਨੇ ਫੈਸਲਾ ਪੜਿਆ ਤਾਂ ਉਸ ਨੇ ਹੱਥ ਉਪਰ ਕਰਕੇ ਪ੍ਰਭੂ ਦਾ ਸ਼ੁੱਕਰਾਨਾ ਕੀਤਾ। ਫੈਸਲੇ ਉਪਰੰਤ ਉਸ ਨੇ ਖੁਸ਼ੀ ਵਿਚ ਸਾਰੇ ਵਕੀਲਾਂ ਨੂੰ ਜਫੀ ਪਾਈ ਤੇ ਉਨਾਂ ਦਾ ਧੰਨਵਾਦ ਕੀਤਾ। ਉਸ ਨੇ ਕਿਹਾ ਫੈਸਲੇ ਤੋਂ ਪਹਿਲਾਂ ਮੈ ਕੇਵਲ ਪ੍ਰਾਰਥਨਾ ਕਰ ਰਿਹਾ ਸੀ ਕਿ ਦੋਸ਼ੀ ਨੂੰ ਸਜ਼ਾ ਮਿਲੇ ਕਿਉਂਕਿ ਇਕ ਅਫਰੀਕਨ ਅਮਰੀਕਨ ਦੇ ਤੌਰ 'ਤੇ ਸਾਨੂੰ ਕਦੀ ਨਿਆਂ ਨਹੀਂ ਮਿਲਿਆ। ਅਦਾਲਤ ਦੇ ਫੈਸਲੇ 'ਤੇ ਲੋਕਾਂ ਨੇ ਖੁਸ਼ੀ ਮਨਾਈ ਤੇ ਇਕ ਦੂਸਰੇ ਨੂੰ ਵਧਾਈਆਂ ਦਿੱਤੀਆਂ। ਕੱਪ ਫੂਡਜ਼ ਸਟੋਰ ਜਿਥੇ ਫਲਾਈਡ ਨੇ ਆਖਰੀ ਸਾਹ ਲਿਆ ਸੀ, ਦੇ ਬਾਹਰਵਾਰ ਲੋਕਾਂ ਦੀ ਭਾਰੀ ਭੀੜ ਜਮਾਂ ਹੋ ਗਈ।

**ਰਾਸ਼ਟਰਪਤੀ ਵੱਲੋਂ ਤੱਸਲੀ ਦਾ ਪ੍ਰਗਟਾਵਾ–** ਰਾਸ਼ਟਰਪਤੀ ਜੋਅ ਬਾਇਡਨ ਨੇ ਫੈਸਲੇ ਉਪਰ ਤਸੱਲੀ ਪ੍ਰਗਟ ਕੀਤੀ ਹੈ। ਉਨਾਂ ਕਿਹਾ ਕਿ ਹਾਲਾਂ ਕਿ ਇਹ ਫੈਸਲਾ ਜਾਰਜ ਫਲਾਇਡ ਨੂੰ ਵਾਪਿਸ ਨਹੀਂ ਲਿਆ ਸਕਦਾ ਪਰੰਤੂ ਉਸ ਦੇ ਪਰਿਵਾਰ ਦੇ ਦੁੱਖ ਨੂੰ ਘਟਾਉਣ ਵਿੱਚ ਮੱਦਦਗਾਰ ਸਾਬਤ ਹੋਵੇਗਾ। ਜਾਰਜ ਫਲਾਇਡ ਦੇ ਦੂਸਰੇ ਭਰਾ ਰੋਡਨੀ ਫਲਾਇਡ ਨੇ ਕਿਹਾ ਇਹ ਸਾਡੇ ਸਾਰਿਆਂ ਦੀ ਜਿੱਤ ਹੈ। ਇਹ ਫੈਸਲਾ ਰੰਗਭੇਦ ਦੀਆਂ ਹੱਦਾਂ ਤੋਂ ਪਰੇ ਹੈ। ਸਾਡੀ ਇਕਜੁੱਟਤਾ ਕੰਮ ਆਈ ਹੈ।

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਫਲੋਰੀਡਾ ਦੇ ਗਵਰਨਰ ਨੇ ਹਿੰਸਾ ਤੇ ਦੰਗਿਆਂ ਨੂੰ ਨੱਥ ਪਾਉਣ ਲਈ ਬਿੱਲ ਉਪਰ ਕੀਤੇ ਦਸਤਖ਼ਤ

## ਵਿਰੋਧੀਆਂ ਨੇ ਕਿਹਾ ਕਾਨੂੰਨ ਰਾਹੀਂ ਸਾਹਫਿਆਮ ਲੋਕਾਂ ਨੂੰ ਨਿਸ਼ਾਨਾ ਬਣਾਇਆ

**ਸੈਕਰਾਮੈਂਟੋ 20 ਅਪ੍ਰੈਲ–** ਫਲੋਰੀਡਾ ਦੇ ਗਵਰਨਰ ਰੋਨ ਡੀਸੈਂਟਿਸ ਨੇ ਉਸ ਬਿੱਲ ਉਪਰ ਦਸਤਖ਼ਤ ਕਰ ਦਿੱਤੇ ਹਨ ਜਿਸ ਤਹਿਤ ਦੰਗਾਕਾਰੀਆਂ ਲਈ ਸਖ਼ਤ ਸਜਾਵਾਂ ਦੀ ਵਿਵਸਥਾ ਕੀਤੀ ਗਈ ਹੈ। ਗਵਰਨਰ ਨੇ ਕਿਹਾ ਹੈ ਕਿ 'ਕੰਬੇਟਿੰਗ ਪਬਲਿਕ ਡਿਸਆਰਡਰ' ਕਾਨੂੰਨ ਤਹਿਤ ਹਿੰਸਾ, ਦੰਗੇ ਕਰਨ ਤੇ ਜਾਇਦਾਦਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਲੋਕਾਂ ਦੀਆਂ ਸਜਾਵਾਂ ਵਧਾ ਦਿੱਤੀਆਂ ਗਈਆਂ ਹਨ ਤੇ ਉਨ੍ਹਾਂ ਸਥਾਨਕ ਅਧਿਕਾਰੀਆਂ ਤੇ ਮਿਊਂਸਪਲ ਕਮੇਟੀਆਂ ਨੂੰ ਵੀ ਸਜਾਵਾਂ ਹੋਣਗੀਆਂ ਜੋ ਲੋਕਾਂ ਦੇ ਜਾਨ ਮਾਲ ਦੀ ਰਾਖੀ ਨਹੀਂ ਕਰ ਸਕਣਗੀਆਂ। ਸਥਾਨਕ ਅਧਿਕਾਰੀਆਂ ਤੇ ਮਿਊਂਸਪਲ ਕਮੇਟੀਆਂ ਜੋ ਲਾਅ ਇਨ-ਫੋਰਸਮੈਂਟ ਦੇ ਫੰਡਾਂ ਨੂੰ ਘਟਾਉਣ ਜਾਂ ਖਤਮ ਕਰਨ ਦੀ ਕੋਸ਼ਿਸ਼ ਕਰਨਗੀਆਂ ਵਿਰੁੱਧ ਰਾਜ ਕਾਰਵਾਈ ਕਰ ਸਕਣਗੇ। ਕਾਰੋਬਾਰੀ ਆਪਣੀਆਂ ਜਾਇਦਾਦਾਂ ਦੇ ਨੁਕਸਾਨ ਦੀ ਭਰਪਾਈ ਲਈ ਉਨ੍ਹਾਂ ਮਿਊਂਸਪੈਲਟੀਆਂ ਵਿਰੁੱਧ ਕੇਸ ਕਰ ਸਕਣਗੇ ਜੋ ਉਨ੍ਹਾਂ ਦੀ ਜਾਇਦਾਦ ਦੀ ਹਿਫ਼ਾਜ਼ਤ ਕਰਨ ਵਿਚ ਨਾਕਾਮ ਰਹਿੰਦੀਆਂ ਹਨ। ਜੋ ਵਿਅਕਤੀ ਕਿਸੇ ਹੋਰ ਉਪਰ ਹਮਲਾ ਕਰਦਾ ਹੈ ਵਿਸ਼ੇਸ਼ ਕਰਕੇ ਲਾਅ ਇਨਫੋਰਸਮੈਂਟ ਅਧਿਕਾਰੀਆਂ 'ਤੇ ਜਾਂ ਜਾਇਦਾਦ ਨੂੰ ਨੁਕਸਾਨ ਪਹੁੰਚਾਉਂਦਾ ਹੈ, ਵਿਰੁੱਧ ਕਾਨੂੰਨੀ ਦੋਸ਼ਾਂ ਵਿਚ ਵਾਧਾ ਕਰ ਦਿੱਤਾ ਗਿਆ ਹੈ।

ਹੁਣ ਉਸ ਨੂੰ ਸਖ਼ਤ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਗ੍ਰਿਫਤਾਰ ਵਿਅਕਤੀ ਨੂੰ ਅਦਾਲਤ ਵਿਚ ਪਹਿਲੀ ਪੇਸ਼ੀ ਤੱਕ ਹਿਰਾਸਤ ਵਿਚ ਰਖਿਆ ਜਾ ਸਕੇਗਾ। ਰਾਜਪਾਲ ਨੇ ਕਿਹਾ ਹੈ ਕਿ ਰਾਸ਼ਟਰੀ ਝੰਡੇ ਸਮੇਤ ਇਤਿਹਾਸਕ ਇਮਾਰਤਾਂ ਜਾਂ ਜਾਇਦਾਦਾਂ ਨੂੰ ਨੁਕਸਾਨ ਪਹੁੰਚਾਉਣ ਜਾਂ ਅਪਮਾਨ ਕਰਨ ਵਾਲਿਆਂ ਦੀਆਂ ਗਤੀਵਿਧੀਆਂ ਨੂੰ ਰੋਕਣ ਵਿੱਚ ਇਹ ਬਿੱਲ ਕਾਰਗਰ ਸਾਬਤ ਹੋਵੇਗਾ। ਬਿੱਲ ਉਪਰ ਦਸਤਖ਼ਤ ਕਰਨ ਤੋਂ ਪਹਿਲਾਂ ਗਵਰਨਰ ਨੇ ਕਿਹਾ ਕਿ ਜੇ ਤੁਸੀਂ ਦੰਗਾ ਕਰਦੇ ਹੋ, ਲੁੱਟਮਾਰ ਕਰਦੇ ਹੋ, ਦੂਸਰਿਆਂ ਨੂੰ ਨੁਕਸਾਨ ਪਹੁੰਚਾਉਂਦੇ ਹੋ, ਵਿਸ਼ੇਸ਼ ਕਰਕੇ ਲਾਅ ਇਨਫੋਰਸਮੈਂਟ ਅਧਿਕਾਰੀਆਂ ਉਪਰ ਹਮਲਾ ਕਰਦੇ ਹੋ ਤਾਂ ਤੁਹਾਨੂੰ ਜੇਲ੍ਹ ਜਾਣਾ ਹੀ ਪਵੇਗਾ। ਉਨ੍ਹਾਂ ਕਿਹਾ ਕਿ ਇਹ ਦੰਗਿਆਂ ਵਿਰੋਧੀ ਤੇ ਲਾਅ ਇਨਫੋਰਸਮੈਂਟ ਏਜੰਸੀਆਂ ਦੇ ਹੱਕ ਵਿਚ ਇਕ ਮਜ਼ਬੂਤ ਕਾਨੂੰਨ ਹੈ। ਉਨ੍ਹਾਂ ਕਿਹਾ ਕਿ ਕੁਝ ਸਥਾਨਕ ਸਰਕਾਰਾਂ ਪੁਲਿਸ ਨੂੰ ਉਸ ਸਮੇਂ ਤਮਾਸ਼ਬੀਨ ਬਣ ਕੇ ਖੜੇ ਰਹਿਣ ਲਈ ਮਜਬੂਰ ਕਰਦੀਆਂ ਹਨ ਜਦੋਂ ਸ਼ਹਿਰ ਸੜ ਰਹੇ ਹੋਣ ਤੇ ਲੋਕਾਂ ਉਪਰ ਹਮਲੇ ਹੋ ਰਹੇ ਹੋਣ ਤੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੋਵੇ। ਅਜਿਹਾ ਕਰਨਾ ਆਪਣੇ ਫਰਜ਼ਾਂ ਤੋਂ ਭੱਜਣ ਦੇ ਬਰਾਬਰ ਹੈ। ਗਵਰਨਰ ਡੀਸੈਂਟਿਸ ਨੇ ਪੋਰਟਲੈਂਡ, ਸੀਏਟਲ ਤੇ ਮਿਨੀਪੋਲਿਸ ਦਾ ਹਵਾਲਾ ਵੀ ਦਿੱਤਾ ਜਿਥੇ ਪਿਛਲੇ ਸਾਲ ਦੰਗੇ ਹੋਏ ਸਨ। ਫਲੋਰੀਡਾ ਦੇ ਸੈਨੇਟ ਪ੍ਰਧਾਨ ਵਿਲਟਨ ਸਿੰਪਸਨ ਨੇ ਕਿਹਾ ਹੈ ਕਿ ਮੈ ਨਹੀਂ ਜਾਣਦਾ ਇਹ ਕਾਨੂੰਨ ਰਾਜਸੀ ਕਿਵੇਂ ਹੈ। ਸਾਡਾ ਮਕਸਦ ਲਾਅ ਇਨਫੋਰਸਮੈਂਟ ਅਧਿਕਾਰੀਆਂ ਤੇ ਲੋਕਾਂ ਦੇ ਜਾਨ ਮਾਲ ਦੀ ਰੱਖਿਆ ਕਰਨਾ ਹੈ ਤੇ ਜੇਕਰ ਕੋਈ ਦੰਗਾ ਕਰਦਾ ਹੈ ਤਾਂ ਉਸ ਨੂੰ ਕਾਨੂੰਨ ਦਾ ਸਾਹਮਣਾ ਕਰਨਾ ਪਵੇਗਾ। ਇਸ ਕਾਨੂੰਨ ਦੀ ਵਿਰੋਧੀਆਂ ਨੇ ਨਿੰਦਾ ਕਰਦਿਆਂ ਕਿਹਾ ਹੈ ਕਿ ਇਹ ਕਾਨੂੰਨ ਭਾਸ਼ਣ ਦੇ ਅਧਿਕਾਰ ਦੀ ਉਲੰਘਣਾ ਕਰਦਾ ਹੈ ਤੇ ਇਸ ਕਾਨੂੰਨ ਤਹਿਤ ਸਾਹਫਿਆਮ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਆਲੋਚਕਾਂ ਦਾ ਕਹਿਣ ਹੈ ਕਿ ਇਹ ਕਾਨੂੰਨ ਰਾਜਸੀ ਹੈ।

# ਸਰਹੱਦ 'ਤੇ ਸ਼ਾਂਤੀ ਬਾਰੇ ਬਣੀ ਸਹਿਮਤੀ ਨੂੰ ਚੀਨ ਅਣਦੇਖਿਆ ਨਹੀਂ ਕਰ ਸਕਦਾ: ਭਾਰਤ

ਪੇਈਚਿੰਗ- ਭਾਰਤ ਨੇ ਚੀਨ ਨੂੰ ਕਿਹਾ ਹੈ ਕਿ ਦੋਵਾਂ ਮੁਲਕਾਂ ਦੇ ਆਗੂਆਂ ਵਿਚਾਲੇ ਐਲਏਸੀ ਦੇ ਨਾਲ ਸ਼ਾਂਤੀ ਕਾਇਮ ਰੱਖਣ ਲਈ ਬਣੀ ਸਹਿਮਤੀ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਭਾਰਤ ਨੇ ਪੂਰਬੀ ਲੱਦਾਖ ਵਿਚੋਂ ਫ਼ੌਜਾਂ ਨੂੰ ਪੂਰੀ ਤਰ੍ਹਾਂ ਕੱਢਣ ਦਾ ਸੱਦਾ ਦਿੱਤਾ ਹੈ ਤਾਂ ਕਿ ਦੁਵੱਲੇ ਰਿਸ਼ਤਿਆਂ ਨੂੰ ਮੁੜ ਉਸਾਰਿਆ ਜਾ ਸਕੇ। ਚੀਨ ਵਿਚ



ਭਾਰਤੀ ਰਾਜਦੂਤ ਵਿਕਰਮ ਮਿਸਰੀ ਨੇ ਚੀਨੀ ਅਧਿਕਾਰੀਆਂ ਵੱਲੋਂ 'ਮਹੱਤਵਪੂਰਨ ਸਹਿਮਤੀ' ਨੂੰ ਗੰਭੀਰਤਾ ਨਾਲ ਨਾ ਲੈਣ 'ਤੇ ਸਵਾਲ ਖੜ੍ਹੇ ਕੀਤੇ। ਮਿਸਰੀ ਨੇ ਇੱਥੇ ਇਕ ਮਹੱਤਵਪੂਰਨ ਮੰਚ 'ਤੇ ਭਾਸ਼ਣ ਦਿੰਦਿਆਂ ਕਿਹਾ ਕਿ ਕੋਈ ਵੀ ਮੁਲਕ ਦੂਜੇ ਮੁਲਕਾਂ ਦੇ ਸਹਿਯੋਗ ਬਿਨਾਂ ਆਪਣੇ ਆਪ ਏਜੰਡਾ ਕਾਇਮ ਨਹੀਂ ਕਰ ਸਕਦਾ। ਮਿਸਰੀ ਨੇ ਇਹ ਟਿੱਪਣੀਆਂ ਚੀਨ ਦੇ 'ਬੈਲਟ ਤੇ ਰੋਡ ਉੱਦਮ' ਦੇ ਸੰਦਰਭ ਵਿਚ ਕੀਤੀਆਂ ਜਿਸ ਤਹਿਤ ਚੀਨ-ਪਾਕਿਸਤਾਨ ਆਰਥਿਕ ਲਾਂਘਾ ਉਸਾਰਿਆ ਜਾ ਰਿਹਾ ਹੈ। ਭਾਰਤ ਇਸ 'ਤੇ ਇਤਰਾਜ਼ ਜਤਾ ਚੁੱਕਾ ਹੈ ਕਿਉਂਕਿ ਇਹ ਮਕਬੂਜ਼ਾ ਕਸ਼ਮੀਰ ਵਿਚੋਂ ਗੁਜ਼ਰੇਗਾ। ਭਾਰਤੀ ਰਾਜਦੂਤ ਨੇ ਕਿਹਾ ਕਿ ਆਪਣੇ ਆਪ ਕੋਈ ਏਜੰਡਾ ਰੱਖ ਕੇ ਦੂਜਿਆਂ ਤੋਂ ਇਹ ਆਸ ਨਹੀਂ ਕਰ ਸਕਦਾ ਕਿ ਉਹ ਵੀ ਨਾਲ ਚੱਲਣਗੇ। ਉਨ੍ਹਾਂ ਕਿਹਾ ਕਿ ਦੋਵਾਂ ਮੁਲਕਾਂ ਨੂੰ ਅਸਲ ਕੰਟਰੋਲ ਰੇਖਾ ਬਾਰੇ ਬਣੀ ਸਹਿਮਤੀ ਦਾ ਪਾਲਣ ਕਰਨਾ ਚਾਹੀਦਾ ਹੈ ਤੇ ਚੀਨ ਇਸ ਦਾ ਕਈ ਵਾਰ ਜ਼ਿਕਰ ਕਰ ਚੁੱਕਾ ਹੈ।


## ਵਰ ਦੀ ਲੋੜ

ਬਾਲਮੀਕ ਗਿੱਲ, ਅਮਰੀਕਨ ਸਿਟੀਜਨ, ਉਮਰ 32 ਸਾਲ, ਕੱਦ 5 ਫੁੱਟ ਚਾਰ ਇੰਚ, LVN ਨਰਸ ਦੀ ਨੌਕਰੀ ਕਰਦੀ ਲੜਕੀ ਲਈ ਚੰਗੇ ਪਰਿਵਾਰ ਦੇ ਨਸ਼ਿਆਂ ਤੋਂ ਰਹਿਤ ਲੜਕੇ ਦੀ ਜ਼ਰੂਰਤ ਹੈ। ਸੰਪਰਕ ਲਈ ਫੋਨ ਨੰਬਰ 530-740-3056


# ਸੂਬਾ ਸਰਕਾਰਾਂ ਲਗਾ ਰਹੀਆਂ ਨੇ ਦੁਬਾਰਾ ਲੌਕਡਾਊਨ

(ਸਫਾ 1 ਦੀ ਬਾਕੀ)

ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਕੰਮ ਕਰ ਰਿਹਾ ਹੈ। ਸਰਕਾਰ ਦੀ ਕੋਸ਼ਿਸ਼ ਲੋਕਾਂ ਦੀ ਜ਼ਿੰਦਗੀ ਬਚਾਉਣ ਦੀ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਪਹਿਲੀ ਮਈ ਤੋਂ ਬਾਅਦ 18 ਸਾਲ ਤੋਂ ਜ਼ਿਆਦਾ ਉਮਰ ਦੇ ਸਾਰੇ ਲੋਕਾਂ ਨੂੰ ਵੈਕਸੀਨ ਲੱਗਣ ਲੱਗੇਗੀ। ਸਰਕਾਰੀ ਹਸਪਤਾਲਾਂ 'ਚ ਪਹਿਲਾਂ ਵਾਂਗ ਹੀ ਵੈਕਸੀਨ ਮੁਫ਼ਤ ਲੱਗਦੀ ਰਹੇਗੀ। ਦਵਾਈਆਂ ਦੇ ਨਾਲ ਹੀ ਵੈਕਸੀਨ ਦਾ ਉਤਪਾਦਨ ਵੀ ਵਧਾਇਆ ਜਾ ਰਿਹਾ ਹੈ। ਲਾਕਡਾਊਨ ਦੇ ਸ਼ੱਕ 'ਚ ਘਰਾਂ ਨੂੰ ਪਰਤਣ ਵਾਲੇ ਕਾਮਿਆਂ ਨੂੰ ਭਰੋਸਾ ਦਿੰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕ ਜਿਹੜੇ ਜਿੱਥੇ ਹਨ, ਉੱਥੇ ਰਹਿਣ। ਕਿਸੇ ਨੂੰ ਕੋਈ ਤਕਲੀਫ਼ ਨਹੀਂ ਹੋਣ ਦਿੱਤੀ ਜਾਵੇਗੀ। ਕਾਰੋਬਾਰ ਵੀ ਜਾਰੀ ਰਹਿਣਗੇ ਤੇ ਮਹਾਮਾਰੀ ਤੋਂ ਸੁਰੱਖਿਆ ਦੇ ਉਪਾਅ ਵੀ ਕੀਤੇ ਜਾਣਗੇ।

### ਪੈਦਾਵਾਰ ਸਮਰੱਥਾ ਵਧਾਓ, ਸਰਕਾਰ ਦੇਵੇਗੀ ਹਰ ਮਦਦ

f ਇਸ ਤੋਂ ਪਹਿਲਾਂ, ਦੇਸ਼ ਭਰ ਦੀ ਵੈਕਸੀਨ ਮੈਨੂਫੈਕਚਰਿੰਗ ਕੰਪਨੀਆਂ ਨਾਲ ਵੀਡੀਓ ਕਾਨਫਰੰਸਿੰਗ ਜ਼ਰੀਏ ਗੱਲਬਾਤ ਕਰਦੇ ਹੋਏ ਪੀਐੱਮ ਮੋਦੀ ਨੇ ਅਪੀਲ ਕੀਤੀ ਕਿ ਉਹ ਆਪਣੀ ਉਤਪਾਦਨ ਸਮਰੱਥਾ ਵਧਾਉਣ ਲਈ ਲਗਾਤਾਰ ਕੋਸ਼ਿਸ਼ ਕਰਨ ਤਾਂ ਜੋ ਘੱਟੋ ਘੱਟ ਸਮੇਂ 'ਚ ਸਾਰੇ ਦੇਸ਼ਵਾਸੀਆਂ ਨੂੰ ਕੋਰੋਨਾ ਮਹਾਮਾਰੀ ਤੋਂ ਬਚਾਅ ਲਈ ਟੀਕਾ ਲਾਇਆ ਜਾ ਸਕੇ। ਪੀਐੱਮ ਨੇ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਟੀਕਾਕਰਨ ਮੁਹਿੰਮ 'ਚ ਨਿੱਜੀ ਸੈਕਟਰ ਦੀ ਬਹੁਤ ਅਹਿਮ ਭੂਮਿਕਾ ਰਹਿਣ ਵਾਲੀ ਹੈ। ਇਸ ਵਿਚ ਹਸਪਤਾਲਾਂ ਤੇ ਸਨਅਤਾਂ ਵਿਚਾਲੇ ਬਿਹਤਰ ਤਾਲਮੇਲ ਦੀ ਲੋੜ ਹੈ।

### ਕੋਰੋਨਾ ਮਰੀਜ਼ਾਂ ਲਈ ਖੁੱਲ੍ਹਣਗੇ ਫੌਜੀ ਹਸਪਤਾਲ

ਕੋਰੋਨਾ ਵਾਇਰਸ ਦੀ ਦੂਜੀ ਲਹਿਰ ਦੀ ਤੇਜ਼ ਰਫਤਾਰ ਨੇ ਕੋਰੋਨਾ ਸੰਕ੍ਰਮਿਤ ਮਰੀਜ਼ਾਂ ਦੀ ਗਿਣਤੀ ਵਿਚ ਇਜਾਫਾ ਕੀਤਾ ਹੈ। ਪਿਛਲੇ ਕੁਝ ਦਿਨਾਂ ਤੋਂ ਮਰੀਜ਼ਾਂ ਦੀ ਗਿਣਤੀ ਵਿਚ ਭਾਰੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ, ਜਿਸ ਕਾਰਨ ਹਸਪਤਾਲਾਂ ਵਿਚ ਬੈੱਡਾਂ, ਵੈਂਟੀਲੇਟਰਾਂ ਅਤੇ ਆਕਸੀਜਨ ਦੀ ਘਾਟ ਹੋ ਗਈ ਹੈ। ਦੇਸ਼ ਵਿਚ ਕੋਰੋਨਾ ਦੀ ਤੇਜ਼ ਰਫ਼ਤਾਰ ਤੋਂ ਚਿੰਤਤ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਅੱਜ ਇਕ ਵੱਡਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਕੋਰੋਨਾ 'ਤੇ ਕਾਬੂ ਪਾਉਣ ਲਈ ਹੁਣ ਸੈਨਾ ਦੀ ਮਦਦ ਲਈ ਜਾਵੇਗੀ। ਫੌਜੀ ਹਸਪਤਾਲਾਂ ਦੇ ਦਰਵਾਜ਼ੇ ਆਮ ਨਾਗਰਿਕਾਂ ਲਈ ਖੋਲ੍ਹੇ ਜਾਣਗੇ, ਜਿਥੇ ਉਨ੍ਹਾਂ ਦਾ ਇਲਾਜ ਹੋਵੇਗਾ। ਰੱਖਿਆ ਮੰਤਰੀ ਨੇ ਫੌਜ ਮੁਖੀ ਐੱ-ਮਐਮ ਨਰਵਾਣੇ, ਰੱਖਿਆ ਸਕੱਤਰ ਅਤੇ ਡੀਆਰਡੀਓ ਮੁਖੀ ਨੂੰ ਕਿਹਾ ਕਿ ਉਹ ਫੌਜ, ਕੈਂਟ ਅਤੇ ਡੀਆਰਡੀਓ ਦੇ ਹਸਪਤਾਲਾਂ ਵਿਚ ਆਮ ਜਨਤਾ ਲਈ ਇਲਾਜ ਦੀਆਂ ਸਹੂਲਤਾਂ ਮੁਹੱਈਆ ਕਰਾਉਣ। ਰੱਖਿਆ ਮੰਤਰੀ ਨੇ ਫੌਜ ਤੋਂ ਆਮ ਜਨਤਾ ਲਈ ਮੈਡੀਕਲ ਸਹੂਲਤਾਂ ਦੀ ਮੰਗ ਕਰਦਿਆਂ ਉਨ੍ਹਾਂ ਨੂੰ ਖੋਲ੍ਹਣ ਲਈ ਕਿਹਾ ਹੈ। ਇਸ ਦੇ ਨਾਲ ਹੀ ਰਾਜਨਾਥ ਸਿੰਘ ਨੇ ਸੂਬਿਆਂ ਵਿਚ ਮੌਜੂਦ ਫੌਜ ਦੇ ਟਾਪ ਕਮਾਂਡਰ ਤੋਂ ਆਪਣੇ ਆਪਣੇ ਸੂਬੇ ਦੇ ਮੁੱਖ ਮੰਤਰੀ ਨਾਲ ਸੰਪਰਕ ਕਰਕੇ ਜ਼ਰੂਰੀ ਮਦਦ ਮੁਹੱਈਆ ਕਰਾਉਣ ਦੀ ਹਦਾਇਤ ਦਿੱਤੀ ਹੈ।

ਇਸ ਤਰ੍ਹਾਂ ਰੱਖਿਆ ਸਕੱਤਰ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਉਹ ਕੈਂਟ ਬੋਰਡ ਦੇ ਸਾਰੇ ਹਸਪਤਾਲਾਂ ਵਿਚ ਆਮ ਨਾਗਰਿਕਾਂ ਦਾ ਵੀ ਇਲਾਜ ਕਰਨ। ਰਾਜਨਾਥ ਸਿੰਘ ਨੇ ਦੱਸਿਆ ਕਿ ਹੁਣ ਦੇਸ਼ ਦੇ ਕੰਟੈਨਮੈਂਟ ਏਰੀਆ ਵਿਚ ਸਥਿਤ ਆਰਮੀ ਹਸਪਤਾਲਾਂ ਵਿਚ ਆਮ ਨਾਗਰਿਕ ਦਾ ਇਲਾਜ ਸ਼ੁਰੂ ਹੋ ਜਾਵੇਗਾ। ਇਸ ਦੇ ਨਾਲ ਹੀ ਕੰਟੇਨਮੈਂਟ ਜ਼ੋਨ ਦੇ ਬਾਹਰ ਵੀ ਸੈਨਾ ਮੈਡੀਕਲ ਸਹੂਲਤ ਮੁਹੱਈਆ ਕਰਾਏਗੀ। ਡੀਆਰਡੀਓ ਨੇ ਪਹਿਲਾਂ ਹੀ ਦਿੱਲੀ ਵਿਚ 250 ਬੈਡ ਦਾ ਹਸਪਤਾਲ ਸ਼ੁਰੂ ਕਰ ਦਿੱਤਾ ਹੈ, ਜਿਸ ਨੂੰ 500 ਤਕ ਵਧਾਇਆ ਜਾਵੇਗਾ।


## Change of Name

I, Jashanpreet Singh S/O Iqbal Singh
Residing at: 1504 United Street,
Manteca, CA-95337, U.S.A.

Now I have changed my name
From: Jashanpreet Singh Baryar
To: Jashanpreet Singh.
All concerned kindly note it.

--------------------

I, Deepak Singh S/OSuminder Singh
Residing at: 5260 N Valentine Ave, Apt 103,
Fresno, CA-93711, U.S.A.

Now I have changed my name
From: Deepak
To: Deepak Singh
All concerned kindly note it.

----------------

I, Manpreet Singh S/O Davinder Singh
Residing at:
1543 Silver Creek Cir, Stockton,
CA-95207, U.S.A.

Now I have changed my name
From: Manpreet Singh Parmar
To: Manpreet Singh
All concerned kindly note it.

--------------

I, Mahavir Singh S/ODarbara Singh
Residing at:
588 Bramblewood Ave.,
Lathrop, CA-95330, U.S.A.

Now I have changed my name
From: Mahavir Singh Sidhu
To: Mahavir Singh
All concerned kindly note it.





NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928

ਦੇਸ਼ ਦੁਆਬਾ

# ਸਮਾਜ ਦੀਆਂ ਲੋੜਾਂ

ਕੌਮਾਂ ਹਮੇਸ਼ਾ ਸੁਸਾਇਟੀ ਦੀ ਆਵਾਜ਼ ਨਾਲ ਤਰੱਕੀ ਕਰਦੀਆਂ ਹਨ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਕੌਮਾਂ ਆਪਣੇ ਸਮਾਜ ਨੂੰ ਪੁਖਤਾ ਬਣਾ ਕੇ ਆਪਣੀ ਕੌਮੀ ਆਵਾਜ਼ ਦੇ ਨਾਲ ਹੀ ਅੱਗੇ ਵਧੀਆਂ ਹਨ। ਅੱਜ ਇਹ ਕੌਮਾਂ ਦੇਸ਼ ਵਿਚ ਹਰ ਤਰ੍ਹਾਂ ਨਾਲ ਪ੍ਰਫੁੱਲਿਤ ਹਨ ਪਰ ਜਦ ਅਸੀਂ ਕੌਮ ਵੱਲ ਧਿਆਨ ਮਾਰ ਕੇ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅਸੀਂ ਇਹਨਾਂ ਨਾਲੋਂ ਬਹੁਤ ਪਿੱਛੇ ਹਾਂ।

ਅੱਜ ਦੇਸ਼ ਦੀ ਆਜ਼ਾਦੀ ਦੇ ਸਮੇਂ ਵਿਚ ਵੀ ਅਸੀਂ ਗੁਲਾਮੀ ਦੀ ਜ਼ਿੰਦਗੀ ਭੋਗਦੇ ਰਹੇ ਹਾਂ। ਅਸੀਂ ਦੇਸ਼ ਦੀ ਆਜ਼ਾਦੀ ਤੋਂ ਕੀ ਲਾਭ ਉਠਾ ਸਕਦੇ ਹਾਂ। ਸਾਥੀਓ ਤੇ ਨੌਜਵਾਨੋ, ਸਾਨੂੰ ਆਪਣੀ ਕੌਮੀ ਸਮਾਜ ਦੀ ਛੇਤੀ ਤੋਂ ਛੇਤੀ ਲੋੜ ਹੈ। ਸਾਰੇ ਨੌਜਵਾਨਾਂ ਨੂੰ ਮਿਲ ਕੇ ਆਪਣੀ ਸੁਸਾਇਟੀ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਪੰਜਾਬ, ਜਲੰਧਰ ਨਾਲ ਮਿਲ ਕੇ ਆਪਣੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇ ਕੇ ਅਗਾਂਹ ਵਧੀਏ।

ਸਾਥੀਓ! ਮੈਂ ਤੁਹਾਡਾ ਪਿਛਲੇ ਸਮੇਂ ਵੱਲ ਧਿਆਨ ਦਿਵਾਉਂਦਾ ਹਾਂ ਜਦ ਹਿੰਦੁਸਤਾਨ ਗੁਲਾਮ ਸੀ। ਅਸੀਂ ਦੋ ਪਾਸਿਆਂ ਤੋਂ ਗੁਲਾਮ ਬਣੇ ਹੋਏ ਸੀ। ਇਕ ਹਿੰਦੁਸਤਾਨ ਦੀਆਂ ਉਚੀਆਂ ਸ਼੍ਰੇਣੀਆਂ ਦੇ ਅਤੇ ਦੂਸਰੇ ਪਾਸੇ ਅੰਗਰੇਜ਼ੀ ਹਕੂਮਤ ਦੇ ਗੁਲਾਮ ਸੀ। 14 ਜਨਵਰੀ 1886 ਨੂੰ ਜਦ ਮੇਰਾ ਜਨਮ ਹੋਇਆ ਉਸ ਸਮੇਂ ਊਚ ਨੀਚ ਦੀ ਬਿਮਾਰੀ ਜ਼ੋਰਾਂ 'ਤੇ ਸੀ। ਇੱਥੋਂ ਤੱਕ ਕਿ ਜਦੋਂ ਸਾਡਾ ਆਦਮੀ ਕਿਸੇ ਦੇ ਕੱਪੜੇ ਨਾਲ ਛੋਹ ਜਾਵੇ ਤਾਂ ਆਪਣੇ ਉਪਰੋਂ ਪਾਣੀ ਦਾ ਛਿੱਟਾ ਮਾਰ ਕੇ ਭਿੱਟ ਉਤਾਰਦਾ ਹੁੰਦਾ ਸੀ ਤੇ ਜੇਕਰ ਪਾਣੀ ਨਾ ਮਿਲੇ ਤਾਂ ਆਪਣੇ ਹੁੱਕੇ ਦੇ ਪਾਣੀ ਨੂੰ ਆਪਣੇ ਉਪਰ ਸੁੱਟ ਕੇ ਪਵਿੱਤਰ ਬਣ ਜਾਂਦਾ ਸੀ। ਕੁੱਤਾ, ਬਿੱਲੀ, ਕਾਂ ਆਦਿ ਜਾਨਵਰਾਂ ਦੇ ਜੂਠੇ ਪਾਣੀ ਪੀਣ ਤੋਂ ਕਿਸੇ ਤਰ੍ਹਾਂ ਦੀ ਭਿੱਟ ਨਹੀਂ ਮੰਨਦੇ ਸੀ ਤੇ ਜਿਸ ਤਰ੍ਹਾਂ ਸਾਡੀ ਕੌਮ ਦਾ ਵਸੇਬਾ ਹੁੰਦਾ ਸੀ ਉਹਦਾ ਨਕਸ਼ਾ ਨੌਜਵਾਨਾਂ ਅੱਗੇ ਪੇਸ਼ ਕਰਦਾ ਹਾਂ।

ਜਿਹਨਾਂ ਘਰਾਂ ਵਿਚ ਅਸੀਂ ਰਹਿੰਦੇ ਸੀ, ਉਹ ਤਹਿ ਜ਼ਮੀਨ ਜਿੰਨੀ ਮਕਾਨ ਦੇ ਹੇਠ ਆ ਜਾਵੇ ਜ਼ਿਮੀਂਦਾਰਾਂ ਦੀ ਹੋਇਆ ਕਰਦੀ ਸੀ। ਜਦ ਕਿਸੇ ਜ਼ਿ-ਮੀਂਦਾਰ ਦਾ ਹੁਕਮ ਨਹੀਂ ਸੀ ਮੰਨਿਆ ਜਾਂਦਾ ਤਾਂ ਉਸ ਸਮੇਂ ਹੁਕਮ ਮਿਲ ਜਾਂਦਾ ਸੀ ਕਿ ਭਾਈ ਮੇਰੇ ਕਹੇ ਅਨੁਸਾਰ ਮੇਰਾ ਮੁਫਤ ਕੰਮ ਨਹੀਂ ਕਰਨਾ ਤਾਂ ਇੱਥੋਂ ਆਪਣਾ ਬਿਸਤਰਾ ਚੁੱਕ ਕੇ ਲੈ ਜਾਵੋ। ਅਸੀਂ ਆਪਣੇ ਪੈਸੇ ਲਾ ਕੇ ਉਸ ਮਕਾਨ ਨੂੰ ਆਪਣੀ ਗਰਜ਼ ਵਾਸਤੇ ਵੇਚ ਨਹੀਂ ਸੀ ਸਕਦੇ। ਸਾਡੀ ਕੌਮ ਨੂੰ ਦੇਸ਼ ਵਿਚ ਜ਼ਮੀਨ ਦਾ ਕੋਈ ਅਧਿਕਾਰ ਨਹੀਂ ਸੀ। ਜੇ ਅਸੀਂ ਘਰ ਬਣਾਉਣ ਵਾਸਤੇ ਥਾਂ ਮੱਲ ਲੈਂਦੇ ਸੀ ਤਾਂ ਪੰਜ ਮਰਲੇ ਤੋਂ ਵੱਧ ਨਹੀਂ ਸੀ ਲੈ ਸਕਦੇ। ਉਹ ਵੀ 'ਰਜਤਨਾਮਾ' ਬਣਾ ਕੇ ਦਿੰਦੇ ਸੀ। ਇਸ ਵਿਚ ਸ਼ਰਤ ਇਹ ਹੁੰਦੀ ਸੀ ਕਿ ਜਿਹੜਾ ਦਰੱਖਤ ਅਸੀਂ ਆਪਣੇ ਘਰ ਵਿਚ ਪਾਲਦੇ ਸੀ, ਉਹ ਜ਼ਿਮੀਂਦਾਰਾ ਕੱਟਦਾ ਸੀ। ਦੂਸਰੇ ਪਾਸੇ ਬਗਾਰ ਇਨ੍ਹਾਂ ਦੀ ਤੇ ਹਕੂਮਤ ਦੀ ਦੇਣੀ ਪੈਂਦੀ ਸੀ ਕਿ ਮਰੇ ਹੋਏ ਪਸ਼ੂ ਸਾਡੇ ਕੋਲੋਂ ਜ਼ੋਰ ਨਾਲ ਚੁਕਾਏ ਜਾਂਦੇ ਸਨ। ਉਚੀਆਂ ਸ਼੍ਰੇਣੀਆਂ ਦੀ ਆਪਸ ਵਿਚ ਲੜ ਕੇ ਮੌਤ ਹੋ ਜਾਂਦੀ ਸੀ ਤਾਂ ਉਹ ਮੁਰਦਾ ਲਾਸ਼ ਸਾਡੇ ਆਦਿ ਧਰਮੀਆਂ ਤੋਂ ਚੁਕਵਾ ਕੇ ਵੀਹ ਵੀਹ ਮੀਲ ਤੱਕ ਲਿਜਾਈ ਜਾਂਦੀ ਸੀ। ਪੁਲਿਸ ਦੇ ਆਦਮੀ ਤੇ ਪਿੰਡ ਦੇ ਨੰਬਰਦਾਰ ਦੀਆਂ ਬੋਹਜ਼ੇ ਤੇ ਬੁੱਤੀਆਂ ਚੈਨ ਨਾਲ ਨਹੀਂ ਸੀ ਬੈਠਣ ਦਿੰਦੀਆਂ। ਅਗਰ ਘਰ ਵਿਚ ਆਦਮੀ ਨਾ ਹੋਵੇ ਤਾਂ ਔਰਤਾਂ ਤੋਂ ਵੰਗਾਰਾਂ ਲਈਆਂ ਜਾਂਦੀਆਂ ਸਨ। ਲੱਕੜੀ ਦੇ ਪਰਨਾਲੇ ਗੱਡ ਕੇ ਉਹਨਾਂ ਰਾਹੀਂ ਪਾਣੀ ਪਿਆਇਆ ਜਾਂਦਾ ਸੀ। ਚੰਗਾ ਕੱਪੜਾ ਤੇ ਚੰਗਾ ਮਕਾਨ ਬਣਾਉਣ ਦੀ ਇਜਾਜ਼ਤ ਨਹੀਂ ਸੀ। ਪੜ੍ਹਨ ਤੇ ਪਾਬੰਦੀ ਲਾਈ ਹੋਈ ਸੀ। ਵਿੱਦਿਆ ਤੋਂ ਵਾਝੇ ਰੱਖ ਕੇ ਸਾਡੇ ਤੋਂ ਹਰ ਤਰ੍ਹਾਂ ਦੀ ਗੁਲਾਮੀ ਕਰਾਉਂਦੇ ਸਨ। ਸਾਥੀਓ ਤੇ ਨੌਜਵਾਨੋ, ਇਹ ਥੋੜ੍ਹੀਆਂ ਜਿਹੀਆਂ ਝਲਕੀਆਂ ਗੁਲਾਮੀ ਦੀਆਂ ਤੁਹਾਡੇ ਅੱਗੇ ਪੇਸ਼ ਕੀਤੀਆਂ ਹਨ। ਪਿਛਲੇ ਸਾਰੇ ਹਾਲਾਤ ਮੈਂ ਆਪਣੇ ਜੀਵਨ ਬਿਰਤਾਂਤ ਵਿਚ ਲਿਖੇ ਹਨ ਉਸ ਤੋਂ ਪਤਾ ਲੱਗ ਜਾਵੇਗਾ ਕਿ ਸਾਡੇ ਬਜ਼ੁਰਗ ਤੇ ਕੌਮ ਕਿੰਨੀਆਂ ਮੁਸੀਬਤਾਂ ਤੋਂ ਗੁਜ਼ਰ ਕੇ ਅੱਜ ਆਜ਼ਾਦੀ ਵਿਚ ਆਈ ਹੈ। ਉਹ ਕੌਮੀ ਤਕਲੀਫਾਂ ਅੱਖੀਂ ਦੇਖ ਕੇ ਆਪ ਅੱਗੋਂ ਅਪੀਲ ਕਰਦਾ ਹਾਂ ਕਿ ਜਿਸ ਤਰ੍ਹਾਂ ਅੱਜ ਮੈਂ ਨੌਜਵਾਨਾਂ ਨੂੰ ਖੇਰੂੰ ਖੇਰੂੰ ਦੇਖਦਾ ਹਾਂ, ਕਿਤੇ ਉਹ ਪਿਛਲਾ ਸਮਾਂ ਮੁੜ ਕੇ ਕੌਮ ਤੇ ਨਾ ਆ ਜਾਵੇ। ਅਸੀਂ ਦੇਸ਼ ਵਿਚ ਤਾਂ ਹੀ ਤਰੱਕੀ ਕਰ ਸਕਦੇ ਹਾਂ ਜੇ ਸਾਡਾ ਆਪਣਾ ਪੱਕਾ ਹੋਵੇ ਤੇ ਸਮਾਜ ਦੇ ਨਾਲ ਹੀ ਸਾਡੀ ਇਕ ਆਵਾਜ਼ ਹੋਵੇ।

ਦੇਸ਼ ਦੀਆਂ ਉਚ ਸ਼੍ਰੇਣੀਆਂ ਨੂੰ ਦੇਖਕੇ ਤੇ ਸਾਨੂੰ ਵੀ ਸਮਾਜ ਬਣਾਉਣ ਦੀ ਲੋੜ ਪਈ ਤਾਂ ਅਸੀਂ ਕੌਮ ਦੇ ਪਤਵੰਤੇ ਅਤੇ ਸਮਝਦਾਰ ਸਾਥੀਆਂ ਦਾ ਇਕੱਠ ਕਰਕੇ ਸੰਨ 1925 ਵਿਚ ਮਤਾ ਪਾਸ ਕਰਕੇ ਆਪਣੇ ਸਮਾਜ ਦਾ ਨਾਂ ਪੰਜਾਬ ਆਦਿ-ਧਰਮ ਮੰਡਲ ਪਾਸ ਕੀਤਾ। ਆਦਿ ਧਰਮ ਮੰਡਲ ਦੇ ਨਾਂ ਉਤੇ ਕੌਮ ਵਿਚ ਪ੍ਰਚਾਰ ਸ਼ੁਰੂ ਕੀਤਾ ਗਿਆ। ਉਸ ਸਮੇਂ ਸਾਨੂੰ ਚੂਹੜੇ, ਚਮਾਰ ਆਦਿ ਨਾਵਾਂ ਨਾਲ ਕਹਿ ਕੇ ਦੁਰਕਾਰਿਆ ਜਾਂਦਾ ਸੀ। ਅਸੀਂ ਆਪਣੀਆਂ ਪੱਛੜੀਆਂ ਕੌਮਾਂ ਨੂੰ ਇਹਨਾਂ ਭੈੜਿਆਂ ਨਾਵਾਂ ਤੋਂ ਛੁਟਕਾਰਾ ਪਾਉਣ ਲਈ ਆਪਣਾ ਨਾਮ ਆਦਿ ਧਰਮ ਰੱਖਿਆ।

ਹਕੂਮਤ ਨੂੰ ਲਿਖ ਕੇ ਭੇਜਿਆ ਗਿਆ ਕਿ ਅੱਗੇ ਨੂੰ ਸਰਕਾਰੀ ਦਫਤਰਾਂ ਵਿਚ ਸਾਨੂੰ ਆਦਿ ਧਰਮੀ ਲਿਖਿਆ ਜਾਵੇ ਅਤੇ ਦੇਸ਼ ਵਿਚ ਆਦਿ ਧਰਮ ਦਾ ਪ੍ਰਚਾਰ ਕਰਕੇ ਦੇਸ਼ ਦੀਆਂ ਦੂਸਰੀਆਂ ਕੌਮਾਂ ਨੂੰ ਆਦਿ ਧਰਮ ਤੋਂ ਜਾਣੂ ਕਰਵਾਇਆ ਜਾਵੇ। ਇਸ ਸਮਾਜ ਦੇ ਹੋਣ ਕਰਕੇ ਅਸੀਂ ਆਪਣੇ ਦੇਸ਼ ਦੀਆਂ ਪੱਛੜੀਆਂ ਕੌਮਾਂ ਨੂੰ ਦੇਸ਼ ਦੇ ਅਧਿਕਾਰਾਂ ਦਾ ਮਿਲਣ ਕਰਕੇ ਪੱਛੜੀਆਂ ਬਰਾਦਰੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਦੀਆਂ ਸਾਰੀਆਂ ਸਹੂਲਤਾਂ ਮਿਲੀਆਂ ਅਤੇ ਅੱਜ ਹਕੂਮਤ ਦੇ ਸਾਰੇ ਭਾਗਾਂ ਵਿਚ ਸ਼ਾਮਲ ਹਨ।

ਸਾਡੀ ਜੱਦੋ-ਜਹਿਦ ਸਦਕੇ ਅੱਜ ਦੀ ਹਕੂਮਤ ਨੇ ਜਾਤ-ਪਾਤ, ਛੂਤ-ਛਾਤ ਅਤੇ ਊਚ-ਨੀਚ ਦੇ ਭੈੜੇ ਰਿਵਾਜ਼ਾ ਨੂੰ ਦੇਸ਼ ਵਿਚੋਂ ਦੂਰ ਕਰਕੇ ਲੋਕ ਰਾਜ ਦੀ ਸਾਂਝੀ ਹਕੂਮਤ ਦੇਸ਼ ਵਿਚ ਕਾਇਮ ਹੈ। ਅੱਜ ਦੇਸ਼ ਦੀਆਂ ਸਾਰੀਆਂ ਕੌਮਾਂ ਆਪੋ-ਆਪਣੇ ਕੌਮੀ ਸਮਾਜੀ ਹੱਕਾਂ ਦੀ ਰਾਖੀ ਕਰ ਰਹੀਆਂ ਹਨ। ਇਸ ਵਾਸਤੇ ਮੈਂ ਆਪਣੇ ਸਾਥੀਆਂ ਅਤੇ ਕੌਮੀ ਪੜ੍ਹੇ-ਲਿਖੇ ਨੌਜਵਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਆਪਣੇ ਕੌਮੀ ਸਮਾਜ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ, ਪੰਜਾਬ, ਜਲੰਧਰ ਚੱਲ ਰਹੀ ਹੈ। ਉਸ ਦੇ ਜ਼ਿੰਮੇਵਾਰ ਮੈਂਬਰ ਬਣ ਕੇ ਹਰ ਤਰ੍ਹਾਂ ਦੀ ਸਹਾਇਤਾ ਕਰੋ। ਜੇਕਰ ਤੁਸੀਂ ਆਪਣੇ ਸਮਾਜ ਭਾਵ ਸੁਸਾਇਟੀ ਵੱਲ ਧਿਆਨ ਨਾ ਦਿੱਤਾ ਤਾਂ ਮੇਰੇ ਉਪਰਲੇ ਲੇਖ ਨੂੰ ਪੜ੍ਹ ਕੇ ਪਤਾ ਲੱਗ ਜਾਵੇਗਾ ਕਿ ਸਾਡੀ ਉਹ ਹਾਲਤ ਹੋ ਜਾਵੇਗੀ ਜੋ ਸਾਡੀ 1925 ਤੋਂ ਪਹਿਲਾ ਸੀ। ਇਸ ਵਾਸਤੇ ਸਮਾਜ ਦੀ ਅੱਜ ਲੋੜ ਹੈ। ਅਸੀਂ ਸਾਰੇ ਮਿਲ ਕੇ ਆਪਣੀ ਆਵਾਜ਼ ਨੂੰ ਸੁਸਾਇਟੀ ਰਾਹੀਂ ਹਕੂਮਤ ਅਤੇ ਦੇਸ਼ ਵਾਸੀਆਂ ਤੱਕ ਪਹੁੰਚਾਈਏ।

**ਵੱਲੋਂ: ਬਾਬੂ ਮੰਗੂ ਰਾਮ ਮੁੱਗੋਵਾਲੀਆ,**
**ਪ੍ਰਧਾਨ ਆਦਿ ਧਰਮ ਮੰਡਲ ਪੰਜਾਬ**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-171

## ਛਿੰਝ ਰਾਹੀਂ ਗੁਰਮਤਿ ਉਪਦੇਸ਼



ਅਵਤਾਰ ਸਿੰਘ ਮਿਸ਼ਨਰੀ
510-432-5827

ਮਹਾਨਕੋਸ਼ ਅਨੁਸਾਰ ਛਿੰਝ ਦਾ ਅਰਥ ਮੱਲਅਖਾੜਾ (ਹਉਂ ਬਾਹੁੜਿ ਛਿੰਝ ਨ ਨਚਊਂ), ਮੱਲਯੁੱਧ, ਘੋਲ ਅਤੇ ਕੁਸ਼ਤੀ ਵੇਖਣ ਲਈ ਜੁੜੇ ਹੋਏ ਲੋਕਾਂ ਦਾ ਸਮੁਦਾਯ (ਸਭ ਹੋਈ ਛਿੰਝ ਇਕੱਠੀਆ) ਮੱਲ ਪਿੰਡਾਂ 'ਚ ਪਹਿਲਵਾਨ ਨੂੰ ਵੀ ਆਖਦੇ ਹਨ। ਛਿੰਝ ਲਫਜ਼ ਘੋਲ ਲਈ ਵੀ ਵਰਤਿਆ ਜਾਂਦਾ ਹੈ। ਇਸ ਬਾਰੇ ਪੰਚਮ ਪਾਤਸ਼ਾਹ ਸਿਰੀ ਰਾਗ ਵਿਖੇ ਪ੍ਰਭੂ ਹੁਕਮ ਸਮਝਣ ਵਿੱਚ ਵਿਘਨ ਪੇਸ਼ ਆਉਣ ਵਾਲੇ ਦੁਨਿਆਵੀ ਪ੍ਰਪੰਚ ਨਾਲ ਘੋਲ ਕਰਕੇ ਗੁਰੂ ਕਿਰਪਾ ਨਾਲ ਜੇਤੂ ਹੋਣ ਦੀ ਗੱਲ ਕਰਦੇ ਅਤੇ ਦੁਨੀਆਂ ਨੂੰ ਘੋਲ ਦਾ ਅਖਾੜਾ ਆਖਦੇ ਹੋਏ ਫੁਰਮਾਂਦੇ ਹਨ ਕਿ-

ਸਿਰੀਰਾਗੁ ਮਹਲਾ ੫॥ ਪੈ ਪਾਇ ਮਨਾਈ ਸੋਇ ਜੀਉ॥ ਸਤਿਗੁਰ ਪੁਰਖਿ ਮਿਲਾਇਆ ਤਿਸੁ ਜੇਵਡੁ ਅਵਰੁ ਨ ਕੋਇ ਜੀਉ॥੧॥ਰਹਾਉ॥ ਗੋਸਾਈ ਮਿਹੰਡਾ ਇਠੜਾ॥ ਅੰਮ ਅਬੇ ਥਾਵਹੁ ਮਿਠੜਾ॥ ਭੈਣ ਭਾਈ ਸਭਿ ਸਜਣਾ ਤੁਧੁ ਜੇਹਾ ਨਾਹੀ ਕੋਇ ਜੀਉ॥੧॥ ਤੇਰੈ ਹੁਕਮੇ ਸਾਵਣੁ ਆਇਆ॥ ਮੈ ਸਤ ਕਾ ਹਲੁ ਜੋਆਇਆ॥ ਨਾਉ ਬੀਜਣ ਲਗਾ ਆਸ ਕਰਿ ਹਰਿ ਬੋਹਲ ਬਖਸ ਜਮਾਇ ਜੀਉ॥੨॥ ਹਉ ਗੁਰ ਮਿਲਿ ਇਕੁ ਪਛਾਣਦਾ॥ ਦੁਯਾ ਕਾਗਲੁ ਚਿਤਿ ਨ ਜਾਣਦਾ॥ ਹਰਿ ਇਕਤੈ ਕਾਰੈ ਲਾਇਓਨੁ ਜਿਉ ਭਾਵੈ ਤਿੰਵੈ ਨਿਬਾਹਿ ਜੀਉ॥੩॥ ਸਤਿਗੁਰ ਕਉ ਬਲਿ ਜਾਈਐ॥ ਜਿਤੁ ਮਿਲਿਐ ਪਰਮ ਗਤਿ ਪਾਈਐ॥ ਸੁਰਿ ਨਰ ਮੁਨਿ ਜਨ ਲੋਚਦੇ ਸੋ ਸਤਿਗੁਰਿ ਦੀਆ ਬੁਝਾਇ ਜੀਉ॥੪॥ ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥ ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥੫॥ ਤੁਸੀ ਭੋਗਿਹੁ ਭੁੰਚਹੁ ਭਾਈਹੋ॥ ਗੁਰਿ ਦੀਬਾਣਿ ਕਵਾਇ ਪੈਨਾਈਓ॥ ਹਉ ਹੋਆ ਮਾਹਰੁ ਪਿੰਡ ਹਉ ਵਾਰੀ ਘੁੰਮਾ ਜਾਵਦਾ॥ ਇਕ ਸਾਹਾ ਤੁਧੁ ਧਿਆਇਦਾ॥ ਉਜੜੁ ਥੇਹੁ ਵਸਾਇਓ ਹਉ ਤੁਧ ਵਿਟਹੁ ਕੁਰਬਾਣੁ ਜੀਉ॥੬॥ ਹਰਿ ਇਠੈ ਨਿਤ ਧਿਆਇਦਾ॥ ਮਨਿ ਚਿੰਦੀ ਸੋ ਫਲੁ ਪਾਇਦਾ॥ ਸਭੇ ਕਾਜ ਸਵਾਰਿਅਨੁ ਲਾਹੀ-ਅਨੁ ਮਨ ਕੀ ਭੁਖ ਜੀਉ॥੭॥ ਮੈ ਛਡਿਆ ਸਭੋ ਧੰਧੜਾ॥ ਗੋਸਾਈ ਸੇਵੀ ਸਚੜਾ॥ ਨਉ ਨਿਧਿ ਨਾਮੁ ਨਿਧਾਨੁ ਹਰਿ ਮੈ ਪਲੈ ਬਧਾ ਛਿਕਿ ਜੀਉ॥੮॥ ਮੈ ਸੁਖੀ ਹੂੰ ਸੁਖੁ ਪਾਇਆ॥ ਗੁਰਿ ਅੰਤਰਿ ਸਬਦੁ ਵਸਾਇਆ॥ ਸਤਿਗੁਰਿ ਪੁਰਖਿ ਵਿਖਾਲਿਆ ਮਸਤਕਿ ਧਰਿ ਕੈ ਹਥੁ ਜੀਉ॥੯॥ ਮੈ ਬਧੀ ਸਚੁ ਧਰਮ ਸਾਲ ਹੈ॥ ਗੁਰਸਿਖਾ ਲਹਦਾ ਭਾਲਿ ਕੈ॥ ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ॥੧੦॥ ਸੁਣਿ ਗਲਾ ਗੁਰ ਪਹਿ ਆਇਆ॥ ਨਾਮੁ ਦਾਨੁ ਇਸਨਾਨੁ ਦਿੜਾਇਆ॥ ਸਭੁ ਮੁਕਤੁ ਹੋਆ ਸੈਸਾਰੜਾ ਨਾਨਕ ਸਚੀ ਬੇੜੀ ਚਾੜਿ ਜੀਉ॥੧੧॥ ਸਭ ਸੈਰਿਸਟਿ ਸੇਵੇ ਦਿਨੁ ਰਾਤਿ ਜੀਉ॥ ਦੇ ਕੰਨੁ ਸੁਣਹੁ ਅਰਦਾਸਿ ਜੀਉ॥ ਠੋਕਿ ਵਜਾਇ ਸਭ ਡਿਠੀਆ ਤੁਸਿ ਆਪੇ ਲਇਅਨੁ ਛਡਾਇ ਜੀਉ॥੧੨॥ ਹੁਣਿ ਹੁਕਮੁ ਹੋਆ ਮਿਹਰਵਾਣ ਦਾ॥ ਪੈ ਕੋਇ ਨ ਕਿਸੈ ਰਵਾਣਦਾ॥ ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥੧੩॥ ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ॥ ਬੋਲਾਇਆ ਬੋਲੀ ਖਸਮ ਦਾ॥ ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ ਪਾਇਹਿ ਥਾਇ ਜੀਉ॥੧੪॥ ਤੇਰਿਆ ਭਗਤਾ ਭੁਖ ਸਦ ਤੇਰੀਆ॥ ਹਰਿ ਲੋਚਾ ਪੂਰਨ ਮੇਰੀਆ॥ ਦੇਹੁ ਦਰਸੁ ਸੁਖਦਾਤਿਆ ਮੈ ਗਲ ਵਿਚਿ ਲੈਹੁ ਮਿਲਾਇ ਜੀਉ॥੧੫॥ ਤੁਧੁ ਜੇਵਡੁ ਅਵਰੁ ਨ ਭਾਲਿਆ॥ ਤੂੰ ਦੀਪ ਲੋਅ ਪਇਆਲਿਆ॥ ਤੂੰ ਥਾਨਿ ਥਨੰਤਰਿ ਰਵਿ ਰਹਿਆ ਨਾਨਕ ਭਗਤਾ ਸਚੁ ਅਧਾਰੁ ਜੀਉ॥੧੬॥ ਹਉ ਗੋਸਾਈ ਦਾ ਪਹਿਲਵਾਨੜਾ॥ ਮੈ ਗੁਰ ਮਿਲਿ ਉਚ ਦੁਮਾਲੜਾ॥ ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ॥੧੭॥ ਵਾਤ ਵਜਨਿ ਟੰਮਕ ਭੇਰੀਆ॥ ਮਲ ਲਥੇ ਲੈਦੇ ਫੇਰੀਆ॥ ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ॥੧੮॥ ਸਭ ਇਕਠੇ ਹੋਇ ਆਇਆ॥ ਘਰਿ ਜਾਸਨਿ ਵਾਟ ਵਟਾਇਆ॥ ਗੁਰ-ਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ॥੧੯॥ ਤੂੰ ਵਰਨਾ ਚਿਹਨਾ ਬਾਹਰਾ॥ ਹਰਿ ਦਿਸਹਿ ਹਾਜਰੁ ਜਾਹਰਾ॥ ਸੁਣਿ ਸੁਣਿ ਤੁਝੈ ਧਿਆਇਦੇ ਤੇਰੇ ਭਗਤ ਰਤੇ ਗੁਣਤਾਸੁ ਜੀਉ॥੨੦॥ ਮੈ ਜੁਗਿ ਜੁਗਿ ਦਯੈ ਸੇਵੜੀ॥ ਗੁਰਿ ਕਟੀ ਮਿਹਡੀ ਜੇਵੜੀ॥ ਹਉ ਬਾਹੁੜਿ ਛਿੰਝ ਨ ਨਚਊ ਨਾਨਕ ਅਉਸਰੁ ਲਧਾ ਭਾਲਿ ਜੀਉ॥੨੧॥ (ਮ:੫-੭੩-੭੪)


ਭਾਵ ਸੰਸਾਰ ਇੱਕ ਛਿੰਝ, ਇੱਕ ਆਖਾੜੇ ਜਿਸ ਵਿੱਚ ਜੀਵ ਆਪਣੀ ਜ਼ਿੰਦਗੀ ਦੀ ਖੇਡ ਖੇਡਦਾ ਹੈ। ਸੰਸਾਰ 'ਚ ਜੀਵ ਦੇ ਆਲੇ-ਦੁਆਲੇ ਅਜ਼ਮਾਇਸ਼ਾਂ, ਲੁਭਾਇਮਾਨਤਾਵਾਂ ਅਤੇ ਦੁਖ-ਸੁਖ ਹਨ। ਇਹਨਾਂ ਸਭ ਨਾਲ ਜੂਝਦੇ ਹੋਏ ਜੀਵ ਨੇ ਜੀਵਨ ਪੰਧ 'ਤੇ ਅਗਾਹਾਂ ਨੂੰ ਵਧਣਾ ਹੈ। ਗੁਰੂ ਦਾ ਹੁਕਮ ਮੰਨਣ ਵਾਲੇ ਤਾਂ ਮਨੁੱਖਾ ਜਨਮ ਸਫਲ ਕਰਕੇ ਸੰਸਾਰ ਤੋਂ ਰੁਖਸਤ ਹੋਣਗੇ ਪਰ ਆਪਣੇ ਮਨ ਦੇ ਪਿਛੇ ਚੱਲਣ ਵਾਲੇ ਪ੍ਰਭੂ ਹੁਕਮ, ਸ਼ੁਭ ਗੁਣਾਂ ਦੀ ਰਾਸ ਪੂੰਜੀ ਅਤੇ ਇਲਾਹੀ ਮਨੁੱਖਾ ਜਨਮ ਵੀ ਗਵਾ ਲੈਣਗੇ ਜੋ ਬਾਰ-ਬਾਰ ਨਹੀਂ ਮਿਲਦਾ-ਕਬੀਰ ਮਾਣਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥ ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਬਾਰ॥੩੦॥ ਇਹ ਮਨੁੱਖਾ ਜਨਮ ਨੂੰ ਸਫਲ ਕਰਨ ਦੀ ਮੰਜ਼ਿਲ ਹੈ-ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ (ਮ:੫-੧੨) ਸਿੱਖ ਨੇ ਗੈਰਿਹਸਤ ਵਿੱਚ ਰਹਿ ਕੇ ਇਸ ਮੰਜ਼ਿਲ ਤਕ ਪਹੁੰਚਣਾ ਹੈ।

ਇਸ ਮੰਜ਼ਿਲ ਤੇ ਪਹੁੰਚਣ ਲਈ ਕਈ ਰਸਤੇ ਹੋ ਸਕਦੇ ਨੇ ਪਰ ਗੁਰਸਿੱਖ ਨੇ ਗੁਰਮਤਿ ਵਾਲੇ ਰਸਤੇ ਚੱਲਣਾ ਹੈ। ਇਸ ਮਹੱਤਵਪੂਰਣ ਰਸਤੇ ਤੇ ਚੱਲਣ ਲਈ ਕੁਝ ਨਿਯਮਾਂ ਦਾ ਪਾਲਣ ਕਰਨਾ ਪੈਂਦਾ ਹੈ। ਸਾਨੂੰ ਗੁਰਬਾਣੀ, ਗੁਰੂ ਸਾਹਿਬਾਨ ਦੀ ਜੀਵਨ ਜੁਗਤ ਅਤੇ ਗੁਰੂ ਸਾਹਿਬਾਨ ਦੇ ਸਿੱਖਾਂ ਨੂੰ ਕੀਤੇ ਹੁਕਮ ਇਸ ਰਸਤੇ ਦੇ ਨਿਯਮ ਸਿਖਾਉਂਦੇ ਹਨ। ਗੁਰੂ ਜੀ ਨੇ ਉਪਰੋਕਤ ਸ਼ਬਦ 'ਚ ਛਿੰਝ ਦਾ ਰੂਪਕ ਬੰਨੈਹ ਕੇ ਸਾਨੂੰ ਇਹ ਗੱਲ ਸਮਝਾਈ ਹੈ। ਗੁਰੂ ਦੀ ਦਿੱਤੀ ਸੋਝੀ (ਗਿਆਨ-ਵਿਚਾਰ) ਰੂਪ ਥਾਪੀ ਸਾਡੀ ਪਿੱਠ 'ਤੇ ਸਹਾਈ ਹੁੰਦੀ ਹੈ।

# ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਇਕ ਇਤਿਹਾਸਕ ਦਸਤਾਵੇਜ਼

ਸ੍ਰੀ ਸੀ. ਐਲ. ਚੁੰਬਰ ਦਾ ਆਪਣੇ ਦਸਤਖਤਾਂ ਹੇਠ ਭੇਜਿਆ ਬਾਬੂ ਮੰਗੂ ਰਾਮ ਮੁੱਗੋਵ-ਾਲੀਆ ਸੋਵੀਨਰ ਮੇਰੇ ਸਾਹਮਣੇ ਸੁਸ਼ੋਭਿਤ ਹੈ, ਜਿਸਨੂੰ ਪੜ੍ਹਨ ਉਪਰੰਤ ਇਹੋ ਕਹਿਣਾ ਸੱਚ ਹੈ ਕਿ ਇਹ ਇਕ ਇਤਿਹਾਸਕ ਦਸਤਾਵੇਜ਼ ਹੈ, ਜਿਸਨੂੰ ਪੰਜਾਬ ਦੇ ਦਲਿਤ ਲੋਕਾਂ ਨੂੰ ਉਸ ਇਤਿਹਾਸ ਤੋਂ ਜਾਣੂ ਕਰਾਇਆ ਹੈ, ਜਿਸਨੇ ਕਦੀ ਇਸ ਧਰਤੀ ਤੇ ਕ੍ਰਾਂਤੀ ਲਿਆਂਦੀ ਤੇ ਸਮਾਜਿਕ ਇਨਕਲਾਬ ਦੀ ਸਹੀ ਅਰਥਾ ਵਿਚ ਨੀਂਹ ਰੱਖੀ। ਇਸ ਸੋਵੀਨਰ ਸਬੰਧੀ ਹੋਰ ਵਿਚਾਰ ਪੇਸ਼ ਕਰਨ ਤੋਂ ਪਹਿਲਾਂ ਮੈਂ ਸ੍ਰੀ ਸੀ. ਐਲ ਚੁੰਬਰ. ਦੇ ਪਵਿੱਤਰ ਯਤਨਾਂ ਲਈ ਰਿਣੀ ਮਹਿਸੂਸ ਕਰਦਾ ਹਾਂ ਅਤੇ ਉਹਨਾਂ ਸਾਰੇ ਸਾਥੀਆਂ ਦਾ ਧੰਨਵਾਦ ਕਰਨਾ ਫਰਜ਼ ਸਮਝਦਾ ਹਾਂ, ਜਿਹਨਾਂ ਨੇ ਸਾਡੇ ਰਹਿਬਰ ਦੇ ਜੀਵਨ-ਇਤਿਹਾਸ ਨੂੰ ਪੰਨਿਆਂ ਤੋਂ ਉਭਾਰ ਕੇ ਵਰਤਮਾਨ ਦੀ ਲੋੜੀਂਦੀ ਲਹਿਰ ਨੂੰ ਤਾਕਤ ਬਖਸ਼ੀ ਹੈ। ਮੈਂ ਬਹੁਤ ਅੱਛੀ ਤਰ੍ਹਾਂ ਮਹਿਸੂਸ ਕਰ ਰਿਹਾ ਹਾਂ ਕਿ ਬਾਮਸੇਫ ਅਤੇ ਡੀ. ਐਸ 4 ਲਹਿਰ ਲਈ ਇਹ ਸੋਵੀਨਰ ਇਕ ਪੰਧ ਦਿਖਾਓ, ਤਾਰੇ ਵਾਂਗ ਸਹਾਇਕ ਹੋਵੇਗਾ।




ਇਹ ਸੱਚ ਹੈ ਕਿ ਕਾਫੀ ਸਮੇਂ ਤੋਂ ਬਹੁਤ ਲੋਕ ਨਹੀਂ ਜਾਣਦੇ ਸਨ ਕਿ ਆਦਿ ਧਰਮ ਦਾ ਅਰਥ ਕੀ ਹੈ, ਇਸ ਮਹਾਨ ਲਹਿਰ ਦਾ ਬਾਨੀ ਕੌਣ ਸੀ ਇਹ ਲਹਿਰ ਅੰਬੇਡਕਰ ਲਹਿਰ ਨਾਲ ਕਿਵੇਂ ਜੁੜ ਕੇ ਅੱਗੇ ਵਧੀ ਤੇ ਇਹ ਲਹਿਰ ਕਿਸ ਸੱਚ ਨੂੰ ਪੱਲੇ ਬੰਨ੍ਹ ਕੇ ਤੁਰੀ।

ਇਹਨਾਂ ਵਿਸ਼ਿਆਂ ਦਾ ਗਿਆਨ ਸੋਵੀਨਰ ਵਿਚੋਂ ਪੜ੍ਹ ਕੇ ਅਸੀਮ ਖੁਸ਼ੀ ਹੋਈ ਹੈ। ਇਸ ਸੋਵੀਨਰ ਦੀ ਸਭ ਤੋਂ ਵੱਡੀ ਪ੍ਰਾਪਤੀ ਹੀ ਸੋਵੀਨਰ ਦਾ ਦਲਿਤ ਇਤਿਹਾਸ ਦਾ ਦਸਤਾਵੇਜ਼ ਬਣ ਜਾਂਦਾ ਹੈ। ਸਾਡੀ ਬਦਨਸੀਬੀ ਹੈ ਕਿ ਅਸੀਂ ਆਪਣੇ ਮਹਾਨ ਇਤਿਹਾਸਕ ਵਿਰਸਿਆਂ ਤੋ ਸੱਖਣੇ ਹਾਂ। ਕਾਂਗਰਸ ਰਾਜ ਨੇ ਸਾਨੂੰ ਸਾਡੇ ਇਤਿਹਾਸ ਤੋਂ ਅਜਿਹਾ ਕੱਟਿਆ ਹੈ ਕਿ ਅਸੀਂ ਅਤਿ ਘਟੀਆ ਮਨੁੱਖੀ ਕਿਰਦਾਰ ਦੇ ਮਨੂੰਵਾਦੀ ਦੇਵੀ ਦੇਵਤਿਆਂ, ਅਵਤਾਰਾਂ, ਮਹਾਤਮਾਵਾਂ ਨੂੰ ਹੀ ਆਪਣੇ ਮਾਤਾ-ਪਿਤਾ ਕਹਿਣ ਤੇ ਪੂਜਣ ਲੱਗ ਪਏ ਹਾਂ ਪ੍ਰੰਤੂ ਆਪਣੇ ਸਮਾਜ ਦੇ ਮਹਾਨ ਯੋਧਿਆਂ ਦਾ ਨਾਂ ਵੀ ਨਹੀਂ ਜਾਣਦੇ। ਡਾ. ਅੰਬੇਡਕਰ, ਜੋ ਇਕ ਅਦੁੱਤੀ ਸ਼ਖਸੀਅਤ ਸੀ, ਜਿਸ ਬਾਰੇ ਇਕ ਸਾਥੀ ਨੇ ਜਿਸਨੂੰ ਅੰ-ਬੇਡਕਰ ਬਾਰੇ ਸੱਜਰੀ ਜਾਣਕਾਰੀ ਦਿੱਤੀ ਗਈ ਸੀ, ਕਿਹਾ "ਇਹ ਸੱਚ ਹੈ ਸਾਥੀ ਕਿ ਅੱਜ ਇਹ ਪਤਾ ਚੱਲਿਆ ਸਾਡਾ ਦਾਤਾ ਅੰਬੇਡਕਰ ਹੈ, ਜੋ ਅਸੀਂ ਉਪਰ ਵਾਲੇ ਨੂੰ ਦਾਤਾ ਕਹੀਏ ਜਾਂ ਕਹਿੰਦੇ ਹਾਂ ਤਾਂ ਉਹ ਦਾਤਾ ਉਦੋਂ ਕਿੱਥੇ ਸੀ, ਜਦੋਂ ਅੰਬੇਡਕਰ ਹੈ ਨਹੀਂ ਸੀ। ਉਦੋਂ ਉਸ ਨੇ ਸਾਨੂੰ ਇਹ ਅਧਿਕਾਰ ਕਿਉਂ ਨਾ ਦੇ ਦਿੰਤੇ?" ਦਾ ਨਾਂ ਵੀ ਆਮ ਦਲਿਤ ਲੋਕਾਂ ਨੂੰ ਨਹੀਂ ਪਤਾ। ਮਹਾਤਮਾ ਜੋਤੀ ਰਾਓ ਫੂਲੇ, ਪੈਰੀਅਰ ਰਾਮਾ ਸੁਆਮੀ, ਬਾਬੂ ਮੰਗੂ ਰਾਮ ਮੁੱਗੋਵਾਲੀਆ ਵਰਗੀਆਂ ਮਹਾਨ ਸਮਾਜਵਾਦੀ ਸ਼ਖਸੀਅਤਾਂ ਨੂੰ ਹਨ੍ਹੇਰੇ ਦੀਆਂ ਕੰਧਰਾਂ ਵਿਚੋਂ ਮਨੂੰਵਾਦੀਆਂ ਨੇ ਲੁਕਾ ਦਿੱਤਾ। ਪ੍ਰੰਤੂ ਅੱਜ ਦਲਿਤਾਂ ਦਾ ਸੁਚੇਤ ਵਰਗ ਇਸ ਪਾਸੇ ਯਤਨਸ਼ੀਲ ਹੈ। 1985 ਦਾ ਇਹ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਅਗਲੇ ਰਸਤੇ ਵਿਚ ਇਕ ਅਟੁੱਟ ਮੀਲ ਪੱਥਰ ਬਣ ਖਲੋਤਾ ਹੈ।

ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਗਦਰ ਪਾਰਟੀ ਦੇ ਸਿਰਲੱਥ ਯੋਧੇ ਰਹੇ, ਮੌਤ ਦੀ ਸਜ਼ਾ ਹੋਈ, ਬਨਵਾਸ ਕੱਟਣਾ ਪਿਆ, ਫਿਰ ਵੀ ਕੌਮ ਲਈ ਜੀਵਤ ਰਹੇ। ਆਦਿ ਧਰਮ ਦੀ ਨੀਂਹ ਰੱਖੀ। ਬਾਬਾ ਸਾਹਿਬ ਦੇ ਸਾਥੀ ਬਣੇ। ਅੱਜ ਮਾਣੀਂਦੇ ਅਧਿਕਾਰਾਂ ਲਈ ਲੜਦੇ ਰਹੇ। ਮਹਾਤਮਾ ਗਾਂਧੀ ਦੇ ਬਰਾਬਰ, ਆਪਣੇ ਅਧਿਕਾਰਾਂ ਲਈ ਮਰਨ ਵਰਤ ਰੱਖਿਆ। ਰੀਜ਼ਰਵ ਸੀਟਾਂ ਦਾ ਅਧਿਕਾਰ ਲੈ ਕੇ ਅੱਠਾਂ 'ਚੋਂ ਸੱਤ ਐਮ. ਐਲ. ਏ. ਚੁਣੇ, ਅਛੂਤਾਂ ਵੱਲੋਂ ਘਰ-ਬਾਰ ਖਰੀਦ ਸਕਣ ਲਈ ਜੱਦੋ ਜਹਿਦ ਕੀਤੀ। ਸਕੂਲ ਜਾਣ ਦੇ ਅਧਿਕਾਰ ਲਈ ਬਾਬਾ ਸਾਹਿਬ ਨੂੰ, ਗਾਂਧੀ ਦੇ ਖਿਲਾਫ ਅਛੂਤਾਂ ਦਾ ਨੇਤਾ ਸਾਬਤ ਕੀਤਾ। ਹਜ਼ਾਰਾਂ ਸਾਥੀਆਂ ਸਮੇਤ ਲੋਥੀਅਨ ਕਮੇਟੀ ਦੇ ਸਾਹਮਣੇ ਅਛੂਤਾਂ ਦੀ ਹੋਂਦ ਨੂੰ ਜਿਤਾਇਆ। ਅਛੂਤ ਲੋਕਾਂ ਨੂੰ ਹਿੰਦੂ, ਸਿੱਖ, ਮੁਸਲਮਾਨ, ਇਸਾਈ ਲਿਖਾਉਣ ਦੀ ਥਾਂ 'ਆਦਿ ਧਰਮੀ' ਲਿਖਾਉਣ ਲਈ ਮਹਾਨਤਮ ਕਾਰਜ ਕੀਤਾ ਤੇ ਗੁਲਾਮਾਂ ਨੂੰ ਦੋਹਰੀ ਗੁਲਾਮੀ ਦਾ ਅਹਿਸਾਸ ਕਰਵਾ ਕੇ, ਸਮ-ਾਜਿਕ ਇਨਕਲਾਬ ਦੇ ਰਸਤੇ ਪਾਇਆ। ਰਾਇਲ ਕਮਿਸ਼ਨ ਅਤੇ ਗਵਰਨਰ ਪੰਜਾਬ ਦੇ ਸਾਹਮਣੇ ਆਪਣੇ ਅਧਿਕਾਰਾਂ ਦੀਆਂ ਮੰਗਾਂ ਪੇਸ਼ ਕੀਤੀਆਂ, ਬੱਚਿਆਂ ਦੀਆਂ ਫੀਸਾਂ ਮੁਆਫ ਕਰਵਾਈਆਂ, ਅਛੂਤ ਵਿਰੋਧੀ, ਅਛੂਤ ਵਿਕਾਊ ਟੁੱਕੜਬੋਚਾਂ ਦਾ ਪਰਦਾ ਫਾਸ਼ ਕੀਤਾ। ਆਦਿ ਡੰਕਾ ਅਖਬਾਰ ਚਲਾਈ। ਸੋਹਣ ਸਿੰਘ ਭਕਨਾ ਦੇ ਅਹਿਮ ਸਾਥੀ ਰਹੇ। ਗਦਰੀ ਬਾਬਾ ਗੁਰਦਿਤ ਸਿੰਘ ਕਾਮਾ ਗਾਟਾਮਾਰੂ ਦਾ ਸਾਥ ਦਿੱਤਾ। ਲੋਕਾਂ ਨੂੰ ਦੱਸਿਆ ਕਿ ਸਾਡੇ ਗੁਰੂ ਤਾਂ ਗੁਰੂ ਰਵਿਦਾਸ, ਬਾਬਾ ਵਾਲਮੀਕ, ਬਾਬਾ ਨਾਮਦੇਵ, ਬਾਬਾ ਕਬੀਰ ਜੀ ਹਨ। ਲੋਕਾਂ ਨੂੰ ਤੇ ਅੰਗਰੇਜ਼ਾਂ ਨੂੰ ਦੱਸਿਆ ਕਿ ਅਸੀਂ ਇਸ ਦੇਸ਼ ਦੇ ਅਸਲੀ ਵਾਸ਼ਿੰਦੇ ਹਾਂ ਤੇ ਮਨੂੰਵਾਦੀ, ਆਰੀਅਨ ਵਿਦੇਸ਼ੀ ਹਨ। ਇਸ ਤੋਂ ਇਲਾਵਾ ਵੋਟਰ ਬਣਨ ਲਈ, ਜ਼ਮੀਨ ਜਾਇਦਾਦ ਤੇ ਯੋਗਤਾ ਆਦਿ ਦੀਆਂ ਸ਼ਰਤਾਂ ਖਤਮ ਕਰਾ ਕੇ ਸਧਾਰਨ ਕਰਵਾਈਆਂ। ਤਾਂ ਇਹ ਉਹ ਇਤਿਹਾਸ ਹੈ ਜਿਸ ਤੋਂ ਪੰਜਾਬ ਦੇ ਦਲਿਤ ਜੋ ਆਪਣੇ ਆਪ ਨੂੰ ਕਾਂਗਰਸੀ ਜਾਂ ਹਰੀਜਨ ਕਹਾਉਣ ਵਿਚ ਮਸ਼ਰੂਫ ਹਨ। ਕੁਝ ਇਕ ਟੁੱਕੜਬੋਚਾਂ ਨੇ ਆਪਣਾ ਇਤਿਹਾਸ ਘੱਟੇ ਪਾ ਕੇ 85 ਫੀਸਦੀ ਦਲਿਤ ਲੋਕਾਂ ਨਾਲ ਗਦਾਰੀ ਕੀਤੀ ਹੈ। ਦਲਿਤ ਲੋਕ ਇਸ ਗਦਾਰੀ ਨੂੰ ਭੁੱਲ ਨਹੀਂ ਸਕਣਗੇ। ਪ੍ਰੰਤੂ ਅੱਜ ਦਲਿਤ ਸ਼ੋਸ਼ਿਤ ਸਮਾਜ ਜਾਗਿਆ ਹੈ। ਦਲਿਤ ਇਤਿਹਾਸ ਮੁੜ ਚੌਰਾਹੇ 'ਤੇ ਹੈ। ਡਾ. ਅੰਬੇਡਕਰ ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਵਾਰਸ ਅੱਜ ਸੁਚੇਤ ਹੋ ਕੇ ਤੁਰੇ ਹਨ, ਉਹ ਦਿਨ ਦੂਰ ਨਹੀਂ ਜਦੋਂ ਸਾਡਾ ਮਾਨਵੀ ਤੇ ਮਨੁੱਖੀ ਬਰਾਬਰੀ ਵਾਲਾ ਇਤਿਹਾਸ ਕੂੜ ਪਸਾਰੇ ਵਾਲੇ ਇਤਿਹਾਸ ਨੂੰ ਲੁਕਾ ਸਕੇਗਾ। ਅੰਤ ਮੈਂ ਸਮੂਹ ਦਲਿਤਾਂ ਨੂੰ ਅਪੀਲ ਕਰਾਂਗਾ ਕਿ ਉਹ ਉਕਤ ਸੋਵੀਨਰ ਜ਼ਰੂਰ ਮੰਗਾਉਣ ਤੇ ਆਪਣੇ ਵਿਲੱਖਣ ਇਤਿਹਾਸਕ ਹੀਰੋਆਂ ਤੋਂ ਜਾਣੂ ਹੋ ਕੇ ਅੱਗੇ ਵਧਣ। ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ 'ਬਹੁਜਨ ਸੰਦੇਸ਼' ਨੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਤੇ ਵਿਸ਼ੇਸ਼ ਅੰਕ ਕੱਢ ਕੇ ਜਿੱਥੋਂ ਆਪਣੇ ਫਰਜ਼ ਨੂੰ ਨਿਭਾਇਆ ਹੈ, ਉਥੇ ਦਲਿਤਾਂ ਦੇ ਰੁਲ ਰਹੇ ਹੀਰੋ ਨੂੰ, ਵਿਸਰੇ ਜਾਂਦੇ ਇਤਿਹਾਸ ਨੂੰ ਦਲਿਤਾਂ ਅੱਗੇ ਪੇਸ਼ ਕੀਤਾ ਹੈ। ਇਸ ਲਈ ਕਿ ਜਦੋਂ ਤੱਕ ਅਸੀ ਆਪਣਾ ਇਤਿਹਾਸ ਨਹੀਂ ਜਾਣਦੇ, ਉਦੋਂ ਤੱਕ ਅੱਗੋਂ ਵੀ ਇਤਿਹਾਸ ਨਹੀਂ ਬਣਾ ਸਕਦੇ। ਇਸ ਸ਼ਲਾਘਾਯੋਗ ਕਦਮ ਲਈ 'ਬਹੁਜਨ ਸੰਦੇਸ਼' ਵਧਾਈ ਦਾ ਪਾਤਰ ਹੈ।

**- ਪ੍ਰੋ. ਗੁਰਨਾਮ ਸਿੰਘ, ਮੁਕਤਸਰ**
**ਧੰਨਵਾਦ ਸਹਿਤ ਫਤਿਹਜੰਗ ਸਿੰਘ**
**ਬਹੁਜਨ ਸੰਦੇਸ਼ 14 ਜੁਲਾਈ 1985**



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਮਰੀਕਾ ਦੇ ਮੈਰੀਲੈਂਡ ਸੂਬੇ 'ਚ ਹੋਇਆਂ ਸੰਯੁਕਤ ਕਿਸਾਨ ਮੋਰਚਾ ਗਠਨ, ਕਿਸਾਨੀ ਮੁੱਦਿਆਂ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖੀ ਚਿੱਠੀ

**ਮੈਰੀਲੈਂਡ, 17 ਅਪ੍ਰੈਲ (ਰਾਜ ਗੋਗਨਾ)–** ਪ੍ਰਵਾਸੀ ਕਿਸਾਨ ਹੁਣ ਭਾਰਤੀ ਕਿਸਾਨਾਂ ਦੇ ਸੰਘਰਸ਼ ਵਿੱਚ ਮੋਢੇ ਨਾਲ ਮੋਢਾ ਲਾ ਕੇ ਹਿੱਸਾ ਲੈ ਰਹੇ ਹਨ। ਇਸ ਲੜੀ ਵਿੱਚ ਅਮਰੀਕਾ ਦੇ ਮੈਰੀਲੈਂਡ ਦੇ ਸਿੱਖਾਂ ਨੇ ਵੀ ਆਪਣੇ ਕਦਮ ਅੱਗੇ ਵਧਾਉਂਦਿਆਂ ਇਕ ਮਿਸਾਲੀ ਕਾਰਜ ਕੀਤਾ ਹੈ। ਸਿੱਖ ਆਗੂ ਬਲਜਿੰਦਰ ਸਿੰਘ ਸ਼ੰਮੀ ਦੀ ਅਗਵਾਈ ਵਿੱਚ ਮੈਰੀਲੈਂਡ ਦੇ ਸਿੱਖਾਂ ਵੱਲੋਂ 'ਸੰਯੁਕਤ ਕਿਸਾਨ ਮੋਰਚਾ ਮੈਰੀਲੈਂਡ' ਦਾ ਗਠਨ ਕੀਤਾ ਗਿਆ ਹੈ। ਇਸ ਮੋਰਚੇ ਦੀ ਪੈਰਬੰਧਕੀ ਕਮੇਟੀ ਵਿੱਚ ਸਿੱਖ ਆਗੂ ਸ੍ਰੀ. ਬਲਜਿੰਦਰ ਸਿੰਘ ਸ਼ੰਮੀ ਤੋਂ ਇਲਾਵਾ ਧਰਮਪਾਲ ਸਿੰਘ ਸਾਬਕਾ ਚੇਅਰਮੈਨ ਸਿੱਖ ਐਸੋਸੀਏਸ਼ਨ ਬਾਲਟੀਮੋਰ, ਦਲਵੀਰ ਸਿੰਘ ਸਾਬਕਾ ਪੈਰਧਾਨ ਸਿੱਖ ਐਸੋਸੀਏਸ਼ਨ ਬਾਲਟੀਮੋਰ, ਸਰਬਜੀਤ ਸਿੰਘ ਢਿੱਲੋਂ ਸਾਬਕਾ ਚੇਅਰਮੈਨ ਸਿੱਖ ਐਸੋਸੀਏਸ਼ਨ ਬਾਲਟੀਮੋਰ, ਪੈਰਿਤਪਾਲ ਸਿੰਘ (ਲੱਕੀ), ਸੁਰਿੰਦਰ ਸਿੰਘ (ਸੋਨੀ), ਸੁਰਿੰਦਰ ਸਿੰਘ ਸੇਠੀ, ਇੰਦਰਜੀਤ ਸਿੰਘ ਗੁਜਰਾਲ, ਬਲਜੀਤ ਸਿੰਘ ਗਿੱਲ, ਰਜਿੰਦਰ ਸਿੰਘ ਸ਼ਾਮਿਲ ਹਨ। ਇੰਨਾਂ ਨੇ ਮੋਰਚੇ ਦੇ ਗਠਨ ਤੋਂ ਬਾਅਦ ਗੱਲਬਾਤ ਕਰਦਿਆਂ ਸਿੱਖ ਆਗੂ ਬਲਜਿੰਦਰ ਸਿੰਘ ਸ਼ੰਮੀ ਨੇ ਕਿਹਾ ਕਿ ਮੋਰਚੇ ਵਲੋਂ ਭਾਰਤੀ ਦੂਤਾਵਾਸ ਵਾਸ਼ੈਂਗਟਨ ਡੀ.ਸੀ ਚ' ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਕ ਪੱਤਰ ਭੇਜਿਆ ਗਿਆ ਜਿਸ ਵਿਚ ਕਿਸਾਨਾਂ ਦੀਆਂ ਮੰਗਾਂ ਨੂੰ ਜਲਦ ਤੋਂ ਜਲਦ ਮੰਨਣ ਦੀ ਬੇਨਤੀ ਕੀਤੀ ਗਈ।

ਉਨੈਹਾਂ ਦੱਸਿਆ ਉਪਰੋਕਤ ਦਰਸਾਈ ਗਈ ਮੈਨੇਜਿੰਗ ਕਮੇਟੀ ਹੀ ਸੰਯੁਕਤ ਕਿਸਾਨ ਮੋਰਚਾ ਮੈਰੀਲੈਂਡ ਦਾ ਸੰਚਾਲਨ ਕਰੇਗੀ।

ਇੱਥੇ ਦੱਸਣਯੋਗ ਹੈ ਕਿ ਕਿਸਾਨੀ ਮੁੱਦਿਆਂ 'ਤੇ ਸਾਬਕਾ ਬੀ.ਜੇ.ਪੀ ਆਗੂ ਬਲਜਿੰਦਰ ਸਿੰਘ ਸ਼ੰਮੀ ਨੇ ਬੀ.ਜੇ.ਪੀ. ਕੋਆਰਡੀਨੇਟਰ ਮੈਰੀਲੈਂਡ ਸਟੇਟ ਯੂ.ਐੱਸ.ਏ ਦੇ ਆਪਣੇ ਅਹੁ-ਦੇ ਤੋਂ ਅਸਤੀਫਾ ਦੇ ਦਿੱਤਾ ਸੀ ਜੋ ਕਿ ਅਮਰੀਕੀ ਸਿਆਸਤ ਦੀ ਇਕ ਵੱਡੀ ਖਬਰ ਸੀ। ਅਸਤੀਫਾ ਦੇਣ ਉਪਰੰਤ ਬਲਜਿੰਦਰ ਸਿੰਘ ਸ਼ੰਮੀ ਨੇ ਕਿਸਾਨ ਆਗੂ ਰਕੇਸ਼ ਟਿਕੈਤ ਨਾਲ ਭਾਰਤ ਜਾ ਕੇ ਵੀ ਮੁਲਾਕਾਤ ਕੀਤੀ ਸੀ। ਬਲਜਿੰਦਰ ਸਿੰਘ ਸ਼ੰਮੀ ਨੇ ਦੱਸਿਆ ਕਿ ਰਕੇਸ਼ ਟਿਕੈਤ ਅਤੇ ਅੰਦੋਲਨ ਦੀ ਹਮਾਇਤ ਵਿਚ ਸੰਯੁਕਤ ਕਿਸਾਨ ਮੋਰਚੇ ਦੀਆਂ ਸ਼ਾਖਾਵਾਂ 70 ਦੇਸ਼ਾਂ ਵਿਚ ਚੱਲ ਰਹੀਆਂ ਹਨ। ਉਨੈਹਾਂ ਕਿਹਾ ਕਿ ਪੈਰਧਾਨ ਮੰਤਰੀ ਨੂੰ ਪੱਤਰ ਲਿਖਣ ਤੋਂ ਬਾਅਦ ਅਸੀਂ ਸੰਯੁਕਤ ਕਿਸਾਨ ਮੋਰਚਾ ਮੈਰੀਲੈਂਡ ਵੱਲੋ ਅਮਰੀਕਾ ਦੇ ਕਾਂਗਰਸਮੈਨ ਅਤੇ ਸੈਨੇਟਰ ਨਾਲ ਮੁਲਾਕਾਤ ਵੀ ਕਰਾਂਗੇ ਅਤੇ ਕਿਸਾਨੀ ਮੁੱਦਿਆਂ ਬਾਰੇ ਜਾਣੂੰ ਕਰਵਾਵਾਂਗੇ।

ਸੰਯੁਕਤ ਕਿਸਾਨ ਮੋਰਚਾ ਮੈਰੀਲੈਂਡ ਦੇ ਗਠਨ 'ਤੇ ਉੱਘੇ ਸਿੱਖ ਆਗੂ ਅਤੇ ਸਿੱਖਸ ਆਫ਼ਤ ਅਮਰੀਕਾ ਦੇ ਚੇਅਰਮੈਨ ਸ: ਜਸਦੀਪ ਸਿੰਘ ਜੱਸੀ ਨੇ ਨਵੇ ਗਠਨ ਦੀਆ ਸ਼ੁੱਭ ਕਾਮਨਾਵਾਂ ਦਿੰਦਿਆਂ ਮੁਬਾਰਕਬਾਦ ਦਿੱਤੀ ਅਤੇ ਆਸ ਕੀਤੀ ਕਿ ਜਿਹੜੇ ਮੰਤਵ ਨੂੰ ਲੈ ਕੇ ਇਹ ਮੋਰਚਾ ਬਣਾਇਆ ਗਿਆ ਹੈ ਉਸ ਵਿੱਚ ਜ਼ਰੂਰ ਕਾਮਯਾਬ ਮਿਲੇਗੀ।

# ਅਮਰੀਕਾ ਨੇ ਅੰਬੇਡਕਰ ਨੂੰ ਦਿੱਤਾ ਸੰਸਦ ਵਿਚ ਸਨਮਾਨ

## ਲਗਾਤਾਰ ਦੂਜੇ ਸਾਲ ਅੰਬੇਡਕਰ ਜੈਅੰਤੀ 'ਤੇ ਲਿਆਂਦਾ ਗਿਆ ਪ੍ਰਸਤਾਵ

**ਵਾਸ਼ਿੰਗਟਨ–** ਅਮਰੀਕਾ ਦੀ ਸੰਸਦ ਨੇ 130ਵੀਂ ਜੈਅੰਤੀ 'ਤੇ ਡਾ. ਭੀਮਰਾਓ ਅੰਬੇਡਕਰ ਅਤੇ ਵਿਸਾਖੀ ਦੇ ਦਿਹਾੜੇ ਦੋਵਾਂ ਦੇ ਹੀ ਮਹੱਤਵ ਨੂੰ ਸਵੀਕਾਰ ਕਰਦੇ ਹੋਏ ਸੰਸਦ ਵਿਚ ਪ੍ਰਸਤਾਵ ਪੇਸ਼ ਕੀਤਾ।



ਲਗਾਤਾਰ ਦੂਜੇ ਸਾਲ ਅਮਰੀਕਾ ਦੀ ਪ੍ਰਤੀਨਿਧੀ ਸਭਾ ਵਿਚ ਡਾ. ਅੰਬੇਡਕਰ ਜੈਅੰਤੀ ਤੇ ਪ੍ਰਸਤਾਵ ਲਿਆਂਦਾ ਗਿਆ। ਉਹਨਾਂ ਨੂੰ ਮਹਾਨ ਸੰਵਿਧਾਨ ਘਾੜੇ ਦੇ ਰੂਪ ਵਿਚ ਯਾਦ ਕੀਤਾ ਗਿਆ। ਸਾਂਸਦ ਰੋ ਖੰਨਾ ਨੇ ਪ੍ਰਸਤਾਵ ਪੇਸ਼ ਕਰਨ ਤੋਂ ਬਾਅਦ ਟਵੀਟ ਕਰਦੇ ਹੋਏ ਕਿਹਾ ਕਿ ਡਾ. ਅੰਬੇਡਕਰ ਭਾਰਤ ਅਤੇ ਅਮਰੀਕਾ ਦੋਵਾਂ ਦੇ ਲਈ ਹੀ ਪ੍ਰੇਰਨਾਦਾਇਕ ਹਨ। ਮੈਂ ਡਾ. ਅੰ-ਬੇਡਕਰ ਦੇ ਮਹਾਨ ਕੰਮਾਂ ਨੂੰ ਯਾਦ ਕਰਦੇ ਹੋਏ ਫਿਰ ਇਕ ਵਾਰ ਪ੍ਰਤੀਨਿਧੀ ਸਭਾ ਵਿਚ ਪ੍ਰਸਤਾਵ ਲਿਆ ਰਿਹਾ ਹਾਂ। ਡਾ. ਅੰਬੇਡਕਰ ਦੇ ਸਮਾਨਤਾ, ਨਿਆਂ ਅਤੇ ਸੁਤੰਤਰਤਾ ਤੇ ਵਿਚਾਰ ਸਾਰੇ ਨਾਗਰਿਕਾਂ ਨੂੰ ਬਰਾਬਰ ਅਧਿਕਾਰ ਦੀ ਸਿੱਖਿਆ ਦਿੰਦੇ ਹਨ। ਅਮਰੀਕਾ ਦੀ ਪ੍ਰਤੀਨਿਧੀ ਸਭਾ ਵਿਚ ਭਾਰਤ ਨਾਲ ਸਬੰਧਤ ਦੂਜਾ ਪ੍ਰਸਤਾਵ ਵਿਸਾਖੀ ਦੇ ਦਿਹਾੜੇ ਤੇ ਲਿਆਂਦਾ ਗਿਆ। ਇਹ ਪ੍ਰਸਤਾਵ ਲਿਆਉਂਦੇ ਹੋਏ ਸਾਂਸਦ ਜਾਨ ਗੈਰਾਮੈਂਡੀ ਨੇ ਕਿਹਾ ਕਿ ਵਿਸਾਖ ਦਾ ਇਤਿਹਾਸਕ, ਸਭਿਆਚਾਰ ਅਤੇ ਧਾਰਮਿਕ ਮਹੱਤਵ ਹੈ। ਉਹ ਸਿੱਖਾਂ ਦੇ ਨਾਲ ਹੀ ਹਿੰਦੂਆਂ ਅਤੇ ਬੋਧ ਭਾਈਚਾਰੇ ਦੇ ਲਈ ਬਹੁਤ ਹੀ ਮਹੱਤਵਪੂਰਨ ਹੈ। ਕੈਲੇਫੋਰਨੀਆ ਦੇ ਸਾਂਸਦ ਜਾਨ ਸੰਸਦ ਵਿਚ ਸਿੱਖ ਕਾਕਸ ਦੇ ਉਪ-ਆਰਗੇਨ-ਾਈਜ਼ਰ ਵੀ ਹਨ। ਉਹਨਾਂ ਨੇ ਕਿਹਾ ਕਿ ਮੈਂ ਉਹਨਾਂ ਸਾਰੇ ਮੈਂਬਰਾਂ ਦੀ ਹੌਸਲਾ ਅਫਜਾਈ ਕਰਨਾ ਚਾਹਾਂਗਾ, ਜੋ ਵਿਸਾਖੀ ਦੇ ਮਹੱਤਵ ਨੂੰ ਜਾਣਦੇ ਹਨ ਟਤੇ ਉਸਨੂੰ ਮਨਾਉਣ ਵਿਚ ਭਾਗ ਲੈਂਦੇ ਹਨ। ਅਮਰੀਕਾ ਵਿਚ ਵਿਸਾਖੀ ਸਿੱਖਾਂ ਅਤੇ ਹਿੰਦੂਆਂ ਦੁਆਰਾ ਵੱਡ ਪੱਧਰ ਤੇ ਮਨਾਈ ਜਾਂਦੀ ਹੈ। ਵੱਡੇ-ਵੱਡੇ ਜਲੂਸ ਆਯੋਜਿਤ ਕੀਤੇ ਜਾਂਦੇ ਹਨ।

### ਡਾ. ਅੰਬੇਡਕਰ ਸਾਡੇ ਪ੍ਰੇਰਨਾਸਰੋਤ

ਅਮਰੀਕਾ ਵਿਚ ਡਾ. ਭੀਮਰਾਓ ਅੰਬੇਡਕਰ ਦੀ 130ਵੀਂ ਜੈਅੰਤੀ ਤੇ ਭਾਰਤ ਦੇ ਦੂਤ ਰਣਧੀਰ ਜੈਸਵਾਲ ਨੇ ਨਿਊਯਾਰਕ ਵਿਚ ਕਿਹਾ ਕਿ ਡਾ. ਅੰਬੇਡਕਰ ਹਮੇਸ਼ਾ ਸਮਾਜਿਕ ਸੁਧਾਰਕ ਦੇ ਤੌਰ 'ਤੇ ਸਾਡੇ ਪ੍ਰੇਰਨਾ ਸਰੋਤ ਰਹਿਣਗੇ। ਇਹ ਆਯੋਜਨ ਨਿਊਯਾਰਕ ਦੇ ਸ੍ਰੀ ਗੁਰੂ ਰਵਿਦਾਸ ਸਭਾ ਨੇ ਆਯੋਜਿਤ ਕੀਤਾ ਸੀ।

# ਨਾਨਕ ਸਾਇਰ ਇਵ ਕਹਿਆ

**ਸਿਆਟਲ–** ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਕਵੀ ਦਰਬਾਰਾਂ ਅਤੇ ਸਾਹਿਤਕ ਪ੍ਰੋਗਰਾਮਾਂ ਦੀ ਲੜੀ ਦੀ ਨਿਰੰਤਰਤਾ ਨੂੰ ਕਾਇਮ ਰੱਖਦਿਆਂ ਅਤੇ ਕੋਵਿਡ-19 ਕਾਰਨ ਸਾਵਧਾਨੀਆਂ ਨੂੰ ਮੱਦੇ ਨਜ਼ਰ ਰੱਖਦਿਆਂ, ਅਪਰੈਲ 15,2021 ਨੂੰ ਜ਼ੂਮ ਤਕਨੀਕ ਰਾਹੀਂ ,ਪਰਮ ਪਿਤਾ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਦਿਹਾੜੇ, ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਤਿਉਹਾਰ ਨਾਲ ਸੰਬੰਧਿਤ ਕਵੀ ਦਰਬਾਰ ਕਰਵਾਇਆ ਗਿਆ। ਅੱਜ ਦੇ ਇਸ ਵਿਸ਼ੇਸ਼ ਕਵੀ ਦਰਬਾਰ ਵਿੱਚ ਜਿੱਥੇ ਗੁਰੂ ਸਾਹਿਬਾਨ ਜੀ ਦੀ ਜ਼ਿੰਦਗੀ,ਉਹਨਾ ਦੇ ਫਲਸਫ਼ੇ ਅਤੇ ਉਹਨਾਂ ਵੱਲੋਂ ਮਾਨਵਤਾ ਲਈ ਸਿਰਜੇ ਸਿਧਾਤਾਂ ਨੂੰ ਸ਼ਾਇਰਾਨਾਂ ਢੰਗ 'ਚ ਯਾਦ ਕੀਤਾ ਗਿਆ ਉਥੇ ਖਾਲਸਾ ਜੀ ਦੀ ਸਥਾਪਨਾ ਅਤੇ ਵਿਸਾਖੀ ਦਾ ਪਵਿੱਤਰ ਦਿਹਾੜਾ ਵੀ,ਅੱਜ ਪੇਸ਼ ਕਾਵਿ ਦੇ ਵੱਖ ਵੱਖ ਰੂਪਾਂ ਦਾ ਵਿਸ਼ਾ ਸੀ। ਸਭਾ ਦੇ ਸਕੱਤਰ ਬਲਿਹਾਰ ਸਿੰਘ ਲ੍ਹੇਲ ਨੇ ਗੁਰ ਫਤਿਹ ਬੁਲਾਉਂਦਿਆਂ ਕਵੀ ਦਰਬਾਰ ਦਾ ਆਗ਼ਾਜ਼ ਕਰਦਿਆਂ ਸਭਾ ਦੇ ਪ੍ਰਧਾਨ ਡਾ.ਜੇ.ਬੀ ਸਿੰਘ ਨੂੰ ਸੱਦਾ ਦਿੱਤਾ। ਉਹਨਾਂ ਗੁਰੂ ਨਾਨਕ ਦੇਵ ਜੀ ਨਾਲ ਸ਼ਾਇਰਾਂ ਦੇ ਸਾਂਝੇ ਰਿਸ਼ਤੇ, 'ਸ਼ਾਇਰ ਹੋਣ ਦਾ' ਤੇ ਖੁਸ਼ੀ ਵਿਅਕਤ ਕਰਦਿਆਂ ਮਹਾਨ ਸੰਤ ਵਿਦਵਾਨ ਰਾਬਿੰਦਰ ਨਾਥ ਟੈਗੋਰ ਜੀ ਦੇ ਸ਼ਬਦਾਂ ਵਿੱਚ ਗੁਰੂ ਨਾਨਕ ਜੀ ਦੁਵਾਰਾ ਸਦੀਆਂ ਪਹਿਲਾਂ ਲਿਖੇ 'ਵਿਸ਼ਵ ਗੀਤ.....ਗਗਨ ਮੈਂ ਥਾਲ.....' ਦੀ ਜਾਣਕਾਰੀ ਦਿੱਤੀ।

ਕਵੀਆਂ ਨੇ ਖ਼ੂਬਸੂਰਤ ਅਤੇ ਪਵਿੱਤਰ ਸ਼ਬਦਾਂ ਵਿੱਚ ਰਚੀਆਂ ਆਪਣੀਆਂ ਨਜ਼ਮਾਂ ਅਤੇ ਗੀਤਾਂ ਨੂੰ ਵਿਲੱਖਣਤਾ ਨਾਲ ਪੇਸ਼ ਕੀਤਾ ਜਿਵੇਂ ਕਿ 'ਅੱਜ ਚੜਿਆ ਦਿਨ ਵਿਸਾਖ ਦਾ, ਪੰਨਾ ਸਿਰਜਣ ਲਈ ਇਤਿਹਾਸ ਦਾ (ਅਮਨਵੀਰ ਸਿੰਘ ਧਾਮੀ ਸਾਊਥ ਕੋਰੀਆ), ਸੋ ਕਿਉਂ ਮੰਦਾ ਆਖੀਐ ਜਿਤ ਜੰਮੈ ਰਾਜਾਨ (ਮੰਗਤ ਕੁਲਜਿੰਦ), ਮਰੀ ਹੋਈ ਮਨੁੱਖ ਦੀ ਜ਼ਮੀਰ ਤੂੰ ਜਗਾ ਗਿਆ (ਅਵਤਾਰ ਸਿੰਘ ਆਦਮਪੁਰੀ), ਬੋਲੇ ਸੋ ਨਿਹਾਲ ਸਤਿ ਸਿਰੀ ਆਕਾਲ (ਹਰਪਾਲ ਸਿੰਘ ਸਿੱਧੂ), ਮੈਂ ਤੇਰੀ ਨਾ ਮੰਨੀ ਨਾਨਕ ਤੂੰ ਮੇਰੀ ਹੀ ਮੰਨ ਜਾ (ਡਾ.ਜੇ ਬੀ ਸਿੰਘ ਪ੍ਰਧਾਨ) ਆਦਿ ਕਵੀ ਜਿੱਥੇ ਹਾਜ਼ਰੀ ਲਵਾ ਰਹੇ ਸਨ ਉਥੇ ਕਵਿੱਤਰੀਆਂ ਵੀ ਆਪਣੀ ਆਵਾਜ਼ ਦੇ ਰੰਗ ਬਿਖੇਰ ਰਹੀਆਂ ਸਨ, 'ਅਸੀਂ ਵੇਖੋ ਨਸ਼ਿਆਂ ਨੂੰ ਗਲ ਨਾਲ ਲਾ ਲਿਆ, ਇਸ ਤਰ੍ਹਾਂ ਵਿਸਾਖੀ ਨੂੰ ਮਨਾ ਲਿਆ (ਹਰਮੀਤ ਕੌਰ ਮੀਤ), ਨਾਨਕੀ ਦਾ ਵੀਰ ਪਿਆਰਾ (ਪ੍ਰੀਤਮ ਕੌਰ ਨਵੀਂ ਦਿੱਲੀ), ਨਾਨਕ ਉਚਾਰੀ ਆਰਤੀ ਤੋੜੇ ਭਰਮ ਅਖੀਰ (ਬਿੰਦੂ ਮਠਾਰੂ), ਨਾਨਕੀ ਦਾ ਵੀਰ ਆਇਆ (ਰਮਨਦੀਪ ਕੌਰ ਰੰਮੀ),ਉਹਦਾ ਨੂਰ ਹੈ ਰਾਤਾਂ ਦੀ ਰੋਸ਼ਨੀ (ਸਤਵੀਰ ਕੌਰ ਰਾਜਆਣਾ)।

ਕੁਝ ਕੁ ਕਵੀਆਂ ਨੇ ਕਵਿਤਾਵਾਂ ਦਾ ਉਚਾਰਣ ਕੀਤਾ ਜਦੋਂ ਕਿ ਕਾਫੀ ਕਵੀਆਂ ਨੇ ਤਰੰਨਮ 'ਚ ਪੇਸ਼ ਕਰਕੇ ਮਾਹੌਲ ਨੂੰ ਵਿਸਮਾਦਮਈ ਕਰ ਦਿੱਤਾ। ਸਭਾ ਦੇ ਸੀਨੀਅਰ ਤੇ ਸਤਿਕਾਰਿਤ ਅਹੁਦੇਦਾਰ ਹਰਦਿਆਲ ਸਿੰਘ ਚੀਮਾ, ਸਭਾ ਦੇ ਹਿੰਮਤੀ ਅਤੇ ਐਕਟਿਵ ਸਕੱਤਰ ਬਲਿਹਾਰ ਲ੍ਹੇਲ, ਗੁਰਮਤਿ ਅਤੇ ਪੰਜਾਬੀ ਦੇ ਮਦਈ ਸਹਾਇਕ ਸਕੱਤਰ ਸਾਧੂ ਸਿੰਘ ਝੱਜ ਨੇ ਜਿੱਥੇ ਅੱਜ ਦੇ ਪਵਿੱਤਰ ਦਿਹਾੜੇ ਦੀ, ਸਾਰੀ ਮਾਨਵਤਾ ਨੂੰ ਵਧਾਈ ਦਿੱਤੀ ਉਥੇ ਬਹੁਤ ਕੀਮਤੀ ਜਾਣਕਾਰੀਆਂ ਸਾਧ ਸੰਗਤਾਂ ਨਾਲ ਸਾਂਝੀਆਂ ਕੀਤੀਆਂ ਜੋ ਇਸ ਪ੍ਰੋਗਰਾਮ ਨੂੰ ਫੇਸਬੁਕ ਤੇ ਲਾਈਵ ਵੇਖ ਰਹੀਆਂ ਸਨ ਜਾਂ ਸੁਣ ਰਹੀਆਂ ਸਨ। ਪਿਛਲੇ ਕੁਝ ਸਮੇਂ ਵਿੱਚ ਸਾਡੇ ਕੋਲੋਂ ਵਿਛੜ ਚੁੱਕੇ ਸਾਹਿਤਕਾਰਾਂ ,ਕਲਾਕਾਰਾਂ ਦੀ ਆਤਮਾ ਦੀ ਸ਼ਾਤੀ ਲਈ ਅਰਦਾਸ ਕਰਦਿਆਂ ਉਹਨਾਂ ਨੂੰ ਸ਼ਰਧਾਂਜਲੀ ਦਿੱਤੀ।

ਪ੍ਰੋਗਰਾਮ ਦੇ ਸੰਚਾਲਨ ਦੀ ਜ਼ਿੰਮੇਵਾਰੀ ਬਲਿਹਾਰ ਲ੍ਹੇਲ ਜੀ ਨੇ ਪ੍ਰਧਾਨ ਜੀ ਦੀ ਸਹਾਇਤਾ ਨਾਲ ਬਾਖ਼ੂਬੀ ਨਿਭਾਈ। ਅਖੀਰ ਵਿੱਚ ਸਭਾ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਆਦਮਪੁਰੀ ਜੀ ਨੇ ਖ਼ੂਬਸੂਰਤ ਸ਼ਬਦਾਂ ਵਿੱਚ ਭਾਗ ਲੈਣ ਵਾਲੇ ਲਿਖਾਰੀਆਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ।

*ਡਾ. ਜੇ. ਬੀ. ਸਿੰਘ ਪ੍ਰਧਾਨ, ਬਲਿਹਾਰ ਸਿੰਘ ਲੇਹਲ ਸਕੱਤਰ, ਮੰਗਤ ਕੁਲਜਿੰਦ ਸਿਆਟਲ 425-286-0163*

# ਡਾ. ਰਮਨਦੀਪ ਸਿੰਘ ਸਿੱਧੂ ਨੂੰ ਸਦਮਾ, ਪਿਤਾ ਕੁਲਵੰਤ ਸਿੰਘ ਸਿੱਧੂ ਦੀ ਮੌਤ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਖੇਤੀਬਾੜੀ ਮਹਿਕਮੇ 'ਚ ਚੀਫ ਖੇਤੀਬਾੜੀ ਅਫਸਰ ਰਹੇ ਕੁਲਵੰਤ ਸਿੰਘ ਸਿੱਧੂ (76) ਦੀ ਲੰਮੀ ਬਿਮਾਰੀ ਕਾਰਨ ਸਿਆਟਲ ਵਿਚ ਮੌਤ ਹੋ ਗਈ, ਜਿਸਦੀ ਖਬਰ ਸੁਣਦਿਆਂ ਹੀ ਪੰਜਾਬੀ ਭਾਈਚਾਰੇ 'ਚ ਮਾਤਮ ਛਾ ਗਿਆ। ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐਮ. ਐਸ. ਕਰਕੇ ਗੁਰਦਾਸਪੁਰ ਦੇ ਜੰਮਪਲ ਸਿੱਧੂ ਲੰਮਾ ਸਮਾਂ ਚੀਫ ਐਗਰੀਕਲਰਚ ਅਫਸਰ ਅੰਮ੍ਰਿਤਸਰ ਰਹੇ ਅਤੇ ਪਿਛਲੇ 2 ਸਾਲਾਂ ਤੋਂ ਆਪਣੇ ਲੜਕੇ ਡਾ. ਰਮਨਦੀਪ ਸਿੰਘ ਸਿੱਧੂ (ਸਰਜਨ) ਪਾਸ ਰਹਿ ਰਹੇ ਸਨ। ਉਹਨਾਂ ਦਾ ਸਸਕਾਰ 25 ਅਪ੍ਰੈਲ ਨੂੰ 11 ਤੋਂ 2 ਵਜੇ ਤੱਕ ਹੋਵੇਗਾ ਅਤੇ ਅਤਿੰਮ ਅਰਦਾਸ ਗੁਰਦੁਆਰਾ ਬੋਥਲ (ਸਿਆਟਲ) ਵਿਖੇ 3.30 ਤੋਂ 5 ਵਜੇ ਤੱਕ ਹੋਵੇਗੀ।




Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691




Email: myfuturetruck@gmail.com



'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ


ਗੁਰਿੰਦਰਜੀਤ ਨੀਟਾ ਮਾਛੀਕੇ


ਕੁਲਵੰਤ ਧਾਲੀਆਂ

# ਅਮਰੀਕਾ ਦੇ ਸਾਬਕਾ ਉਪ ਰਾਸ਼ਟਰਪਤੀ ਵਾਲਟਰ ਮੌਂਡੇਲ ਦਾ 93 ਸਾਲ ਦੀ ਉਮਰ ਵਿੱਚ ਹੋਇਆ ਦੇਹਾਂਤ


**ਫਰਿਜ਼ਨੋ (ਕੈਲੀ-ਫੋਰਨੀਆ), 20 ਅਪ੍ਰੈਲ 2021–** ਅਮਰੀਕਾ ਦੇ ਸਾਬਕਾ ਉਪ ਰਾ-ਸ਼ਟਰਪਤੀ ਵਾਲਟਰ ਮੌਂਡੇਲ ਜੋ ਕਿ 1984 ਵਿੱਚ ਰਾਸ਼ਟਰਪਤੀ ਪਦ&; ਦੇ ਲਈ ਡੈਮੋਕਰੇਟਿਕ ਉਮੀਦਵਾਰ ਸੀ, ਦੀ 93 ਸਾਲ ਦੀ ਉਮਰ ਵਿੱਚ ਸੋਮਵਾਰ ਨੂੰ ਮਿਨੀਆਪੋਲਿਸ 'ਚ ਮੌਤ ਹੋ ਗਈ ਹੈ। ਉਹਨਾਂ ਦੇ ਪਰਿਵਾਰ ਦੁਆਰਾ ਮੌਤ ਦੀ ਪੁਸ਼ਟੀ ਕੀਤੀ ਗਈ ਹੈ। ਐਤਵਾਰ ਨੂੰ ਵਾਲਟਰ ਨੇ ਰਾਸ਼ਟਰਪਤੀ ਬਾਈਡੇਨ, ਸਾਬਕਾ ਰਾਸ਼ਟਰਪਤੀ ਜਿੰਮੀ ਕਾਰਟਰ ਅਤੇ ਬਿਲ ਕਲਿੰਟਨ ਦੇ ਨਾਲ-ਨਾਲ ਉਪ ਰਾਸ਼ਟਰਪਤੀ ਹੈਰਿਸ ਅਤੇ ਮਿਨੇਸੋਟਾ ਦੇ ਗਵਰਨਰ ਟਿਮ ਵਾਲਜ਼ ਨਾਲ ਫੋਨ ਰਾਹੀਂ ਗੱਲਬਾਤ ਕੀਤੀ ਸੀ। ਉਹ ਸਾਲ 2018 ਵਿੱਚ ਜਾਰਜ ਐਚ ਡਬਲਯੂ ਬੁਸ਼ ਦੀ ਮੌਤ ਤੋਂ ਬਾਅਦ ਸਭ ਤੋਂ ਪੁਰਾਣੇ ਜੀਵਿਤ ਉਪ ਰਾਸ਼ਟਰਪਤੀ ਸਨ। ਪਰਿਵਾਰ, ਦੋਸਤਾਂ ਅਤੇ ਵੋਟਰਾਂ ਲਈ ਫਰਿੱਟਜ ਵਜੋਂ ਜਾਣੇ ਜਾਂਦੇ ਮੌਂਡੇਲ 1977 ਤੋਂ 1981 ਤੱਕ ਕਾਰਟਰ ਦੇ ਅਧੀਨ ਸੇਵਾ ਕਰਨ ਤੋਂ ਪਹਿਲਾਂ ਮਿਨੇਸੋਟਾ ਦੇ ਅਟਾਰਨੀ ਜਨਰਲ ਅਤੇ ਸੈਨੇਟਰ ਵੀ ਸਨ। ਮੌਂਡੇਲ ਦੀ ਆਪਣੀ ਵ੍ਹਾਈਟ ਹਾਊਸ ਲਈ ਦੌੜ 1984 ਵਿੱਚ&; ਪ੍ਰਸਿੱਧ ਰਿਪਬਲਿਕਨ ਰੋਨਾਲਡ ਰੀਗਨ ਤੋਂ ਮਿਲੀ ਹਾਰ ਨਾਲ ਖਤਮ ਹੋਈ, ਜਦੋਂ ਉਸ ਨੇ ਖੁੱਲ੍ਹ ਕੇ ਵੋਟਰਾਂ ਨੂੰ ਕਿਹਾ ਸੀ ਕਿ ਜੇ ਉਹ ਜਿੱਤ ਜਾਂਦਾ ਹੈ ਤਾਂ ਟੈਕਸ ਵਧਾਉਣ ਦੀ ਉਮੀਦ ਹੋਵੇਗੀ। ਮਿਨੇਸੋਟਾ ਦੇ ਸਿਲੋਨ ਵਿਖੇ 5 ਜਨਵਰੀ,



1928 ਨੂੰ ਇੱਕ&; ਮੰਤਰੀ ਅਤੇ ਸੰਗੀਤ ਅਧਿਆਪਕਾ ਦੇ ਘਰ ਪੈਦਾ ਹੋਏ, ਵਾਲਟਰ ਫਰੈਡਰਿਕ ਮੌਂਡੇਲ ਨੇ ਆਪਣੇ ਰਾਜਨੀਤਿਕ ਸਲਾਹਕਾਰ ਹੁਬਰਟ ਐਚ ਹੰਫਰੀ ਦੀ 1948 ਵਿੱਚ ਸੈਨੇਟ ਦੀ ਸਫਲਤਾਪੂਰਵਕ ਮੁਹਿੰਮ ਵਿੱਚ ਕੰਮ ਕਰਦਿਆਂ ਆਪਣੀ ਉਮਰ ਦੇ 20 ਵਿਆਂ ਵਿੱਚ ਰਾਜਨੀਤੀ ਵਿੱਚ ਪ੍ਰਵੇਸ਼ ਕੀਤਾ। ਫੌਜ ਵਿਚ ਦੋ ਸਾਲਾਂ ਦੇ ਕਾਰਜਕਾਲ ਤੋਂ ਬਾਅਦ, ਮੌਂਡੇਲ ਨੇ 1956 ਵਿੱਚ ਮਿਨੇਸੋਟਾ ਯੂਨੀਵਰਸਿਟੀ ਤੋਂ ਕਾਨੂੰਨ ਦੀ ਡਿਗਰੀ ਪ੍ਰਾਪਤ ਕੀਤੀ। 1960&; ਵਿੱਚ ਉਹ ਅਟਾਰਨੀ ਜਨਰਲ ਚੁਣਿਆ ਗਿਆ। ਮੌਂਡੇਲ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ 1964 ਵਿੱਚ ਵਾਸ਼ਿੰਗਟਨ ਵਿੱਚ ਕੀਤੀ ਸੀ, ਜਦੋਂ ਉਹ ਹੰਫਰੀ ਦੀ ਥਾਂ ਲੈਣ ਲਈ ਸੈਨੇਟ ਵਿੱਚ ਨਿਯੁਕਤ ਹੋਏ ਸਨ, ਜਿਨ੍ਹਾਂ ਨੇ ਉਪ ਰਾਸ਼ਟਰਪਤੀ ਬਣਨ ਲਈ ਅਸਤੀਫਾ ਦੇ ਦਿੱਤਾ ਸੀ। ਸੈਨੇਟ ਵਿੱਚ, ਮੌਂਡੇਲ ਨੇ ਸਮਾਜਿਕ ਮੁੱਦਿਆਂ ਦੀ ਵਕਾਲਤ ਕੀਤੀ ਜਿਸ ਵਿੱਚ ਸਿੱਖਿਆ, ਮਕਾਨ, ਪ੍ਰਵਾਸੀ ਮਜ਼ਦੂਰ ਅਤੇ ਬਾਲ ਪੋਸ਼ਣ ਸ਼ਾਮਿਲ ਹਨ। ਉਪ ਰਾਸ਼ਟਰਪਤੀ ਵਜੋਂ, ਮੌਂਡੇਲ ਦਾ ਕਾਰਟਰ ਨਾਲ ਨੇੜਲਾ ਸੰਬੰਧ ਸੀ। ਵ੍ਹਾਈਟ ਹਾਊਸ ਵਿਚ ਆਪਣੇ ਸਾਲਾਂ ਤੋਂ ਬਾਅਦ, ਮੌਂਡੇਲ ਨੇ 1993-96 ਵਿੱਚ ਜਾਪਾਨ 'ਚ ਕਲਿੰਟਨ ਦੇ ਰਾਜਦੂਤ ਵਜੋਂ ਵੀ ਸੇਵਾ ਕੀਤੀ। ਬਾਈਡੇਨ ਪ੍ਰਸ਼ਾਸਨ ਨੇ ਵਾਲਟਰ ਦੀ ਮੌਤ ਤੇ ਅਫਸੋਸ ਪ੍ਰਗਟ ਕੀਤਾ ਹੈ।

# ਅਮਰੀਕਾ: ਨੇਵਾਡਾ ਵਿੱਚ ਮੌਤ ਦੀ ਸਜਾ ਪ੍ਰਾਪਤ ਕੈਦੀ ਨੇ ਜਹਿਰੀਲੇ ਟੀਕੇ ਦੀ ਜਗ੍ਹਾ ਗੋਲੀ ਰਾਹੀਂ ਮਰਨ ਦੀ ਕੀਤੀ ਮੰਗ

**ਫਰਿਜ਼ਨੋ (ਕੈਲੀਫੋਰਨੀਆ), 20 ਅਪ੍ਰੈਲ 2021–** ਅਮਰੀਕਾ ਦੇ ਨੇਵਾਡਾ ਵਿੱਚ ਮੌਤ ਦੀ ਸਜਾ ਪ੍ਰਾਪਤ ਇੱਕ ਕੈਦੀ, ਜਿਸਨੂੰ ਸੰਭਾਵਿਤ ਤੌਰ ਤੇ ਜੂਨ ਮਹੀਨੇ ਵਿੱਚ ਇਹ ਸਜਾ ਦਿੱਤੀ ਜਾ ਸਕਦੀ ਹੈ, ਰਾਜ ਨੂੰ ਜਹਿਰੀਲੇ ਟੀਕੇ ਦੀ ਜਗ੍ਹਾ ਫਾਇਰਿੰਗ ਸਕੁਐਡ ਦੇ ਵਿਕਲਪ ਨੂੰ ਮੰਨ ਲੈਣ ਦੀ ਅਪੀਲ ਕਰ ਰਿਹਾ ਹੈ। ਜ਼ੇਨ ਮਾਈਕਲ ਫਲਾਈਡ ਨਾਮ ਦੇ ਇਸ ਕੈਦੀ ਦੇ ਅਟਾਰਨੀ ਨੇ ਦੱਸਿਆ ਕਿ ਉਹ ਮਾਰੂ ਟੀਕੇ ਦੀ ਵਰਤੋਂ ਕਰਨ ਦੀ ਰਾਜ ਦੀ ਯੋਜਨਾ ਨੂੰ ਚੁਣੌਤੀ ਦੇ ਰਿਹਾ ਹੈ, ਜਿਸ ਕਾਰਨ ਅਦਾਲਤ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ। ਵਕੀਲਾਂ ਨੇ ਸ਼ੁੱਕਰਵਾਰ ਨੂੰ ਅਦਾਲਤ ਵਿੱਚ ਕਿਹਾ, ਕਿ ਫਾਇਰਿੰਗ ਸਕੁਐਡ ਦੁਆਰਾ ਫਾਂਸੀ ਮੌਤ ਦੇ ਟੀਕੇ ਨਾਲੋਂ ਤੇਜ਼ ਅਤੇ ਘੱਟ ਦਰਦਨਾਕ ਮੌਤ ਦਾ ਕਾਰਨ ਬਣਦੀ ਹੈ। ਨੇਵਾਡਾ ਨੇ ਇੱਕ ਵਾਰ ਫਾਇਰਿੰਗ ਸਕੁਐਡਜ਼ ਦੀ ਆਗਿਆ ਦਿੱਤੀ ਸੀ, ਪਰ ਰਾਜ ਦੇ ਕਾਨੂੰਨ ਵਿੱਚ ਹੁਣ ਮੌਤ ਦੀ ਸਜ਼ਾ ਵਿੱਚ ਜਾਨਲੇਵਾ ਟੀਕੇ ਲਗਾਉਣ ਦੀ ਹਦਾਇਤ ਹੈ। ਨੇਵਾਡਾ ਵਿਧਾਨ ਸਭਾ ਵਿੱਚ ਮੌਤ ਦੀ ਸਜ਼ਾ ਉੱਤੇ ਰੋਕ ਲਗਾਉਣ ਬਾਰੇ ਵਿਚਾਰ ਵੀ ਹੋ ਰਿਹਾ ਹੈ। ਅਜਿਹਾ ਕਰਨ ਵਾਲਾ ਬਿੱਲ ਪਿਛਲੇ ਹਫਤੇ ਅਸੈਂਬਲੀ 'ਚ ਪਾਸ ਕਰ ਦਿੱਤਾ ਗਿਆ ਸੀ ਅਤੇ ਰਾਜ ਦੀ ਸੈਨੇਟ ਨੂੰ ਭੇਜਿਆ ਗਿਆ ਸੀ। ਅਮਰੀਕਾ ਦੇ ਤਿੰਨ ਰਾਜ ਮਿ ਮਸੀਸਿਪੀ, ਓਕਲਾਹੋਮਾ ਅਤੇ ਯੂਟਾਹ ਅਤੇ ਅਮਰੀਕਾ ਦੀ ਫੌਜ ਗੋਲੀਬਾਰੀ ਦੁਆਰਾ ਮੌਤ ਦੀ ਸਜ਼ਾ ਦੀ ਆਗਿਆ ਦਿੰਦੀ ਹੈ। ਇਹ ਤਰੀਕਾ ਆਖਰੀ ਵਾਰ ਯੂਟਾਹ ਵਿੱਚ 2010 'ਚ ਵਰਤਿਆ ਗਿਆ ਸੀ। ਫਲਾਈਡ ਦੇ ਅਟਾਰਨੀ ਲਾਸ ਵੇਗਾਸ ਵਿੱਚ ਇੱਕ ਸੰਘੀ ਜੱਜ ਨੂੰ ਫਲਾਈਡ ਦੀ ਮੌਤ ਦੀ ਸਜ਼ਾ ਰੋਕਣ ਲਈ ਕਹਿ ਰਹੇ ਹਨ ਜਦੋਂ ਤੱਕ ਕਿ ਜੇਲ੍ਹ ਅਧਿਕਾਰੀ ਕਾਨੂੰਨੀ ਫਾਂਸੀ ਨੂੰ ਅੰਜ਼ਾਮ ਦੇਣ ਲਈ ਕੋਈ ਨਵੀਂ ਵਿਧੀ ਜਾਂ ਪ੍ਰਕਿਰਿਆ ਤਿਆਰ ਨਹੀਂ ਕਰਦੇ। ਇਸ 45 ਸਾਲਾ ਵਿਅਕਤੀ ਨੂੰ ਸਾਲ 2000 ਵਿੱਚ ਲਾਸ ਵੇਗਸ ਸੁਪਰ ਮਾਰਕੀਟ ਵਿੱਚ ਚਾਰ ਲੋਕਾਂ ਦੀ ਸ਼ਾਟਗਨ ਨਾਲ ਹੱਤਿਆ ਕਰਨ ਅਤੇ ਇੱਕ ਪੰਜਵਾਂ ਵਿਅਕਤੀ ਬੁਰੀ ਤਰ੍ਹਾਂ ਜ਼ਖਮੀ ਕਰਨ ਦਾ ਦੋਸ਼ੀ ਪਾਇਆ ਗਿਆ ਸੀ। ਫਲਾਇਡ ਪਿਛਲੇ ਨਵੰਬਰ ਵਿੱਚ ਆਪਣੀ ਸਜਾ ਸੰਬੰਧੀ ਅਪੀਲ ਲਈ ਪੇਸ਼ ਹੋਇਆ ਸੀ, ਪਰ ਸੁਪਰੀਮ ਕੋਰਟ ਨੇ ਉਸ ਦੇ ਕੇਸ ਦੀ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਸੀ, ਜਦਕਿ ਹੁਣ ਉਹ ਨੇਵਾਡਾ ਸਟੇਟ ਪਰਡਨਜ਼ ਬੋਰਡ ਦੀ 22 ਜੂਨ ਨੂੰ ਹੋਣ ਵਾਲੀ ਮੀਟਿੰਗ ਵਿੱਚ ਪ੍ਰਵਾਨਗੀ ਮੰਗਣ ਦਾ ਮੌਕਾ ਚਾਹੁੰਦਾ ਹੈ। ਫਲਾਈਡ 2006 ਤੋਂ ਬਾਅਦ ਨੇਵਾਡਾ ਵਿੱਚ ਫਾਂਸੀ ਦੀ ਸਜਾ ਭੁਗਤਣ ਵਾਲਾ ਪਹਿਲਾ ਵਿਅਕਤੀ ਹੋ ਸਕਦਾ ਹੈ ਅਤੇ ਰਾਜ ਦੇ ਸੁਧਾਰ ਵਿਭਾਗ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਨੇਵਾਡਾ ਵਿੱਚ 72 ਆਦਮੀ ਮੌਤ ਦੀ ਸਜਾ ਦੀ ਉਡੀਕ ਵਿੱਚ ਹਨ।



# ਅਮਰੀਕਾ ਦੇ ਸਾਰੇ ਬਾਲਗ ਹੁਣ ਲਗਵਾ ਸਕਦੇ ਹਨ ਕੋਰੋਨਾ ਵਾਇਰਸ ਵੈਕਸੀਨ

**ਫਰਿਜ਼ਨੋ (ਕੈਲੀਫੋਰਨੀਆ), 20 ਅਪ੍ਰੈਲ 2021–** ਅਮਰੀਕਾ ਦੇ ਸਾਰੇ 50 ਰਾਜਾਂ ਦੇ ਨਾਲ ਨਾਲ ਡਿਸਟ੍ਰਿਕਟ ਆਫ਼ ਕੋਲੰਬੀਆ ਅਤੇ ਪੋਰਟੋ ਰੀਕੋ ਵਿੱਚ ਅਮਰੀਕੀ ਬਾਲਗ ਹੁਣ 19 ਅਪ੍ਰੈਲ ਤੋਂ ਰਾਸ਼ਟਰਪਤੀ ਬਾਈਡੇਨ ਦੇ ਟੀਚੇ ਨੂੰ ਪੂਰਾ ਕਰਦਿਆਂ ਕੋਰੋਨਾ ਵਾਇਰਸ ਟੀਕਾ ਦੇ ਯੋਗ ਹੋ ਗਏ ਹਨ। ਜੋਅ ਬਾਈਡੇਨ ਨੇ ਇਸ ਮਹੀਨੇ ਦੇ ਅਰੰਭ ਵਿੱਚ ਸਾਰੇ ਬਾਲਗਾਂ ਨੂੰ ਟੀਕੇ ਲਈ ਯੋਗ ਕਰਨ ਲਈ 19 ਅਪ੍ਰੈਲ ਦਾ ਟੀਚਾ ਤਹਿ ਕੀਤਾ ਸੀ, ਹਾਲਾਂਕਿ ਬਹੁਤ ਸਾਰੇ ਰਾਜਾਂ ਨੇ ਪਹਿਲਾਂ ਹੀ ਸਾਰੇ ਬਾਲਗਾਂ ਲਈ ਯੋਗਤਾ ਦਾ ਵਿਸਤਾਰ ਕਰ ਦਿੱਤਾ ਸੀ। ਇਸਦੇ ਇਲਾਵਾ ਜੋਅ ਬਾਈਡੇਨ ਦੇ ਆਪਣੇ ਦਫਤਰ ਦੇ 100 ਵੇਂ ਦਿਨ 200 ਮਿਲੀਅਨ ਸ਼ਾਟ ਪ੍ਰਦਾਨ ਕਰਨ ਦੇ ਟੀਚੇ ਦੇ ਨੇੜੇ ਹੈ। ਵ੍ਹਾਈਟ ਹਾਊਸ ਦੇ ਕੋਰੋਨਾ ਦੇ ਸੀਨੀਅਰ ਸਲਾਹਕਾਰ ਐਂਡੀ ਸਲੈਵਿਟ ਨੇ ਸੋਮਵਾਰ ਨੂੰ ਕਿਹਾ ਕਿ ਜੇਕਰ ਤੁਸੀਂ ਬਾਲਗ ਹੋ ਤਾਂ ਹੁਣ ਟੀਕਾ ਲਗਵਾਉਣ ਦੀ ਵਾਰੀ ਤੁਹਾਡੀ ਹੈ। ਦੇਸ਼ ਵਿੱਚ 50% ਤੋਂ ਵੱਧ ਬਾਲਗਾਂ ਨੇ ਘੱਟੋ ਘੱਟ ਇੱਕ ਸ਼ਾਟ ਪ੍ਰਾਪਤ ਕੀਤੀ ਹੈ ਅਤੇ ਕਰਮਚਾਰੀਆਂ ਨੂੰ ਸ਼ਾਟ ਲਗਾਉਣ ਦੀ ਮੰਗ ਸਪਲਾਈ ਦੇ ਬਾਹਰ ਚਲੀ ਗਈ ਹੈ। ਪਰ ਹੁਣ ਸਿਹਤ ਮਾਹਿਰਾਂ ਅਨੁਸਾਰ ਜਲਦੀ ਹੀ ਟੀਕਾ ਲਗਵਾਉਣ ਲਈ ਹਿਚਕਿਚਾਉਣਾ ,ਇਸਦੀ ਸਪਲਾਈ ਨਾਲੋਂ ਵੱਡੀ ਸਮੱਸਿਆ ਹੋਵੇਗੀ। ਬਾਈਡੇਨ ਪ੍ਰਸ਼ਾਸਨ ਹਿਚਕਿਚਾਉਣ ਵਾਲੇ ਅਮਰੀਕੀਆਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰਨ ਲਈ ਖਾਸ ਕਮਿਊਨਿਟੀਆਂ ਦੇ ਨੇਤਾਵਾਂ ਨਾਲ ਕੰਮ ਕਰਕੇ ਟੀਕੇ ਦੀ ਝਿਜਕ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।








# ਸਾਂਝੇ ਹੰਭਲੇ ਨਾਲ ਕਰੋਨਾ ਦੀ ਦੂਜੀ ਲਹਿਰ 'ਤੇ ਫ਼ਤਿਹ ਪਾਵਾਂਗੇ: ਮੋਦੀ

**ਨਵੀਂ ਦਿੱਲੀ (ਬਿਊਰੋ_–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਿਹਾ ਕਿ ਦੇਸ਼ ਨੂੰ ਕੋਵਿਡ-19 ਖ਼ਿਲਾਫ਼ ਮੁੜ ਤੋਂ ਵੱਡੀ ਜੰਗ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਪਿਛਲੇ ਕੁਝ ਦਿਨਾਂ 'ਚ ਲਏ ਗਏ ਫ਼ੈਸਲਿਆਂ ਨਾਲ ਹਾਲਾਤ 'ਚ ਸੁਧਾਰ ਹੋਵੇਗਾ। ਉਨ੍ਹਾਂ ਕਿਹਾ ਕਿ ਤਾਲਾਬੰਦੀ ਸਭ ਤੋਂ ਆਖਰੀ ਰਾਹ ਹੋਣਾ ਚਾਹੀਦਾ ਹੈ। ਦੇਸ਼ ਦੇ ਨਾਂ ਆਪਣੇ ਸੰਬੋਧਨ 'ਚ ਸ੍ਰੀ ਮੋਦੀ ਨੇ ਕਿਹਾ ਕਿ ਲੋਕ ਤਕਲੀਫ਼ 'ਚ ਹਨ ਪਰ 'ਸਾਨੂੰ ਆਪਣੀ ਪੂਰੀ ਤਾਕਤ ਨਾਲ ਲੜਨ ਦੀ ਲੋੜ ਹੈ।' ਉਨ੍ਹਾਂ ਭਰੋਸਾ ਜਤਾਇਆ ਕਿ ਲੋਕਾਂ ਦੀਆਂ ਸਾਂਝੀਆਂ ਕੋਸ਼ਿਸ਼ਾਂ ਨਾਲ ਕਰੋਨਾਵਾਇਰਸ ਨੂੰ ਮਾਤ ਮਿਲੇਗੀ। ਉਨ੍ਹਾਂ ਨੇ ਕਰੋਨਾ ਖ਼ਿਲਾਫ਼ ਜੰਗ 'ਚ ਸਾਥ ਦੇ ਰਹੇ ਡਾਕਟਰਾਂ ਅਤੇ ਸਾਰੇ ਸਿਹਤ ਸੰਭਾਲ ਵਰਕਰਾਂ ਦਾ ਧੰਨਵਾਦ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਿਹਾ ਕਿ ਦੇਸ਼ ਨੂੰ ਕੋਵਿਡ-19 ਖ਼ਿਲਾਫ਼ ਮੁੜ ਤੋਂ ਵੱਡੀ ਜੰਗ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਪਿਛਲੇ ਕੁਝ ਦਿਨਾਂ 'ਚ ਲਏ ਗਏ ਫ਼ੈਸਲਿਆਂ ਨਾਲ ਹਾਲਾਤ 'ਚ ਸੁਧਾਰ ਹੋਵੇਗਾ। ਉਨ੍ਹਾਂ ਕਿਹਾ ਕਿ ਲੌਕਡਾਊਨ ਸਭ ਤੋਂ ਆਖਰੀ ਰਾਹ ਹੋਣਾ ਚਾਹੀਦਾ ਹੈ। ਦੇਸ਼ ਦੇ ਨਾਮ ਆਪਣੇ ਸੰਬੋਧਨ 'ਚ ਸ੍ਰੀ ਮੋਦੀ ਨੇ ਕਿਹਾ ਕਿ ਲੋਕ ਤਕਲੀਫ਼ 'ਚ ਹਨ ਪਰ 'ਸਾਨੂੰ ਆਪਣੀ ਪੂਰੀ ਤਾਕਤ ਨਾਲ ਲੜਨ ਦੀ ਲੋੜ ਹੈ।' ਉਨ੍ਹਾਂ ਭਰੋਸਾ ਜਤਾਇਆ ਕਿ ਲੋਕਾਂ ਦੀਆਂ ਸਾਂਝੀਆਂ ਕੋਸ਼ਿਸ਼ਾਂ ਨਾਲ ਕਰੋਨਾਵਾਇਰਸ ਨੂੰ ਮਾਤ ਮਿਲੇਗੀ। ਪ੍ਰਧਾਨ ਮੰਤਰੀ ਨੇ ਕਿਹਾ, ''ਮੈਂ ਡਾਕਟਰਾਂ ਅਤੇ ਸਾਰੇ ਸਿਹਤ ਸੰਭਾਲ ਵਰਕਰਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਹੜੇ ਕੋਵਿਡ-19 ਮਹਾਮਾਰੀ ਖ਼ਿਲਾਫ਼ ਜੰਗ 'ਚ ਬਿਨਾਂ ਰੁਕੇ ਸਾਥ ਦੇ ਰਹੇ ਹਨ।'' ਉਨ੍ਹਾਂ ਕਿਹਾ ਕਿ ਫਾਰਮਾ ਸੈਕਟਰ ਵੈਕਸੀਨ ਵਿਕਸਤ ਕਰਨ ਅਤੇ ਉਸ ਦੀ ਸਪਲਾਈ ਸਮੇਤ ਹੋਰ ਸਾਰੀਆਂ ਚੁਣੌਤੀਆਂ ਦਾ ਡਟ ਕੇ ਕੰਮ ਕਰ ਰਿਹਾ ਹੈ। 'ਆਕਸੀਜਨ ਸਿਲੰਡਰਾਂ ਦੀ ਘਾਟ ਵੱਡੀ ਸਮੱਸਿਆ ਬਣੀ ਹੈ ਅਤੇ ਸਾਰੀਆਂ ਧਿਰਾਂ ਰਲ ਕੇ ਇਸ ਚੁਣੌਤੀ ਦਾ ਟਾਕਰਾ ਕਰ ਰਹੀਆਂ ਹਨ।' ਸ੍ਰੀ ਮੋਦੀ ਨੇ ਕਿਹਾ ਕਿ ਇਸ ਵਾਰ ਪਿਛਲੇ ਸਾਲ ਨਾਲੋਂ ਹਾਲਾਤ ਵੱਖਰੇ ਹਨ ਕਿਉਂਕਿ ਪਹਿਲਾਂ ਨਾ ਤਾਂ ਮੁਲਕ 'ਚ ਕੋਵਿਡ ਵੈਕਸੀਨ ਸੀ ਅਤੇ ਨਾ ਹੀ ਪੀਪੀਈ ਕਿੱਟਾਂ ਤੇ ਹੋਰ ਮੈਡੀਕਲ ਸਾਜ਼ੋ-ਸਾਮਾਨ ਦੇ ਉਤਪਾਦਨ ਲਈ ਢਾਂਚਾ ਸੀ। ਉਨ੍ਹਾਂ ਕਿਹਾ ਕਿ ਲੌਕਡਾਊਨ ਆਖਰੀ ਬਦਲ ਹੋਣਾ ਚਾਹੀਦਾ ਹੈ ਅਤੇ ਸਾਰਾ ਧਿਆਨ ਮਾਈਕਰੋ-ਕੰਟੇਨਮੈਂਟ 'ਤੇ ਕੇਂਦਰਤ ਹੋਣਾ ਚਾਹੀਦਾ ਹੈ। 'ਜੇਕਰ ਅਸੀਂ ਸਾਰੇ ਕੋਵਿਡ-19 ਪ੍ਰੋਟੋਕੋਲ ਦਾ ਪਾਲਣ ਕਰਦੇ ਹਾਂ ਤਾਂ ਲੌਕਡਾਊਨ ਲਗਾਉਣ ਦੀ ਲੋੜ ਨਹੀਂ ਪਵੇਗੀ।' ਉਨ੍ਹਾਂ ਲੋਕਾਂ ਨੂੰ ਬੇਨਤੀ ਕੀਤੀ ਕਿ ਉਹ ਘਰਾਂ ਤੋਂ ਬਾਹਰ ਲੋੜ ਪੈਣ 'ਤੇ ਹੀ ਨਿਕਲਣ ਅਤੇ ਕਰੋਨਾ ਤੋਂ ਬਚਾਅ ਦੇ ਟੀਕੇ ਲਗਵਾਉਣ।

**'ਫਾਰਮਾ ਕੰਪਨੀਆਂ ਉਤਪਾਦਨ ਸਮਰੱਥਾ ਵਧਾਉਣ, ਸਰਕਾਰ ਪੂਰੀ ਸਹਾਇਤਾ ਦੇਵੇਗੀ'**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੈਕਸੀਨ ਬਣਾਉਣ ਵਾਲੀਆਂ ਕੰਪਨੀਆਂ ਨੂੰ ਬੇਨਤੀ ਕੀਤੀ ਕਿ ਉਹ ਸਾਰੇ ਭਾਰਤੀਆਂ ਨੂੰ ਘੱਟ ਸਮੇਂ ਅੰਦਰ ਟੀਕੇ ਲਗਾਉਣ ਲਈ ਆਪਣੀ ਉਤਪਾਦਨ ਸਮਰੱਥਾ ਲਗਾਤਾਰ ਵਧਾਉਂਦੇ ਰਹਿਣ। ਵੀਡੀਓ ਕਾਨਫਰੰਸਿੰਗ ਰਾਹੀਂ ਮੁਲਕ ਦੇ ਵੈਕਸੀਨ ਨਿਰਮਾਤਾਵਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਪ੍ਰਾਈਵੇਟ ਸੈਕਟਰ ਆਉਂਦੇ ਦਿਨਾਂ 'ਚ ਟੀਕਾਕਰਨ ਮੁਹਿੰਮ 'ਚ ਵਧੇਰੇ ਸਰਗਰਮ ਭੂਮਿਕਾ ਨਿਭਾਏਗਾ ਅਤੇ ਇਸ ਕੰਮ ਲਈ ਹਸਪਤਾਲਾਂ ਅਤੇ ਸਨਅਤ ਵਿਚਕਾਰ ਬਿਹਤਰ ਤਾਲਮੇਲ ਬਣਾਉਣ ਦੀ ਲੋੜ ਹੈ। ਉਨ੍ਹਾਂ ਪ੍ਰੀਖਣ ਕਰ ਰਹੀਆਂ ਕੰਪਨੀਆਂ ਨੂੰ ਵੀ ਹਰਸੰਭਵ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਪ੍ਰਧਾਨ ਮੰਤਰੀ ਨੇ ਨਵੀਂ ਵੈਕਸੀਨ ਦੇ ਵਿਕਾਸ 'ਚ ਭਾਰਤੀ ਵਿਗਿਆਨੀਆਂ ਦੇ ਅਧਿਐਨ ਦੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਭਾਰਤੀ ਵੈਕਸੀਨ ਸਨਅਤ ਦੀ ਸਭ ਤੋਂ ਵੱਡੀ ਤਾਕਤ 'ਸਮਰੱਥਾ, ਸੰਸਾਧਨ ਅਤੇ ਸੇਵਾ ਭਾਵ' ਹੈ ਜਿਸ ਕਾਰਨ ਉਹ ਦੁਨੀਆ 'ਚ ਵੈਕਸੀਨ ਲੀਡਰ ਬਣ ਗਏ ਹਨ।

## ਸ. ਅਮੋਲਕ ਸਿੰਘ ਜੰਮੂ ਜੀ ਨਹੀਂ ਰਹੇ



ਪੰਜਾਬ ਟਾਈਮਜ਼ ਦੇ ਮੁੱਖ ਸੰਪਾਦਕ ਸ. ਅਮੋਲਕ ਸਿੰਘ ਜੰਮੂ ਜੀ ਅਚਾਨਕ ਸਦੀਵੀ ਵਿਛੋੜਾ ਦੇ ਗਏ ਹਨ। ਅਦਾਰਾ 'ਦੇਸ਼ ਦੁਆਬਾ' ਉਹਨਾਂ ਦੇ ਪਰਿਵਾਰ ਨਾਲ ਦਿਲੀ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਹਨਾਂ ਦੀ ਆਤਮਕ ਸ਼ਾਂਤੀ ਲਈ ਦਿਲੋਂ ਅਰਦਾਸ ਕਰਦਾ ਹੈ ਜੀ।

# ਅਨੁਸੂਚਿਤ ਜਾਤਾਂ ਦੀ ਵਸੋਂ ਵਾਲੇ 2857 ਪਿੰਡਾਂ ਦੇ ਆਧੁਨਿਕੀਕਰਨ ਕਰਨ ਲਈ ਤਿੰਨ ਲੱਖ ਪੰਜਾਹ ਹੀ ਹਿੱਸੇ ਆਉਣਗੇ, ਕੈਪਟਨ ਸਰਕਾਰ ਦਾ ਇਹ ਵਿਕਾਸ ਮਾਡਲ !"

**ਚੰਡੀਗੜ੍ਹ–** ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਅਨੁਸੂਚਿਤ ਜਾਤਾਂ ਨੂੰ 30 ਫ਼ੀਸਦੀ ਫੰਡਾਂ 'ਚ ਜੀਵਨ ਪੱਧਰ ਨੂੰ ਸੁਧਾਰਨ ਅਤੇ ਭਲਾਈ ਲਈ ਖ਼ਰਚੇ ਜਾਣ ਦਾ ਐਲਾਨ ਸਿਰਫ ਸਿਆਸਤ ਤੋਂ ਪ੍ਰੇਰਿਤ ਹੋਣ ਦਾ ਦੋਸ਼ ਲਗਾਉਂਦਿਆ ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਕਿਹਾ ਕਿ ਪੰਜਾਬ ਵਿੱਚ ਪਿੱਛਲੇ ਸਾਲਾਂ ਦੌਰਾਨ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਗਰੀਬ ਲੱਖਾਂ ਬੱਚਿਆ ਨੂੰ ਕਾਲਜਾਂ ਅਤੇ ਯੂਨੀਵਰਸਿਟੀਆਂ ਦੀ ਮੈਨੇਜਮੈਂਟ ਵੱਲੋਂ ਦਾਖ਼ਲੇ ਅਤੇ ਡਿਗਰੀਆ ਤੋਂ ਵਾਂਝਿਆ ਹੋਣਾ ਪਿਆ ਹੈ। ਉਨ੍ਹਾ ਅੱਗੇ ਦੱਸਿਆ ਕਿ ਕੈਪਟਨ ਸਰਕਾਰ ਨੇ ਦਲਿਤ ਵਰਗ ਦੀ 50 ਫ਼ੀਸਦੀ ਵਸੋਂ ਤੋਂ ਵੱਧ ਆਬਾਦੀ ਵਾਲੇ 2857 ਪਿੰਡਾਂ ਦੇ ਆਧੁਨਿਕੀਕਰਨ ਕਰਨ ਲਈ ਸਾਲ 2021-2122 ਲਈ 100 ਕਰੋੜ ਰੁਪਏ ਖਰਚਣ ਦਾ ਭਵਿੱਖ ਵਿਚ ਵਾਅਦਾ ਕੀਤਾ ਗਿਆ ਹੈ ਪਰ ਪਿੰਡਾਂ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਸਕੂਲ, ਡਿਸਪੈਂਸਰੀ,ਧਰਮਸ਼ਾਲਾ, ਗਲੀਆਂ-ਨਾਲੀਆਂ, ਗੰਦੇ ਪਾਣੀ ਦੀ ਨਿਕਾਸੀ ਅਤੇ ਆਧੁਨਿਕੀਕਰਨ ਕਰਨ ਲਈ ਹਰ ਪਿੰਡ ਨੂੰ ਸਿਰਫ਼ 3 ਲੱਖ 50000 ਰੁਪਏ ਖਰਚਣ ਦਾ ਸੁਭਾਗ ਪ੍ਰਾਪਤ ਹੋਵੇਗਾ ਇਹ ਹੈ ਕੈਪਟਨ ਸਰਕਾਰ ਦਾ ਵਿਕਾਸ ਮਾਡਲ!। ਸ੍ਰ ਕੈਂਥ ਨੇ ਦੱਸਿਆ ਕਿ ਪੰਜਾਬ ਵਿੱਚ ਅਨੁਸੂਚਿਤ ਜਾਤੀਆਂ ਨਾਲ ਧੋਖਾ ਅਤੇ ਉਨ੍ਹਾ ਦੀ ਗਰੀਬੀ ਦਾ ਮਖੌਲ ਉਠਾਉਣ ਬਰਾਬਰ



ਹੈ। ਕੈਪਟਨ ਅਮਰਿੰਦਰ ਸਿੰਘ ਸਰਕਾਰ ਦੇ ਯੋਜਨਾ ਅਤੇ ਪ੍ਰੋਗਰਾਮ ਉਲੀਕਣ ਵਾਲੇ ਵਿਭਾਗ ਨੂੰ ਪੰਜਾਬ ਦੀ ਸਹੀ ਜਾਣਕਾਰੀ ਹਾਸਲ ਕਰਨ ਦੀ ਸਲਾਹ ਦੇਂਦਿਆਂ ਪਰਮਜੀਤ ਸਿੰਘ ਕੈਂਥ ਨੇ ਕਿਹਾ ਕਿ ਅਨੁਸੂਚਿਤ ਜਾਤਾਂ ਦੀ ਆਬਾਦੀ ਅਤੇ ਭਾਲਾਈ ਸਕੀਮਾਂ ਛਾਣਬੀਣ ਕਰਨੀ ਚਾਹੀਦੀ ਹੈ। ਸ੍ਰ ਕੈਂਥ ਨੇ ਕਿਹਾ ਕਿ ਕਾਂਗਰਸ ਪਾਰਟੀ ਪੰਜਾਬ ਸਰਕਾਰ ਨੂੰ ਰਾਜਨੀਤਿਕ ਤੌਰ ਤੇ ਪੱਛੜੇਪਨ ਵਾਲੇ ਐਮ ਐਲ ਏ ਨੂੰ 30 ਫ਼ੀਸਦੀ ਕੈਬਨਿਟ ਵਿੱਚ ਹਿੱਸੇਦਾਰੀ ਨੂੰ ਸੁਨਿਸ਼ਚਿਤ ਕਰਨ ਦੀ ਪਹਿਲਕਦਮੀ ਕਰਨੀ ਚਾਹੀਦੀ ਹੈ ਕਿਉਂਕਿ ਇਸ ਸਮੇਂ ਪੰਜਾਬ ਸਰਕਾਰ ਦੇ ਸ਼ਾਸਨਕਾਲ ਵਿਚ ਦਲਿਤਾਂ ਦੀ 15 ਫੀਸਦੀ ਹਿੱਸੇਦਾਰੀ ਹੈ। ਕੈਪਟਨ ਸਰਕਾਰ ਦੇ ਸਿਵਲ ਪ੍ਰਸ਼ਾਸ਼ਨ ਵਿਚ ਡਿਪਟੀ ਕਮਿਸ਼ਨਰ, ਡਿਵੀਜ਼ਨਲ ਕਮਿਸ਼ਨਰ, ਪੁਲਿਸ ਪ੍ਰਸ਼ਾਸਨ ਵਿਚ ਐੱਸ ਐਸ ਪੀ, ਪੁਲਿਸ ਕਮਿਸ਼ਨਰਜ਼ ਅਤੇ ਇੰਨਸਪੈਕਟਰ ਜਰਨਲ ਆਫ ਪੁਲਿਸ ਵਿਭਾਗ ਵਿਚ ਤਾਇਨਾਤੀ ਅਨੁਸੂਚਿਤ ਜਾਤੀਆਂ ਦੀ ਨਾ ਦੇ ਬਰਾਬਰ ਹੈ।ਕਾਂਗਰਸ ਸਰਕਾਰ ਅਨੁਸੂਚਿਤ ਜਾਤਾਂ ਪ੍ਰਤੀ ਵਿਰੋਧਾਭਾਸ ਹੋਣ ਕਾਰਨ ਸਹੀ ਨੁਮਾਇੰਦਗੀ ਪ੍ਰਾਪਤ ਨਹੀ ਹੁੰਦੀ। ਸ੍ਰ ਕੈਂਥ ਨੇ ਦੱਸਿਆ ਕਿ ਦਲਿਤ ਸਮਾਜ ਨਾਲ ਜਾਤੀ ਆਧਾਰਿਤ ਵਿਤਕਰਾ ਕੀਤਾ ਜਾਂਦਾ ਹੈ। ਕੈਪਟਨ ਸਰਕਾਰ ਦਾ ਪ੍ਰਸ਼ਾਸਨ ਪਿਛਲੇ ਸਾਲਾਂ ਦੌਰਾਨ ਅਨੁਸੂਚਿਤ ਜਾਤੀਆਂ ਨੂੰ ਪੰਚਾਇਤਾਂ ਸ਼ਾਮਲਾਟ ਜਮੀਨਾਂ ਵਿੱਚ 1/3 ਹਿੱਸੇਦਾਰੀ ਦਿਵਾਉਣ ਵਿੱਚ ਨਾਕਾਮ ਸਾਬਿਤ ਹੋਈ ਹੈ।






# ਐਲ ਆਈ ਸੀ ਦਫ਼ਤਰ 'ਚ 'ਕਿਤਾਬ ਨੁੱਕਰ' ਦੀ ਸਥਾਪਨਾ

**ਨਵਾਂ ਸ਼ਹਿਰ (ਸੁਰਜੀਤ ਮਜਾਰੀ)** ਭਾਰਤੀ ਜੀਵਨ ਬੀਮਾ ਨਿਗਮ ਦੇ ਸਥਾਨਕ ਦਫ਼ਤਰ ਵਿਖੇ ਆਪਣੇ ਖ਼ਪਤਕਾਰਾਂ ਲਈ 'ਕਿਤਾਬ ਨੁੱਕਰ' ਦੀ ਸਥਾਪਨਾ ਕੀਤੀ ਗਈ ਹੈ। ਇਸ ਉਪਰਾਲਾ ਨਿਗਮ ਦੇ ਖਤਾਧਾਰਕਾਂ ਨੂੰ ਕਿਤਾਬ ਸੱਭਿਆਚਾਰ ਨਲ ਜੋੜਣ ਦੇ ਮਿਸ਼ਨ ਨਾਲ ਕੀਤਾ ਗਿਆ ਹੈ। ਦਫ਼ਤਰ ਦੇ ਪ੍ਰਵੇਸ਼ 'ਤੇ ਹੀ ਸਥਾਪਤ ਇਸ 'ਕਿਤਾਬ ਨੁੱਕਰ' ਇਤਿਹਾਸ, ਸਾਹਿਤ ਅਤੇ ਤਾਜ਼ਾ ਜਾਣਕਾਰੀ ਨਾਲ ਸਬੰਧਤ ਕਿਤਾਬਾਂ ਸ਼ਾਮਲ ਕੀਤੀਆਂ ਗਈਆਂ ਹਨ। ਨਿਗਮ ਦੇ ਸਾਖ਼ਾ ਪ੍ਰਬੰਧਕ ਬ੍ਰਹਮਦੇਵ ਨੇ ਦੱਸਿਆ ਕਿ ਦਫ਼ਤਰ ਵੱਖ ਵੱਖ ਕੰਮਾਂ ਲਈ ਆਏ ਖ਼ਪਤਕਾਰ ਖ਼ੁਦ ਹੀ ਇੱਥੋਂ ਕਿਤਾਬਾਂ ਪ੍ਰਾਪਤ ਕਰ ਰਹੇ ਹਨ ਅਤੇ ਪੜ੍ਹਣ ਤੋਂ ਬਾਅਦ ਵਾਪਸ ਪੁੱਜਦੀਆਂ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਨਿਗਮ ਦੇ ਏਜੰਸੀ ਧਾਰਕ ਇੱਥੋਂ ਕਿਤਾਬਾਂ ਜਾਰੀ ਕਰਕੇ ਖ਼ਪਤਕਾਰਾਂ ਨੂੰ ਉਹਨਾਂ ਦੇ ਘਰਾਂ ਜਾਂ ਕਾਰੋਬਾਰੀ ਟਿਕਾਣਿਆਂ 'ਤੇ ਪੁੱਜਦੀਆਂ ਕਰ




ਰਹੇ ਹਨ। ਨਿਗਮ ਦੇ ਅਧਿਕਾਰੀ ਪ੍ਰਵੀਨ ਸਿੰਘ ਦਾ ਕਹਿਣ ਸੀ ਕਿ ਉਹਨਾਂ ਦੇ ਲਏ ਸੁਪਨੇ ਨੂੰ ਬੂਰ ਪਿਆ ਦੇਖ ਕੇ ਬੇਹੱਦ ਪ੍ਰਸ਼ੰਸ਼ਨਤਾ ਹੋ ਰਹੀ ਹੈ। ਇਸ ਉਪਰਾਲੇ 'ਚ ਨਿਗਮ ਦੇ ਅਧਿਕਾਰੀ ਪ੍ਰਵੀਨ ਸਿੰਘ, ਸੀਮਾ ਸ਼ੁਕਲਾ, ਅੰਜੂ ਬਜਾਜ, ਸਤਿੰਦਰ ਸਿੰਘ, ਜਸਵੀਰ ਸਿੰਘ, ਸੁਖਪ੍ਰੀਤ ਸਿਘ, ਚੇਤਨ ਸ਼ਰਮਾਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਪਿੰਡ ਮਾਲੋਮਜਾਰਾ ਦੇ ਧੀਰਜ ਕੁਮਾਰ, ਚੂਹੜਪੁਰ ਦੇ ਕੁਲਵਿੰਦਰ ਕੁਮਾਰ ਤੇ ਰਾਹੋਂ ਦੀ ਮਹਿੰਦਰ ਕੌਰ ਨੇ ਨਿਗਮ ਦੇ ਇਸ ਯਤਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਇਸ ਕਿਤਾਬ ਨੁੱਕਰ ਤੋਂ ਕਈ ਵਾਰ ਕਿਤਾਬਾਂ ਪ੍ਰਾਪਤ ਕਰਕੇ ਲਾਭ ਪ੍ਰਾਪਤ ਕਰ ਚੁੱਕੇ ਹਨ। ਏਜੰਸੀ ਧਾਰਕ ਮੋਹਣ ਬੀਕਾ ਤੇ ਜਸਵੀਰ ਬੇਗ਼ਮਪੁਰੀ ਦਾ ਕਹਿਣ ਸੀ ਕਿ ਉਹ ਇੱਥੋਂ ਕਿਤਾਬਾਂ ਲਿਜਾ ਕੇ ਆਪਣੇ ਖੇਤਰ ਦੇ ਖਾਤਾ ਧਾਰਕਾਂ ਨੂੰ ਕਿਤਾਬਾਂ ਪ੍ਰਦਾਨ ਕਰਨ ਨਾਲ ਵੱਖ ਵੱਖ ਤਰ੍ਹਾਂ ਦੀ ਗਿਆਨ ਪ੍ਰਾਪਤੀ ਪੱਖੋਂ ਵਧੀਆਂ ਸੁਨੇਹਾ ਗਿਆ ਹੈ।

ਇਸ ਮੌਕੇ ਰਮੇਸ਼ ਕੁਮਾਰ, ਕਮਲਜੀਤ ਸਿੰਘ, ਚੇਤਨ ਸ਼ਰਮਾ, ਜਸਵੀਰ ਸਿੰਘ, ਜਤਿਨ ਕੁਮਾਰ, ਰਣਧੀਰ ਸਿੰਘ, ਲੇਖ ਰਾਜ, ਨੇਹਾ ਕੈਲੇ, ਸੁਖਪੈਰੀਤ ਸਿੰਘ, ਹਰਵੀਰ ਸਿੰਘ, ਭੂਪਿੰਦਰ ਸਿੰਘ, ਸੁਰਜੀਤ ਰਾਮ, ਮੈਡਮ ਬਬੀਤਾ ਅਤੇ ਵਿਨੋਦ ਕੁਮਾਰ ਜਾਂਗੜਾ, ਸੰਦੀਪ ਸ਼ਰਮਾ ਹਾਜਰ ਸਨ।

# ਗੂਗਲ ਮਨਾ ਰਿਹੈ ਜੋਹਾਨਸ ਗੁਟਨਬਰਗ ਦੀ ਸ਼ਤਾਬਦੀ ਜਿਸ ਦੀ ਬਣਾਈ ਮਸ਼ੀਨ ਉਤੇ 1455 ਵਿਚ ਪਹਿਲੀ ਵਾਰ ਛਪੀ ਸੀ ਬਾਈਬਲ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**– ਦੁਨੀਆ 'ਤੇ ਕੁੱਝ ਅਲੱਗ ਹੀ ਕਰ ਗਏ ਲੋਕਾਂ ਦੀ ਯਾਦਾਂ ਭਾਵੇਂ ਆਮ ਜਨਤਾ ਆਪਣੇ ਦਿਲਾਂ ਵਿਚੋਂ ਧੁੰਦਲੀਆਂ ਕਰ ਰਹੀ ਹੈ, ਪਰ ਸ਼ਾਬਾਸ਼ ਹੈ ਗੂਗਲ (ਸੀ.ਈ.ਓ ਸੁੰਦਰ ਪਿਚਾਈ-ਭਾਰਤੀ) ਅਦਾਰੇ ਦੇ ਜਿਹੜਾ ਸਮੇਂ-ਸਮੇਂ ਅਜਿਹੇ ਮਹਾਨ ਕਾਢਕਾਰਾਂ ਨੂੰ ਤੁਹਾਡੇ ਸਾਹਮਣ ਲਿਆ ਖੜ੍ਹਾ ਕਰਦੇ ਹਨ। ਬੀਤੇ ਕੱਲ੍ਹ ਗੂਗਲ ਦੇ ਡੂਡਲ ਵਜੋਂ ਮਹਾਨ ਖੋਜੀ ਜੌਹਾਨਸ ਗੁਟਨਬਰਗ ਬਾਰੇ ਲੋਗੋ ਲਗਾਇਆ ਗਿਆ ਹੈ। ਇਹ ਉਹ ਵਿਅਕਤੀ ਹੈ ਜਿਸ ਦੀ ਜਨਮ ਤਰੀਕ 24 ਜੂਨ 1400 ਮੰਨੀ ਗਈ ਹੈ ਜਦ ਕਿ ਉਸਦੀ ਮੌਤ 3 ਫਰਵਰੀ 1468 ਦੀ ਹੈ। ਜਰਮਨ ਦੇ ਸ਼ਹਿਰ ਮੇਨਜ਼ ਵਿਖੇ ਪੈਦਾ ਹੋਏ ਇਸ ਮਹਾਨ ਵਿਅਕਤੀ ਨੇ ਛਪਾਈ ਵਾਲੀ ਮਸ਼ੀਨ ਦੀ ਕਾਢ ਕੱਢੀ ਸੀ। ਜਿਨ੍ਹਾਂ ਨੇ ਛਾਪੇ ਖਾਨੇ ਵਾਲੀਆਂ ਮਸ਼ੀਨਾਂ ਵੇਖੀਆਂ ਹਨ ਇਹ ਉਸੇ ਤਰ੍ਹਾਂ ਦੀ ਮਸ਼ੀਨ ਹੁੰਦੀ ਸੀ। ਧਾਤੂ ਦੇ ਬਣੇ ਅੱਖਰ ਅਤੇ ਹੋਰ ਲੋਗੋ ਇਸ ਮਸ਼ੀਨ ਦੇ ਰਾਹੀਂ ਛਾਪੇ ਜਾਂਦੇ ਸਨ ਅਤੇ ਜਦੋਂ ਅੱਖਰਾਂ ਨੂੰ ਜੋੜਿਆ ਜਾਂਦਾ ਸੀ ਤਾਂ ਉਹ ਮੋਹਰ ਵਾਂਗ ਪੁੱਠੇ ਦਿਸਦੇ ਹੁੰਦੇ ਹਨ। 1455 ਦੇ ਵਿਚ ਇਸ ਦੀ ਬਣਾਈ ਮਸ਼ੀਨ ਉਤੇ ਪਹਿਲੀ ਵਾਰ ਬਾਈਬਲ ਛਾਪੀ ਗਈ ਸੀ ਜਿਸ ਦੇ ਇਕ ਸਫੇ ਉਤੇ 42 ਲਾਈਨਾਂ ਹੁੰਦੀਆਂ ਸਨ। ਇਸ ਇਕ ਬਾਈਬਲ ਦੀ ਕੀਮਤ 30 ਫਲੋਰਿਨ (ਲਗਪਗ 3.5 ਗ੍ਰਾਮ ਸ਼ੁੱਧ ਸੋਨਾ) ਰੱਖੀ ਗਈ &;ਗਈ ਸੀ ਜੋ ਕਿ ਉਸ ਵੇਲੇ ਇਕ ਕਲਰਕ ਦੀ ਤਿੰਨ ਸਾਲ ਦੀ ਤਨਖਾਹ ਦੇ ਬਰਾਬਰ ਸੀ। ਇਸ ਮਹਾਨ ਖੋਜਕਾਰ ਦੀ ਤਸਵੀਰ ਵੀ ਦਾੜੀ ਵਾਲੀ ਪ੍ਰਚਲਿਤ ਹੈ ਅਤੇ ਜਿਆਦਾਤਰ ਖੋਜੀ ਅਜਿਹੇ ਸਰੂਪ ਵਿਚ ਹੀ ਮਿਲਦੇ







ਹਨ। ਅੱਜ ਗੂਗਲ ਨੇ ਇਸ ਮਹਾਨ ਖੋਜੀ ਨੂੰ ਯਾਦ ਕੀਤਾ ਹੈ ਅਤੇ ਅਸੀਂ ਵੀ ਇਸ ਨੂੰ ਸਲਾਮ ਕਰਦੇ ਹਾਂ। ਜੇਕਰ ਛਪਾਈ ਦਾ ਯੁੱਗ ਸ਼ੁਰੂ ਨਾ ਹੁੰਦਾ ਤਾਂ ਅੱਜ ਸਾਡੇ ਹੱਥਾਂ ਵਿਚ ਕਿਤਾਬਾਂ, ਅਖਬਾਰਾਂ ਅਤੇ ਹੋਰ ਸਾਹਿਤ ਮੌਜੂਦ ਨਾ ਹੁੰਦਾ। ਇਸ ਮਹਾਨ ਖੋਜਕਾਰ ਨੇ ਉਕਰੇ ਅੱਖਰਾਂ ਦੀ ਛਪਾਈ ਵਿਚ ਵੀ ਵੱਡਾ ਯੋਗਦਾਨ ਪਾਇਆ।

ਇਸ ਵੇਲੇ ਜਿੱਥੇ ਇਸ ਮਹਾਨ ਕਾਢਕਾਰ ਦੇ ਨਾਂਅ 'ਤੇ ਅਜਾਇਬ ਘਰ ਬਣਿਆ ਹੈ ਉਥੋਂ ਲਗਪਗ 28 ਕਿਲੋਮੀਟਰ ਦੂਰ ਗੁਰਦੁਆਰਾ ਸਿੱਖ ਸੈਂਟਰ ਵੀ ਮੌਜੂਦ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਸਰੂਪ ਦੀ ਛਪਾਈ 1864 ਦੇ ਵਿਚ ਹੋਈ ਮਿਲਦੀ ਹੈ, ਇਸ ਤੋਂ ਪਹਿਲਾਂ ਹੱਥ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਹੀ ਲਿਖਿਆ ਮਿਲਦਾ ਹੈ। 1604 ਦੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਥਾਪਨਾ ਕੀਤੀ ਗਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਹੱਥ ਲਿਖਤ ਸਰੂਪ ਇਸ ਵੇਲੇ ਕਰਤਾਰਪੁਰ ਵਿਖੇ ਸੋਢੀ ਪਰਿਵਾਰ ਦੇ ਕੋਲ ਹੈ, ਜਿਸ ਦੇ ਦਰਸ਼ਨ ਵਿਸਾਖੀ ਵਾਲੇ ਦਿਨ ਕਰਵਾਏ ਜਾਂਦੇ ਹਨ।

ਭਾਰਤ ਦੇ ਵਿਚ ਪ੍ਰਿੰਟਿੰਗ ਮਸ਼ੀਨ ਦਾ ਯੁੱਗ 30 ਅਪ੍ਰੈਲ 1556 ਨੂੰ ਗੋਆ ਤੋਂ ਸ਼ੁਰੂ ਹੋਇਆ ਮਿਲਦਾ ਹੈ। ਇਹ ਮਸ਼ੀਨ ਪੁਰਤਗਾਲ ਤੋਂ ਆਈ ਸੀ। 1780 ਦੇ ਵਿਚ ਬੰਗਾਲ ਗਜ਼ਟ ਨਾਂਅ ਦਾ ਅਖਬਾਰ ਪਹਿਲੀ ਵਾਰ ਮਸ਼ੀਨ ਉਤੇ ਛੱਪਿਆ ਸੀ। ਪਹਿਲਾ ਪੰਜਾਬੀ ਅਖਬਾਰ ਪਹਿਲੀ ਮਾਰਚ 1867 ਨੂੰ ਛਪਿਆ ਮਿਲਦਾ ਹੈ ਅਤੇ 2017 ਦੇ ਵਿਚ 150 ਸਾਲਾ ਦਿਵਸ ਮਨਾਇਆ ਜਾ ਚੁੱਕਾ ਹੈ।

# ਪੁੰਗਰਦੇ ਹਰਫ਼ ਵੱਲੋਂ ਉਦੇਸ਼ਾਂ ਦੀ ਪ੍ਰਾਪਤੀ ਲਈ ਪਹਿਲਾ ਕਦਮ-ਵਿਸਾਖੀ ਵਿਸੇਸ਼ ਕਾਵਿ ਦਰਬਾਰ

ਸਾਹਿਤ ਦੇ ਸਰਬਪੱਖੀ ਵਿਕਾਸ ਲਈ ਅਤੇ ਨਵੀਆਂ ਕਲਮਾਂ ਨੂੰ ਸੇਧ ਦੇਣ ਦੇ ਉਦੇਸ਼ ਦੀ ਪ੍ਰਾਪਤੀ ਲਈ ਪੁੰਗਰਦੇ ਹਰਫ਼(ਵਿਸ਼ਵ ਕਾਵਿ ਮਹਿਫਲ) ਵੱਲੋਂ ਵਿਸਾਖੀ ਵਿਸ਼ੇਸ਼ ਸਿਰਲੇਖ ਹੇਠ ਪਹਿਲਾ ਕਵੀ ਦਰਬਾਰ ਕਰਵਾਇਆ ਗਿਆ ਕੋਰੋਨਾ ਦੀ ਮਹਾਂਮਾਰੀ ਦੇ ਚੱਲਦਿਆਂ ਸੰਸਾਰ ਪੱਧਰ ਤੇ ਵਰਤੀਆਂ ਜਾ ਰਹੀਆਂ ਸਾਵਧਾਨੀਆਂ ਨੂੰ ਧਿਆਨ !ਚ ਰੱਖਦਿਆਂ ਇਹ ਪ੍ਰੋਗਰਾਮ ਜ਼ੂਮ ਰਾਹੀਂ ਕੀਤਾ ਗਿਆ। ਦੇਸ਼ ਵਿਦੇਸ਼ ਤੋਂ ਹਿੱਸਾ ਲੈ ਰਹੀਆਂ ਕਵਿੱਤਰੀਆਂ ਅਤੇ ਕਵੀਆਂ ਨੇ ਇਸ ਵਿੱਚ ਹਾਜ਼ਰੀ ਲਵਾਈ। ਇਸ ਸੰਸਥਾ ਦੇ ਚੇਅਰਮੈਨ ਬਲਿਹਾਰ ਲੇਹਲ (ਅਮਰੀਕਾ) ਦੀ ਪ੍ਰਧਾਨਗੀ ਵਿੱਚ ਚੱਲੇ ਇਸ ਪ੍ਰੋਗਰਾਮ ਦਾ ਸੰਚਾਲਨ ਪ੍ਰਧਾਨ ਰਮਨਦੀਪ ਕੌਰ ਰੰਮੀ (ਗਿੱਦੜਬਾਹਾ) ਨੇ ਦੂਸਰੇ ਅਹੁਦੇਦਾਰਾਂ ਹਰਮੀਤ ਕੌਰ ਮੀਤ ਗੁਰਦਾਸਪੁਰ (ਸਕੱਤਰ), ਜਸਵਿੰਦਰ ਕੌਰ ਲੇਹਲ (ਅਮਰੀਕਾ) ਦੇ ਸਹਿਯੋਗ ਨਾਲ ਸਫਲਤਾ ਪੂਰਬਕ ਕੀਤਾ। ਉਹਨਾਂ ਦੇ ਸਵਾਗਤੀ ਭਾਸ਼ਣ ਨਾਲ ਸ਼ੁਰੂ ਹੋਏ ਇਸ ਪ੍ਰੋਗਰਾਮ ਵਿੱਚ ਸੰਦੀਪ ਰਾਣੀ ਕਾਤਰੋ, ਅਮਨਵੀਰ ਸਿੰਘ ਧਾਮੀ ਸਾਊਥ ਕੋਰੀਆ, ਪੈਰਿਆ ਗਰਗ ਧੂਰੀ, ਮਨਦੀਪ ਕੌਰ ਰਤਨ, ਜਸਵਿੰਦਰ ਕੌਰ ਜੱਸੀ, ਰੁਪਿੰਦਰ ਕੌਰ ਰੂਹਾਨੀ ਮਹਿਕ, ਸੋਹਣ ਸਿੰਘ ਗੈਦੂ, ਨਿਰਮਲ ਕੌਰ ਕੋਟਲਾ, ਸਰਬਜੀਤ





ਕੌਰ ਸਹੋਤਾ, ਅਮਰਜੀਤ ਕੌਰ ਮੋਰਿੰਡਾ, ਤਰਵਿੰਦਰ ਕੌਰ ਝੰਡੋਕ, ਰਮਨਦੀਪ ਕੌਰ ਰੰਮੀ, ਬਲਿਹਾਰ ਲੇਹਲ ਅਤੇ ਪ੍ਰਭਜੋਤ ਪ੍ਰਭ ਨੇ ਆ-ਪਣੀਆਂ ਖ਼ੂਬਸੂਰਤ ਕਵਿਤਾਵਾਂ ਉਚਾਰ ਕੇ ਜਾਂ ਤਰੰਨਮ ਚ ਗਾ ਕੇ ਰੰਗ ਬੰਨ੍ਹਿਆ।

ਆਪਣੀਆਂ ਜ਼ਿੰਮੇਵਾਰੀਆਂ ਦੇ ਅਹਿਸਾਸ ਨਾਲ ਲਬਰੇਜ਼ ਬਲਿਹਾਰ ਲੇਹਲ ਨੇ ਪ੍ਰਧਾਨਗੀ ਕਰਦਿਆਂ ਮੰਚ ਸੰਚਾਲਨ ਦੇ ਕੰਮ ਵਿੱਚ ਸਹਿਯੋਗ ਦਿੱਤਾ।ਸਭ ਕਵੀ ਕਵਿੱਤਰੀਆਂ ਨੂੰ ਯਥਾਯੋਗ ਬੋਲਣ ਦਾ ਸਮਾਂ ਦਿੱਤਾ ਗਿਆ ਤੇ ਨਾਲ ਦੀ ਨਾਲ ਉਹਨਾਂ ਦੀ ਹੌਸਲਾ ਅਫ਼ਜਾਈ ਵੀ ਕੀਤੀ ਗਈ।ਮੁੱਖ ਮਹਿਮਾਨ ਦੇ ਤੌਰ ਤੇ ਸਤਿਕਾਰਯੋਗ ਕੁਲਵੰਤ ਕੌਰ ਢਿੱਲੋਂ(ਇੰਗਲੈਂਡ), ਕਮਲਪ੍ਰੀਤ ਕੌਰ ਸੰਧੂ (ਮਲੋਟ) ਅਤੇ ਡਾਕਟਰ ਰਮਨਦੀਪ ਸਿੰਘ ਦੀਪ ਨੇ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕਰਦਿਆਂ, ਆਪਣੇ ਕੀਮਤੀ ਵਿਚਾਰ ਵਿਅਕਤ ਕਰਕੇ ਨਵੀਆਂ ਕਲਮਾਂ ਨੂੰ ਉਤਸ਼ਾਹਿਤ ਵੀ ਕੀਤਾ। ਸੋਸ਼ਲ ਮੀਡੀਏ ਦੇ ਵੱਖ ਵੱਖ ਸਾਧਨਾਂ ਰਾਹੀਂ ਸਾਰੀ ਦੁਨੀਆਂ ਦੇ ਸਰੋਤਿਆਂ ਨਾਲ ਜੁੜੇ ਇਸ ਪ੍ਰੋਗਰਾਮ ਨੂੰ ਪੇਸ਼ ਕਰ ਰਹੀ ਸਮੁੱਚੀ ਟੀਮ ਦੀ ਅਤੇ ਉਹਨਾਂ ਦੇ ਉਪਰਾਲੇ ਦੀ ਸੱਭ ਵੱਲੋਂ ਸ਼ਲਾਘਾ ਕੀਤੀ ਗਈ।

**ਰਮਨਦੀਪ ਕੌਰ ਰੰਮੀ ਗਿਦੜਬਾਹਾ, ਪ੍ਰਧਾਨ,**
**ਮੰਗਤ ਕੁਲਜਿੰਦ ਵੱਟਸਐਪ 01 425 286 0163**

# ਜੀ ਜੀ ਐੱਨ ਖ਼ਾਲਸਾ ਕਾਲਿਜ ਵੱਲੋਂ ਜ਼ਿਲਾ ਸਿਹਤ ਪ੍ਰਸ਼ਾਸਨ ਨਾਲ ਮਿਲ ਕੇ ਲਾਇਆ ਕੋਵਿਡ ਟੀਕਾਕਰਨ ਕੈਂਪ





**ਲੁਧਿਆਣਾ–** ਗੁਜਰਾਂਵਾਲਾ ਖਾਲਸਾ ਐਜੂਕੇਸ਼ਨ ਕੌਂਸਲ ਦੇ ਪ੍ਰਬੰਧ ਹੇਠ ਕਾਰਜਸ਼ੀਲ ਸਿੱਖਿਆ ਸੰਸਥਾਵਾਂ ਜੀ ਜੀ ਐੱਨ ਖਾਲਸਾ ਕਾਲਿਜ, ਜੀ ਜੀ ਐੱਨ ਆਈ ਐੱਮ ਟੀ, ਜੀ ਜੀ ਐੱਨ ਵੋਕੇਸ਼ਨਲ ਸਟਡੀਜ਼, ਜੀਜੀ ਐੱਨ ਕਾਲਿਜ ਆਫ ਫਾਰਮੇਸੀ ਤੇ ਜੀ ਜੀ ਐੱਨ ਪਬਲਿਕ ਸਕੂਲ ਵੱਲੋਂ ਜਿਲਾ ਸਿਹਤ ਪ੍ਰਸ਼ਾਸਨ ਦੀ ਮਦਦ ਨਾਲ ਕੋਵਿਡ 19 ਤੋਂ ਬਚਾਅ ਲਈ ਮੁਫ਼ਤ ਟੀਕਾਕਰਨ ਕੈਂਪ ਲਗਾਇਆ ਗਿਆ।

ਜਿਸ ਵਿੱਚ 45 ਸਾਲ ਤੋਂ ਵੱਧ ਉਮਰ ਵਾਲੇ ਜੀਆਂ ਨੂੰ ਟੀਕਾਕਰਨ ਕੀਤਾ ਗਿਆ।

ਕੈਂਪ ਦਾ ਉਦਘਾਟਨ ਪੰਜਾਬ ਦੇ ਖ਼ੁਰਾਕ ਤੇ ਸਪਲਾਈ ਮੰਤਰੀ ਤੇ ਹਲਕਾ ਵਿਧਾਇਕ ਭਾਰਤ ਭੂਸ਼ਨ ਆਸ਼ੂ ਦੀ ਪਤਨੀ ਅਤੇ ਕੌਂਸਲਰ ਮਮਤਾ ਆਸ਼ੂ ਨੇ ਕੀਤਾ। ਉਹਨਾਂ ਕਿਹਾ ਕਿ ਕੋਲਿਡ ਮਹਾਂ ਮਾਰੀ ਤੋਂ ਮੁਕਤੀ ਲਈ ਲੋਕ ਚੇਤਨਾ ਮੁਹਿੰਮ ਚਲਾਉਣ ਦੀ ਲੋੜ ਹੈ ਤਾਂ ਜੋ ਅਫਵਾਹਾਂ ਦਾ ਬਾਜ਼ਾਰ ਗਰਮ ਕਰਨ ਵਾਲਿਆਂ ਨੂੰ ਮੂੰਹ ਦੀ ਖਾਣੀ ਪਵੇ।

ਕਾਲਿਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ: ਐੱਸ ਪੀ ਸਿੰਘ ਨੇ ਸੁਆਗਤੀ ਸ਼ਬਦ ਕਹੇ। ਜੀ ਜੀ ਐੱਨ ਆਈ ਐੱਮ ਟੀ ਦੇ ਡਾਇਰੈਕਟਰ ਪ੍ਰੋ: ਮਨਜੀਤ ਸਿੰਘ ਛਾਬੜਾ ਨੇ ਕੋਵਿਡ ਟੀਕਾਕਰਨ ਦੀ ਮਹੱਤਤਾ ਬਾਰੇ ਸੰਬੋਧਨ ਕੀਤਾ। ਕਾਲਿਜ ਤੇ ਬਾਕੀ ਸੰਸਥਾਵਾਂ ਵੱਲੋਂ ਮਮਤਾ ਆਸ਼ੂ ਨੂੰ ਡਾ: ਐੱਸ ਪੀ ਸਿੰਘ, ਡਾ : ਅਰਵਿੰਦਰ ਸਿੰਘ ਭੱਲਾ ਪ੍ਰਿੰਸੀਪਲ, ਅਰਵਿੰਦਰ ਸਿੰਘ, ਹਰਦੀਪ ਸਿੰਘ, ਕੁਲਜੀਤ ਸਿੰਘ, ਪ੍ਰੋ: ਮਨਜੀਤ ਸਿੰਘ ਛਾਬੜਾ, ਡਾ: ਹਰਪ੍ਰੀਤ ਸਿੰਘ, ਮਿਸਜ ਗੁਣਮੀਤ ਕੋਰ, ਮਿਸਜ ਸ਼ੈਖਾ ਸਹਿਜਪਾਲ ਨੇ ਫੁਲਕਾਰੀ ਪਹਿਨਾਉਣ ਉਪਰੰਤ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ। ਕਾਲਿਜ ਪ੍ਰਿੰਸੀਪਲ ਡਾ: ਅਰਵਿੰਦਰ ਸਿੰਘ ਭੱਲਾ ਨੇ ਮੁੱਖ ਮਹਿਮਾਨ ਮਮਤਾ ਆਸ਼ੂ ਤੇ ਹੋਰ ਮਹਿਮਾਨਾਂ ਦਾ ਧੰਨਵਾਦ ਕੀਤਾ।

## Ambedkar Times and Desh Doaba forum Pay Tribute to Mr. Parkash Chand Jassal



Ambedkar Times and Desh Doaba forum share its deep grief with the bereaved family, friends, and fellow-missionaries of Mr. Parkash Chand Jassal Ji who suddenly left us. He was among the pioneers of the Republican Party of India in Punjab. He was an untiring follower of Ambedkar mission, a sincere devotee of Buddhism and a fearless soldier of the Rights of Scheduled Castes. In his sudden demise, Mr Jassal has left us with irreparable loss. Throughout his missionary life he never ever compromised with wrong values. He began the tradition of celebrating the martyrdom day of martyor Sh. Ram Prakash Abad Pura (Jalandhar) of 1964 RPI agitations. He actively participated in the agitation for declaring holiday on the Birth Anniversary of Dr. B.R. Ambedkar. He played constructive role in organizing Plumbers' Union. He was also in the forefront of Talhan agitation and had been very active in Chetna March Committee.

**Ambedkar Times and Desh Doaba pay floral tribute to the departed noble soul.**

**Prem Kumar Chumber Editor-In-Chief**

# ਸ੍ਰੀ ਪਰਕਾਸ਼ ਚੰਦ ਜੱਸਲ ਦਾ ਦੁੱਖਦਾਇਕ ਵਿਛੋੜਾ



ਰਿਪਬਲਿਕਨ ਪਾਰਟੀ ਦੇ ਪਰਮੁੱਖ ਆਗੂ, ਅੰਬੇਡਕਰ ਮਿਸ਼ਨ ਦੇ ਅਣਥੱਕ ਸਿਪਾਹੀ, ਬੁੱਧ ਧਰਮ ਦੇ ਸੱਚੇ ਪੈਰੋਕਾਰ, ਦਲਿਤਾਂ ਦੇ ਹੱਕਾਂ ਲਈ ਲੜਨ ਵਾਲੇ ਯੋਧਾ , ਸ੍ਰੀ ਪਰਕਾਸ਼ ਚੰਦ ਜੱਸਲ ਅਚਾਨਕ ਵਿਛੋੜਾ ਦੇ ਗਏ. ਉਨਾਂ ਦੇ ਬੇਵਕਤ ਚਲਾਣੇ ਨਾਲ ਸਮਾਜ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸ੍ਰੀ ਪਰਕਾਸ਼ ਚੰਦ ਜੱਸਲ ਜੀ ਨੇ ਗਲਤ ਕਦਰਾਂ ਕੀਮਤਾ ਨਾਲ ਸਾਰੀ ਉਮਰ ਕਦੀ ਸਮਝੌਤਾ ਨਹੀਂ ਕੀਤਾ. ਰਿਪਬਲਿਕਨ ਪਾਰਟੀ ਦੇ ਮਹਾਨ ਸ਼ਹੀਦ ਸ੍ਰੀ ਰਾਮ ਪਰਕਾਸ਼ ਅਬਾਦ ਪੁਰਾ ਦਾ ਸ਼ਹੀਦੀ ਦਿਵਸ ਮਨਾਉਣਾ ਉਨਾਂ ਦਾ ਖਾਸ ਉਪਰਾਲਾ ਰਿਹਾ ਹੈ। ਬਾਬਾ ਸਾਹਿਬ ਡਾ. ਅੰਬੇਡਕਰ ਦੇ ਜਨਮ ਦਿਵਸ ਦੀ ਛੁੱਟੀ ਕਰਵਾਉਣ ਲਈ ਕੀਤੇ ਸੰਘਰਸ਼ ਵਿਚ ਉਨਾਂ ਦਾ ਵੱਡਮੁੱਲਾ ਯੋਗਦਾਨ ਸੀ. ਉਹ ਕਈ ਵਾਰ ਸ਼ਕਾਇਤ ਕਮੇਟੀਆਂ ਦੇ ਮੈਬਰ ਵੀ ਰਹੇ। ਪਲੰਬਰ ਯੂਨੀਅਨ ਨੂੰ ਚਲਾਉਣ ਵਿਚ ਉਨਾਂ ਦਾ ਖਾਸ ਯੋਗਦਾਨ ਰਿਹਾ. ਗੱਲ ਕਿ ਪੰਜਾਬ ਦੇ ਦਲਿਤਾਂ ਲਈ ਲੜੇ ਗਏ ਸੰਘਰਸ਼ ਦੇ ਉਹ ਮੋਹਰੀ ਹੁੰਦੇ ਸਨ ਚਾਹੇ ਉਹ ਚੌਗਿਟੀ ਕਾਂਢ ਸੀ ਜਾਂ ਤੱਲਣ ਕਾਂਢ . ਦਲਿਤ ਐਕਸ਼ਨ ਕਮੇਟੀ ਦੇ ਸਰਕਰਦਾ ਆਗੂ ਸਨ. ਸਿਧਾਰਥ ਨਗਰ ਬੁੱਧ ਵਿਹਾਰ ਨਾਲ ਉਨਾਂ ਦਾ ਖਾਸ ਲਗਾਓ ਸੀ। ਉਹ ਹਰ ਮਹੀਨੇ ਘੀਰ ਦਾ ਦਾਨ ਕਰਦੇ ਸਨ. ਸੱਚ ਨੂੰ ਸੱਚ ਅਤੇ ਝੂਠ ਨੂੰ ਕਹਿਣ ਵਾਲੇ ਇਹੋ ਜਿਹੇ ਸਾਥੀ ਦਾ ਚਲੇ ਜਾਣਾ ਵਾਕਈ ਅਸਹਿ ਹੈ।

ਪਰਸਿੱਧ ਲੇਖਕ ਸ੍ਰੀ ਐਸ. ਐਲ ਵਿਰਦੀ ਉਨਾਂ ਬਾਰੇ ਲਿਖਦੇ ਹਨ ਕਿ ਸ੍ਰੀ ਪਰਕਾਸ਼ ਚੰਦ ਜੱਸਲ ਅਬਾਦ ਪੁਰਾ ਦੇ ਵਸਨੀਕ ਸਨ। ਆਪ ਨੇ ਜਿਉ ਹੀ ਹੋਸ਼ ਸੰਭਾਲੀ ਅੰਬੇਡਕਰੀ ਮਿਸ਼ਨ ਵਿਚ ਕੁੱਦ ਪਏ. ਫ਼ਿਰ ਆਪ ਰਿਪ-ਬਲਿਕਨ ਪਾਰਟੀ ਨਾਲ ਜੁੜ ਗਏ. 1989 ਵਿਚ ਮੰਡਲ ਕਮਿਸ਼ਨ ਦੇ ਹੱਕ ਵਿਚ ਦਲਿਤਾਂ ਨੂੰ ਲਾਮਬੰਦ ਕਰਕੇ ਉੱਚ ਜਾਤੀ ਦੇ ਲੋਕਾਂ ਦੇ ਮੁਕਾਬਲੇ ਮੰਡਲ ਕਮਿਸ਼ਨ ਦੇ ਸਮਰਥਨ ਵਿਚ ਅੰਦੋਲਨ ਕੀਤਾ।

ਡਾ. ਅੰਬੇਡਕਰ ਟੈਕਨੀਕਲ ਯੂਨੀਵਰਸਿਟੀ ਪੰਜਾਬ ਜਲੰਧਰ ਦੀ ਸਥਾਪਤੀ ਲਈ ਸੰਘਰਸ਼ ਸੰਮਤੀ ਦੇ ਅੰਦੋਲਨ ਵਿਚ ਇਨਾਂ ਨੇ ਮਹੱਤਵ ਪੂਰਨ ਯੋਗਦਾਨ ਪਾਇਆ. ਸ੍ਰੀ ਪਰਕਾਸ਼ ਚੰਦ ਜੱਸਲ ਮਜ਼ਦੂਰਾਂ ਦੇ ਵੀ ਨੇਤਾ ਸਨ, ਪਰ ਰਿਪਬਲਿਕਨ ਵਿਚਾਰਾਂ ਦੇ ਪੱਕੇ ਸਨ (ਪੰਜਾਬ ਦਾ ਦਲਿਤ ਇਤਿਹਾਸ, ਸਮਾਜ ਨੂੰ ਸਮਰਪਿਤ ਸਾਥੀ, ਸਫ਼ਾ 160). ਸ੍ਰੀ ਪਰਕਾਸ਼ ਚੰਦ ਜੱਸਲ ਜੀ ਦੇ ਜੀਵਨ ਅਤੇ ਸੰਘਰਸ਼ ਬਾਰੇ ਕਹਿਣਾ ਬਣਦਾ ਹੈ..

ਹਜ਼ਾਰੋ ਸਾਲ ਨਰਗਿਸ ਆਪਨੀ ਬੇਨੂਰੀ ਪੈ ਰੋਤੀ ਹੈ
ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ ..

***ਹਰਮੇਸ਼ ਜੱਸਲ, ਪਰਧਾਨ***
***ਡਾ. ਅੰਬੇਡਕਰ ਵੀਕਰ ਸੈਕਸ਼ਨ ਵੈਲਫ਼ੇਅਰ ਸੁਸਾਇਟੀ ਪੰਜਾਬ***



Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਭੀਮ ਇੰਟਰਨੈਸ਼ਨਲ ਯੂ.ਐਸ.ਏ.ਨੇ ਡਾ.ਅੰਬੇਡਕਰ ਦਾ ਜਨਮ ਦਿਨ ਮਨਾਇਆ

**ਸੈਨਹੋਜ਼ੇ-** ਭੀਮ ਇੰਟਰਨੈਸ਼ਨਲ ਯੂ. ਐਸ. ਏ. ਵੱਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦਾ 130ਵਾਂ ਜਨਮ ਦਿਨ ਕਮਿਊਨਿਟੀ ਹਾਲ ਸੈਨਹੋਜ਼ੇ ਵਿਖੇ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਬੋਲਦਿਆਂ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੇ ਚੇਅਰਮੈਨ ਵਿਨੋਦ ਕੁਮਾਰ ਚੁੰਬਰ ਨੇ ਕਿਹਾ ਕਿ ਡਾ. ਅੰਬੇਡਕਰ ਦੇ ਮਿਸ਼ਨ ਤੋਂ ਸਿੱਖਿਆ ਲੈ ਕੇ ਸਾਨੂੰ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਸਿੱਖਿਅਤ ਕਰਨ ਦੀ ਲੋੜ ਹੈ, ਤਦ ਹੀ ਭਾਰਤ ਵਰਗੇ ਮੁਲਕ ਵਿਚ ਨਾਬਰਾਬਰੀ ਖਿਲਾਫ ਜੰਗ ਲੜੀ ਜਾ ਸਕਦੀ ਹੈ ਤੇ ਗਰੀਬੀ ਦੀ ਜਿੱਲ੍ਹਣ ਤੋਂ ਬਾਹਰ ਨਿਕਲਿਆ ਜਾ ਸਕਦਾ ਹੈ। ਉਹਨਾਂ ਕਿਹਾ ਕਿ ਸਾਨੂੰ ਬਾਬਾ ਸਾਹਿਬ ਦੇ ਸਿਧਾਂਤ 'ਪੜ੍ਹੋ, ਸੰਘਰਸ਼ ਕਰੋ ਤੇ ਜੁੜੋ' ਉਤੇ ਪਹਿਰਾ ਦੇਣ ਦੀ ਲੋੜ ਹੈ ਤੇ ਸਾਨੂੰ ਦੇਸ਼-ਵਿਦੇਸ਼ ਵਿਚ ਬੈਠਿਆਂ ਡਾ. ਅੰਬੇਡਕਰ ਦੇ ਵਾਰਸਾਂ ਨੂੰ ਚਾਹੀਦਾ ਹੈ ਅਸੀਂ ਭਾਰਤ ਵਿਚ ਲੋੜਵੰਦ ਬੱਚਿਆਂ ਨੂੰ ਸਿੱਖਿਅਤ ਕਰਨ ਵਿਚ ਵੱਧ ਚੜ੍ਹ ਕੇ ਯੋਗਦਾਨ ਪਾਈਏ। ਇਸ ਮੌਕੇ ਬਹੁਤ ਸਾਰੇ ਆਗੂਆਂ ਨੇ ਵਿਚਾਰਾਂ ਦੀ ਸਾਂਝ ਪਾਈ, ਜਿਹਨਾਂ ਵਿਚ ਸਰਵਸ੍ਰੀ ਸੁੱਚਾ ਰਾਮ ਭਾਰਟਾ, ਬਲਵੀਰ ਸ਼ੀਂਹਮਾਰ, ਜੈਰੀ ਅਹੂਜਾ, ਦਰਸ਼ਨ ਸਿੰਘ ਢਿੱਲੋਂ, ਮਹਿੰਦਰ ਸਿੰਘ ਮਾਹੀ ਨੇ ਡਾ. ਅੰਬੇਡਕਰ ਦੇ ਜੀਵਨ ਅਤੇ ਸੰਘਰਸ਼ ਤੋਂ ਸੇਧ ਲੈਣ ਦੀ ਗੱਲ ਆਖੀ। ਇਸ ਮੌਕੇ ਤੇ ਡਾ. ਅੰਬੇਡਕਰ ਦੇ ਬਹੁਗਿਣਤੀ ਵਿਚ ਸਮਰਥਕ ਹਾਜ਼ਰ ਸਨ ਅਤੇ ਸਿਹਤ ਵਿਭਾਗ ਦੀਆਂ ਕਰੋਨਾ ਮਹਾਂਮਾਰੀ ਦੀਆਂ ਹਦਾਇਤਾਂ ਦੀ ਬਕਾਇਦਾ ਪਾਲਣਾ ਕੀਤੀ ਗਈ ਸੀ।





















# ਭਾਰਤ ਵਿਚ ਗ਼ਰੀਬੀ ਦੀ ਸਮੱਸਿਆ ਨਾਲ਼ ਕਿਵੇਂ ਨਜਿੱਠਿਆ ਜਾਵੇ?



**ਡਾ. ਗਿਆਨ ਸਿੰਘ**
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਪਿਊ ਰਿਸਰਚ ਸੈਂਟਰ ਦੁਆਰਾ ਮਾਰਚ 2021 ਦੌਰਾਨ ਰਿਲੀਜ਼ ਕੀਤੀ ਗਈ ਇਕ ਰਿਪੋਰਟ ਅਨੁਸਾਰ 2020 ਦੌਰਾਨ ਕਰੋਨਾਵਾਇਰਸ ਮਹਾਮਾਰੀ ਕਾਰਨ ਭਾਰਤ ਵਿਚ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਦੀ ਗਿਣਤੀ ਵਿਚ 7.5 ਕਰੋੜ ਦਾ ਵਾਧਾ ਹੋਣ ਦਾ ਅਨੁਮਾਨ ਹੈ ਜਿਹੜਾ ਪੂਰੀ ਦੁਨੀਆ ਦੇ ਮੁਲਕਾਂ ਵਿਚ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਦੀ ਗਿਣਤੀ ਵਿਚ ਵਾਧੇ ਦਾ 60 ਫ਼ੀਸਦ ਦੇ ਕਰੀਬ ਬਣਦਾ ਹੈ। ਇਸ ਮਹਾਮਾਰੀ ਕਾਰਨ ਅਰਥਵਿਵਸਥਾ ਵਿਚ ਆਏ ਸੰਗੋੜ ਕਾਰਨ ਭਾਰਤ ਵਿਚ ਦਰਮਿਆਨਾ ਆਮਦਨ ਵਰਗ ਦੇ ਲੋਕਾਂ ਦੀ ਗਿਣਤੀ ਦੇ 3.2 ਕਰੋੜ ਘਟਣ ਦਾ ਅਨੁਮਾਨ ਹੈ। ਭਾਰਤ ਵਿਚ ਦਰਮਿਆਨਾ ਆਮਦਨ ਵਰਗ ਦੇ ਲੋਕਾਂ ਦੀ ਗਿਣਤੀ ਵਿਚ ਕਮੀ ਪੂਰੀ ਦੁਨੀਆ ਦੇ ਮੁਲਕਾਂ ਵਿਚ ਇਸ ਵਰਗ ਦੇ ਲੋਕਾਂ ਦੀ ਗਿਣਤੀ ਵਿਚ ਆਈ ਕਮੀ ਦਾ 60 ਫ਼ੀਸਦ ਬਣਦੀ ਹੈ। ਪਿਊ ਰਿਸਰਚ ਸੈਂਟਰ ਨੇ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਦੀ ਗਿਣਤੀ ਦੇ ਅਨੁਮਾਨ ਲਾਉਣ ਲਈ ਉਨ੍ਹਾਂ ਲੋਕਾਂ ਨੂੰ ਗ਼ਰੀਬ ਮੰਨਿਆ ਹੈ ਜਿਨ੍ਹਾਂ ਦੀ ਪ੍ਰਤਿ ਜੀਅ, ਪ੍ਰਤਿ ਦਿਨ ਆਮਦਨ 2 ਅਮਰੀਕਨ ਡਾਲਰ ਜਾਂ ਉਸ ਤੋਂ ਘੱਟ ਹੈ। ਦਰਮਿਆਨਾ ਆਮਦਨ ਵਰਗ ਦੇ ਲੋਕਾਂ ਦੀ ਗਿਣਤੀ ਵਿਚ ਆਈ ਕਮੀ ਦੇ ਅਨੁਮਾਨ ਲਾਉਣ ਲਈ ਇਸ ਸੈਂਟਰ ਦੁਆਰਾ ਉਨ੍ਹਾਂ ਲੋਕਾਂ ਨੂੰ ਦਰਮਿਆਨਾ ਆਮਦਨ ਵਰਗ ਵਾਲੇ ਮੰਨਿਆ ਗਿਆ ਹੈ ਜਿਨ੍ਹਾਂ ਦੀ ਪ੍ਰਤਿ ਜੀਅ, ਪ੍ਰਤਿ ਦਿਨ ਆਮਦਨ 10.01 ਤੋਂ 20 ਅਮਰੀਕਨ ਡਾਲਰਾਂ ਦੇ ਵਿਚਕਾਰ ਹੈ।

ਵੱਖ ਵੱਖ ਮੁਲਕਾਂ ਦੀਆਂ ਸਰਕਾਰਾਂ ਸਮੇਂ ਸਮੇਂ ਗ਼ਰੀਬੀ ਦੀ ਰੇਖਾ ਦੀਆਂ ਪਰਿਭਾਸ਼ਾਵਾਂ ਦਿੰਦੀਆਂ ਰਹਿੰਦੀਆਂ ਹਨ ਤਾਂ ਕਿ ਇਹ ਪਤਾ ਲਗਾਇਆ ਜਾ ਸਕੇ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਦੀ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਲੋਕਾਂ ਲਈ ਕਲਿਆਣਕਾਰੀ ਯੋਜਨਾਵਾਂ ਸ਼ੁਰੂ ਕਰਕੇ ਉਨ੍ਹਾਂ ਦੇ ਜੀਵਨ-ਪੱਧਰ ਨੂੰ ਉੱਚਾ ਚੁੱਕਿਆ ਜਾ ਸਕੇ। ਭਾਰਤ ਵਿਚ ਵੱਖ ਵੱਖ ਸਰਕਾਰਾਂ ਦੀ ਹਕੂਮਤ ਦੌਰਾਨ ਗ਼ਰੀਬੀ ਰੇਖਾ ਦੀਆਂ ਦਿੱਤੀਆਂ ਗਈਆਂ ਪਰਿਭਾਸ਼ਾਵਾਂ ਬਹਿਸ ਅਤੇ ਨੁਕਤਾਚੀਨੀ ਦਾ ਮੁੱਦਾ ਰਹੀਆਂ ਹਨ। ਗ਼ਰੀਬੀ ਰੇਖਾ ਦੀਆਂ ਪਰਿਭਾਸ਼ਾਵਾਂ ਸੰਬੰਧੀ ਬਣਾਈਆਂ ਗਈਆਂ ਕਮੇਟੀਆਂ ਵਿਚ ਤੇਦੂਲਕਰ ਕਮੇਟੀ (2005), ਰੰਗਾਰਾਜਨ ਕਮੇਟੀ (2012), ਪਾਨਾਗਰੀਆ ਕਮੇਟੀ (2015) ਅਤੇ ਕੁਝ ਕੁ ਹੋਰ ਕਮੇਟੀਆਂ ਦੁਆਰਾ ਸੁਝਾਈਆਂ ਗਈਆਂ ਪਰਿਭਾਸ਼ਾਵਾਂ ਦੀ ਤਿੱਖੀ ਨੁਕਤਾਚੀਨੀ ਹੋਈ ਅਤੇ ਅੱਜ ਤੱਕ ਗ਼ਰੀਬੀ ਰੇਖਾ ਦੀ ਕੋਈ ਇਕ ਅਜਿਹੀ ਪਰਿਭਾਸ਼ਾ ਨਹੀਂ ਦਿੱਤੀ ਗਈ ਜਿਸ ਨੂੰ ਨੁਕਤਾਚੀਨੀ ਤੋਂ ਬਿਨਾਂ ਪਰਵਾਨ ਕਰ ਲਿਆ ਗਿਆ ਹੋਵੇ। ਕੌਮਾਂਤਰੀ ਪੱਧਰ ਉੱਪਰ ਗ਼ਰੀਬੀ ਰੇਖਾ ਦੀਆਂ ਦਿੱਤੀਆਂ ਗਈਆਂ ਜ਼ਿਆਦਾ ਪਰਿਭਾਸ਼ਾਵਾਂ ਵੀ ਦੋਸ਼-ਮੁਕਤ ਨਹੀਂ ਮੰਨੀਆਂ ਗਈਆਂ। ਵਰਲਡ ਬੈਂਕ ਦੁਆਰਾ ਗ਼ਰੀਬੀ ਰੇਖਾ ਦੀ ਦਿੱਤੀ ਗਈ ਪਰਿਭਾਸ਼ਾ ਦੀ ਵਰਤੋਂ ਬਹੁਤ ਸਾਰੇ ਮੁਲਕਾਂ ਵਿਚ ਕੀਤੀ ਜਾਂਦੀ ਹੈ। ਇਸ ਬੈਂਕ ਦੇ ਸਥਾਪਿਤ ਕਰਨ ਦਾ ਇਕ ਉਦੇਸ਼ ਦੁਨੀਆ ਵਿਚੋਂ ਗ਼ਰੀਬੀ ਦਾ ਖ਼ਾਤਮਾ ਕਰਨਾ ਹੈ। ਇਸ ਬੈਂਕ ਦੁਆਰਾ ਦਿੱਤੀ ਗਈ ਗ਼ਰੀਬੀ ਦੀ ਰੇਖਾ ਦੀ ਇਕ ਨੁਕਤਾਚੀਨੀ ਇਹ ਹੈ ਕਿ ਇਸ ਪਰਿਭਾਸ਼ਾ ਵਿਚ ਪ੍ਰਤਿ ਜੀਅ, ਪ੍ਰਤਿ ਦਿਨ ਆਮਦਨ ਦੇ ਪੱਧਰ ਨੂੰ ਜਾਣ-ਬੁੱਝਕੇ ਨੀਵਾਂ ਰੱਖਿਆ ਗਿਆ ਤਾਂ ਕਿ ਕਾਰਪੋਰੇਟ ਆਰਥਿਕ ਵਿਕਾਸ ਮਾਡਲ ਨੂੰ ਠੀਕ ਦਰਸਾਇਆ ਜਾ ਸਕੇ। ਇਹ ਨੁਕਤਾਚੀਨੀ ਬਿਲਕੁਲ ਠੀਕ ਜਾਪਦੀ ਹੈ ਕਿਉਂਕਿ 2 ਅਮਰੀਕਨ ਡਾਲਰਾਂ ਦੀ ਪ੍ਰਤਿ ਜੀਅ, ਪ੍ਰਤਿ ਆਮਦਨ ਵਿਚ ਗੁਜ਼ਾਰਾ ਕਿਵੇਂ ਹੋ ਸਕਦਾ ਹੈ? ਆਮਦਨ ਗਿਣਨ ਮੌਕੇ ਮੁਲਕ ਦੀ ਕਰੰਸੀ ਨੂੰ 2 ਅਮਰੀਕਨ ਡਾਲਰਾਂ ਦੇ ਬਰਾਬਰ ਗਿਣਨ ਲਈ ਖ਼ਰੀਦ ਸ਼ਕਤੀ ਸਮਾਨਤਾ (ਸ਼ਚਗਫੀ ਸ਼ਰਮਕਗ ਸ਼ ਦੀ ਵਰਤੋਂ ਕੀਤੀ ਜਾਂਦੀ ਹੈ। 2020 ਲਈ ਭਾਰਤ ਦੇ ਰੁਪਇਆਂ ਨੂੰ ਇਕ ਅਮਰੀਕਨ ਡਾਲਰ ਦੇ ਬਰਾਬਰ ਗਿਣਨ ਲਈ ਖ਼ਰੀਦ ਸ਼ਕਤੀ ਸਮਾਨਤਾ ਦੀ ਵਰਤੋਂ ਕਰਦੇ ਹੋਏ ਇਕ ਅਮਰੀਕਨ ਡਾਲਰ 21.35 ਭਾਰਤੀ ਰੁਪਇਆ ਦੇ ਬਰਾਬਰ ਆਉਂਦਾ ਹੈ। ਇਸ ਤਰ੍ਹਾਂ 2 ਅਮਰੀਕਨ ਡਾਲਰ ਸਿਰਫ਼ 42.70 ਭਾਰਤੀ ਰੁਪਇਆ ਦੇ ਬਰਾਬਰ ਗਿਣੇ ਜਾਣਗੇ। 42.70 ਰੁਪਏ ਪ੍ਰਤਿ ਜੀਅ, ਪ੍ਰਤਿ ਦਿਨ ਆਮਦਨ ਵਿਚ ਗ਼ਰੀਬੀ ਤੋਂ ਖਹਿੜਾ ਕਿਵੇਂ ਛੁਡਵਾਇਆ ਜਾ ਸਕਦਾ ਹੈ? ਗ਼ਰੀਬੀ ਰੇਖਾ ਦੀ ਕਿਸੇ ਵੀ ਨੁਕਤਾਚੀਨੀ ਤੋਂ ਮੁਕਤ ਇਕ ਪਰਿਭਾਸ਼ਾ ਇਹ ਹੋ ਸਕਦੀ ਹੈ ਉਨ੍ਹਾਂ ਲੋਕਾਂ ਨੂੰ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿੰਦੇ ਮੰਨਿਆਂ ਜਾਵੇ ਜਿਹੜੀ ਆਪਣੀ ਆਮਦਨ ਵਿਚ ਆਪਣੀਆਂ ਮੁੱਢਲੀਆਂ ਲੋੜਾਂ-ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ-ਸੰਭਾਲ, ਸਾਫ਼ ਵਾਤਾਵਰਨ, ਅਤੇ ਸਮਾਜਿਕ ਸੁਰੱਖਿਆ-ਪੂਰੀਆਂ ਕਰਨ ਤੋਂ ਅਸਮਰੱਥ ਹੋਣ। ਕਾਰਪੋਰੇਟ ਜਗਤ, ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਦਾ ਪ੍ਰਚਾਰ ਵੱਡੇ ਪੱਧਰ ਉੱਪਰ ਕਰਦਾ ਹੈ, ਪਰ ਉਸ ਦਾ ਮੁੱਖ ਉਦੇਸ਼ ਆਪਣੇ ਨਫ਼ਿਆ ਨੂੰ ਵਧਾਉਣਾ ਹੈ। ਕਰੋਨਾਵਾਇਰਸ ਮਹਾਮਾਰੀ ਦੇ ਦੌਰਾਨ ਭਾਰਤ ਅਤੇ ਦੁਨੀਆ ਦੇ ਬਹੁਤ ਜ਼ਿਆਦਾ ਮੁਲਕਾਂ ਵਿਚ ਅੱਤ ਦੇ ਅਮੀਰਾਂ ਦੀ ਸੰਪਤੀ/ਧਨ ਵਿਚ ਹੋਇਆ ਅੱਤ ਦਾ ਵਾਧਾ ਅਤੇ ਗ਼ਰੀਬਾਂ ਦੀ ਗਿਣਤੀ ਵਿਚ ਵਾਧਾ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਦੇ ਰਾਗ ਦੀਆਂ ਬੱਖੀਆਂ ਉਧੇੜ ਰਹੇ ਹਨ।

ਇੰਦਰਾ ਗਾਂਧੀ ਦੇ ਪ੍ਰਧਾਨ ਮੰਤਰੀ ਦੇ ਕਾਰਜਕਾਲ ਦੌਰਾਨ ਮੁਲਕ ਦੇ ਇਕ ਮੰਨੇ-ਪ੍ਰਮੰਨੇ ਅਰਥਵਿਗਿਆਨੀ ਡਾ. ਬਗੀਚਾ ਸਿੰਘ ਮਿਨਹਾਸ ਨੇ ਭਾਰਤ ਦੇ ਯੋਜਨਾ ਕਮਿਸ਼ਨ ਦੇ ਮੈਂਬਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਇੰਦਰਾ ਗਾਂਧੀ ਆਪਣੇ ਗਰਮ ਸੁਭਾਅ ਲਈ ਜਾਣੀ ਜਾਂਦੀ ਸੀ ਪਰ ਡਾ. ਮਿਨਹਾਸ ਨੇ ਅਸਤੀਫ਼ੇ ਦੇ ਸੰਬੰਧ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਯੋਜਨਾ ਕਮਿਸ਼ਨ ਨੇ ਇਕ ਉੱਚ ਕੋਟੀ ਦਾ ਅਰਥਵਿਗਿਆਨੀ ਗੁਆ ਲਿਆ ਹੈ। ਡਾ. ਮਿਨਹਾਸ ਨੇ ਅਸਤੀਫ਼ਾ ਦੇਣ ਉਪਰੰਤ ਇਕ ਪੁਸਤਕ 'ਯੋਜਨਾਬੰਦੀ ਅਤੇ ਗ਼ਰੀਬ' ਲਿਖੀ ਸੀ ਜਿਸ ਵਿਚ ਉਨ੍ਹਾਂ ਨੇ ਬਾਖ਼ੂਬੀ ਬਿਆਨ ਕੀਤਾ ਸੀ ਕਿ ਏਅਰਕੰਡੀਸ਼ਨਡ ਕਮਰਿਆਂ ਵਿਚ ਬੈਠਕੇ ਗ਼ਰੀਬਾਂ ਦੀ ਬਿਹਰਤੀ ਲਈ ਯੋਜਨਾਵਾਂ ਨਹੀਂ ਬਣਾਈਆਂ ਜਾ ਸਕਦੀਆਂ। ਭਾਰਤ ਸਰਕਾਰ ਅਤੇ ਸੂਬਾ ਸਰਕਾਰਾਂ ਦੇ ਅਦਾਰੇ ਅਰਥਵਿਗਿਆਨੀਆਂ ਨਾ਼ਲ ਭਰੇ ਪਏ ਹਨ। ਇਹ ਅਰਥਵਿਗਿਆਨੀ ਜਾਣ-ਬੁੱਝਕੇ ਉੱਚੀ ਆਰਥਿਕ ਵਾਧਾ ਦਰ ਅਤੇ ਆਮ ਲੋਕਾਂ ਦੇ ਵਿਕਾਸ ਨੂੰ ਇਕੋ-ਜਿਹੇ ਅਰਥ ਦੇਣ ਲਈ ਸੂਝ ਤੋਂ ਸੱਖਣੀਆਂ ਦਲੀਲਾਂ ਦਿੰਦੇ ਅਤੇ ਕੋਸ਼ਿਸ਼ਾਂ ਕਰਦੇ ਹੋਏ ਕਾਰਪੋਰੇਟ ਜਗਤ ਦੇ ਹੱਕ ਵਿਚ ਅਤੇ ਆਮ ਲੋਕਾਂ ਦੇ ਵਿਰੁੱਧ ਭੁਗਤਦੇ ਹੋਏ ਇਹ ਡਰਾਮਾ ਕਰਨ ਵਿਚ ਭੋਰਾ ਵੀ ਝਜਕਦੇ ਹੋਏ ਸ਼ਰਮ ਮਹਿਸੂਸ ਨਹੀਂ ਕਰਦੇ ਕਿ ਮੁਲਕ ਦੀ ਉੱਚੀ ਆਰਥਿਕ ਵਾਧਾ ਦਰ ਨਾ਼ਲ ਜ਼ਰੂਰ ਹੀ ਆਮ ਲੋਕਾਂ ਦਾ ਗ਼ਰੀਬੀ ਤੋਂ ਖਹਿੜਾ ਛੁੱਟਦਾ ਅਤੇ ਉਨ੍ਹਾਂ ਦਾ ਜੀਵਨ-ਪੱਧਰ ਉੱਚਾ ਹੁੰਦਾ ਹੈ। ਇਹ ਅਰਥਵਿਗਿਆਨੀ ਮੁਲਕ ਦੇ ਮੌਜੂਦਾ ਕਾਰਪੋਰੇਟ ਆਰਥਿਕ ਮਾਡਲ ਵਿਚੋਂ ਉਪਜਦੀਆਂ ਸਮੱਸਿਆਵਾਂ ਜਿਵੇਂ ਸਧਾਨਾਂ ਅਤੇ ਆਮਦਨ ਦੀ ਅਸਮਾਨ ਵੰਡ ਅਤੇ ਅਸਮਾਨਤਾਵਾਂ, ਗ਼ਰੀਬੀ, ਕਰਜ਼ਾ ਅਤੇ ਭੁੱਖਮਰੀ, ਅਤੇ ਇਨ੍ਹਾਂ ਸਮੱਸਿਆਵਾਂ ਦੇ ਕਾਰਨ ਉਪਜੀਆਂ ਖੁਦਕੁਸ਼ੀਆਂ, ਲੁੱਟਮਾਰ, ਕਤਲੇਆਮ, ਗੁੰਡਾਗਰਦੀ, ਨਸ਼ੇ, ਚੋਰੀਆਂ, ਡਾਕੇ, ਭ੍ਰਿਸ਼ਟਾਚਾਰ, ਬੇਈਮਾਨੀ ਅਤੇ ਹੋਰ ਸਮਾਜਿਕ ਬੁਰਾਈਆਂ ਅਤੇ ਅਨੈਤਿਕ ਵਰਤਾਰਿਆਂ ਬਾਰੇ ਬਹੁਤ ਚੰਗੀ ਤਰ੍ਹਾਂ ਪਤਾ ਹੋਣ ਦੇ ਬਾਵਜੂਦ ਆਪਣੇ ਨਿੱਕੇ-ਨਿੱਕੇ ਵਿਅਰਥ ਸੁਅਰਥੀ ਹਿੱਤਾਂ ਦੀ ਪੂਰਤੀ ਦੀ ਆਸ ਵਿਚ ਮੁਲਕ ਦੀ ਉੱਚੀ ਆਰਥਿਕ ਵਾਧਾ ਦਰ ਦੇ ਉੱਚੀ ਉੱਚੀ ਸੋਹਲੇ ਗਾਉਣ ਵਿਚ ਕੋਈ ਵੀ ਮੌਕਾ ਅਜਾਈ ਨਹੀਂ ਜਾਣ ਦਿੰਦੇ। ਇਸ ਤੋਂ ਬਿਨਾਂ, ਆਪਣੀ ਸਧਾਰਨ ਸਮਰੱਥਾ ਤੋਂ ਵੱਧ ਜ਼ੋਰ ਲਗਾਉਂਦੇ ਹੋਏ ਇਹ ਅਰਥਵਿਗਿਆਨੀ ਆਮ ਲੋਕਾਂ ਪ੍ਰਤਿ ਆਪਣੀ 'ਹਮਦਰਦੀ' ਅਤੇ ਮੁਲਕ ਦੀ ਉੱਚੀ ਆਰਥਿਕ ਵਾਧਾ ਦਰ ਦੁਆਰਾ ਆਮ ਗ਼ਰੀਬ ਲੋਕਾਂ ਦੀ ਕਾਇਆ-ਕਲਪ ਕਰਨ ਨੂੰ ਠੀਕ ਦਰਸਾਉਣ ਲਈ ਆਪਣੇ ਕੋਲੋਂ ਅੰਕੜੇ ਬਣਾਉਂਦੇ ਅਤੇ ਨਤੀਜਾ-ਪ੍ਰਮੁੱਖ ਅਧਿਐਨਾਂ ਦਾ ਸਹਾਰਾ ਲੈਂਦੇ ਹੋਏ ਬੇਤੁਕੇ ਬਿਆਨ ਦੇਣ ਅਤੇ ਪ੍ਰਚਾਰ ਕਰਨ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡਦੇ।



ਮੁਲਕ ਦਾ ਦਰਮਿਆਨਾ ਆਮਦਨ ਵਰਗ ਬਹੁਤ ਸਾਰੇ ਭੁਲੇਖਿਆਂ ਦਾ ਸ਼ਿਕਾਰ ਹੋਇਆ ਰਹਿੰਦਾ ਹੈ। ਉਨ੍ਹਾਂ ਦਾ ਇਕ ਵੱਡਾ ਭੁਲੇਖਾ ਇਹ ਹੈ ਕਿ ਉਹ ਕਰਾਂ ਦਾ ਭਾਰ ਸਹਿੰਦੇ ਹਨ ਅਤੇ ਆਮ ਗ਼ਰੀਬ ਲੋਕਾਂ ਨੂੰ ਉਨ੍ਹਾਂ ਦੇ ਸਿਰ ਉੱਤੇ ਰਿਆਇਤਾਂ/ਸਬਸਿਡੀਆਂ ਦਿੱਤੀਆਂ ਜਾ ਰਹੀਆਂ ਹਨ। ਅਰਥਵਿਗਿਆਨ ਦਾ ਥੋੜ੍ਹਾ ਜਿਹਾ ਵੀ ਗਿਆਨ ਰੱਖਣ ਵਾਲਾ ਵਿਦਿਆਰਥੀ ਇਹ ਭਲੀ-ਭਾਂਤ ਜਾਣਦਾ ਹੁੰਦਾ ਹੈ ਕਿ ਸਰਕਾਰ ਦੀ ਜ਼ਿਆਦਾ ਆਮਦਨ ਅਸਿੱਧੇ ਕਰਾਂ ਤੋਂ ਆਉਂਦੀ ਹੈ ਅਤੇ ਇਨ੍ਹਾਂ ਕਰਾਂ ਦਾ ਸਭ ਤੋਂ ਵੱਧ ਭਾਰ ਗ਼ਰੀਬਾਂ ਉੱਪਰ ਹੁੰਦਾ ਹੈ। ਦਰਮਿਆਨਾ ਆਮਦਨ ਵਰਗ ਨੇ ਇਕ ਹੋਰ ਵੱਡਾ ਭੁਲੇਖਾ ਇਹ ਪਾ਼ਲ ਰੱਖਿਆ ਹੈ ਕਿ ਉਨ੍ਹਾਂ ਨੇ ਅੱਗੇ ਹੀ ਜਾਣਾ ਹੈ ਅਤੇ ਛੇਤੀ ਹੀ ਉੱਪਰਲੇ ਆਮਦਨ ਵਰਗ ਵਿਚ ਝੂਟੇ ਲੈਣੇ ਹਨ। ਅਸਲੀਅਤ ਵਿਚ ਦਰਮਿਆਨੇ ਆਮਦਨ ਵਰਗ ਵਿਚੋਂ ਬਹੁਤ ਹੀ ਘੱਟ ਲੋਕ ਉੱਪਰਲੇ ਆਮਦਨ ਵਰਗ ਵਿਚ ਦਾਖ਼ਲ ਹੋਣ ਦਿੱਤੇ ਜਾਂਦੇ ਹਨ ਅਤੇ ਜ਼ਿਆਦਾ ਲੋਕਾਂ ਨੂੰ ਨੀਵੇਂ ਆਮਦਨ ਵਰਗ ਵਿਚ ਧੱਕ ਦਿੱਤਾ ਜਾਂਦਾ ਹੈ। ਉਨ੍ਹਾਂ ਨਾ਼ਲ ਸੱਪ-ਸੀੜ੍ਹੀ ਦੀ ਖੇਡ ਵਾਲੀ ਹੁੰਦੀ ਦੇਖੀ ਜਾਂਦੀ ਹੈ।

ਅੰਤਰਰਾਸ਼ਟਰੀ ਮੁਦਰਾ ਕੋਸ਼ ਅਤੇ ਵਰਲਡ ਬੈਂਕ ਦੇ ਨੀਤੀ-ਨਿਰਦੇਸ਼ਾਂ ਤਹਿਤ ਭਾਰਤ ਸਰਕਾਰ ਵੱਲੋਂ 1991 ਤੋਂ ਉਦਾਰੀਕਰਨ, ਨਿੱਜੀਕਰਨ, ਅਤੇ ਵਿਸ਼ਵੀਕਰਨ ਦੀਆਂ ਨੀਤੀਆਂ ਲਾਗੂ ਕੀਤੀਆਂ ਗਈਆਂ। ਇਨ੍ਹਾਂ ਨੀਤੀਆਂ ਨੂੰ 'ਨਵੀਆਂ ਆਰਥਿਕ ਨੀਤੀਆਂ' ਦਾ ਨਾਮ ਦਿੱਤਾ ਗਿਆ ਹੈ। ਇਨ੍ਹਾਂ ਨੀਤੀਆਂ ਦਾ ਏਜੰਡਾ ਮੁਲਕ ਦੀ ਅਰਥਵਿਵਸਥਾ ਉੱਪਰ ਪੂੰਜੀਪਤੀਆਂ ਅਤੇ ਕਾਰਪੋਰੇਟ ਜਗਤ ਦੀ ਪਕੜ ਨੂੰ ਮਜ਼ਬੂਤ ਕਰਨਾ ਹੈ। ਵੱਖ ਵੱਖ ਸਮਿਆਂ ਉੱਪਰ 'ਵਿਦਵਾਨਾਂ' ਵੱਲੋਂ ਗ਼ਰੀਬੀ ਰੇਖਾ ਦੀਆਂ ਪਰਿਭਾਸ਼ਾਵਾਂ ਪਿੱਛੇ ਲੁਕਵਾਂ ਏਜੰਡਾ ਸਰਕਾਰ ਵੱਲੋਂ ਆਮ ਗ਼ਰੀਬ ਲੋਕਾਂ ਨੂੰ ਦਿੱਤੀਆਂ ਜਾਂਦੀਆਂ ਪਹਿਲਾਂ ਤੋਂ ਹੀ ਨਾ-ਮਾਤਰ ਆਰਥਿਕ ਰਿਆਇਤਾਂ/ਸਬਸਿਡੀਆਂ ਨੂੰ ਘਟਾਉਣਾ/ਖ਼ਤਮ ਕਰਨਾ ਹੈ।

ਮੁਲਕ ਵਿਚ ਕੀਤੇ ਗਏ ਵੱਖ-ਵੱਖ ਖੋਜ ਅਧਿਐਨਾਂ ਤੋਂ ਇਹ ਚਿੱਟੇ ਦਿਨ ਵਾਂਗ ਸਪਸ਼ਟ ਹੋ ਗਿਆ ਹੈ ਕਿ ਮੁਲਕ ਵਿਚ 1991 ਤੋਂ ਅਪਣਾਈਆਂ ਗਈਆਂ 'ਨਵੀਆਂ ਆਰਥਿਕ ਨੀਤੀਆਂ' ਖੇਤੀਬਾੜੀ, ਉਦਯੋਗਾਂ, ਅਤੇ ਸੇਵਾਵਾਂ ਖੇਤਰਾਂ ਉੱਪਰ ਕਾਰਪੋਰੇਟ ਜਗਤ ਨੂੰ ਕਾਬਜ਼ ਕਰਨ ਅਤੇ ਆਮ ਲੋਕਾਂ ਨੂੰ ਗ਼ਰੀਬੀ ਅਤੇ ਇਸ ਵਿਚੋਂ ਉਪਜੀਆਂ ਹੋਰ ਅਸਿਹ ਸਮੱਸਿਆਵਾਂ ਵਿਚ ਧੱਕਣ ਲਈ ਜ਼ਿੰਮੇਵਾਰ ਹਨ।

ਸਰਮਾਏਦਾਰੀ ਰਾਜ-ਪ੍ਰਬੰਧ ਵਿਚ ਹੁਕਮਰਾਨ ਅਕਸਰ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਹੱਲ ਕਰਨ ਪ੍ਰਤਿ ਅੰਸਵੇਦਨਸ਼ੀਲ ਹੋ ਜਾਂਦੇ ਹਨ। ਇਕ ਵਾਰ ਫਰਾਂਸ ਦੀ ਰਾਣੀ ਦੇ ਮਹਿਲ ਦੇ ਬਾਹਰ ਲੋਕ ਰੋਸ-ਮੁਜ਼ਾਰਾ ਕਰ ਰਹੇ ਸਨ। ਰਾਣੀ ਵੱਲੋਂ ਆਪਣੇ ਅਹਿਲਕਾਰਾਂ ਤੋਂ ਇਸ ਦਾ ਕਾਰਨ ਪੁੱਛਣ ਉੱਤੇ ਉਨ੍ਹਾਂ ਨੇ ਦੱਸਿਆ ਕਿ ਇਹ ਲੋਕ ਰੋਟੀ ਨਾ-ਮਿਲਣ ਕਾਰਨ ਭੁੱਖੇ ਹਨ। ਰਾਣੀ ਨੇ ਆਪਣੇ ਅਹਿਲਕਾਰਾਂ ਨੂੰ ਹੈਰਾਨੀ ਨਾ਼ਲ ਕਿਹਾ ਕਿ ਜੇਕਰ ਇਨ੍ਹਾਂ ਲੋਕਾਂ ਨੂੰ ਰੋਟੀ ਨਹੀਂ ਮਿਲਦੀ ਤਾ ਇਹ ਲੋਕ ਕੇਕ/ਪੇਸਟਰੀਆਂ ਕਿਉਂ ਨਹੀਂ ਖਾ ਲੈਂਦੇ? ਇਸੇ ਤਰ੍ਹਾਂ ਦਾ ਹਾਲ ਸਾਡੇ ਵਿਦਵਾਨਾਂ, ਯੋਜਨਾਕਾਰਾਂ, ਅਤੇ ਹੁਕਮਰਾਨਾਂ ਦਾ ਹੈ।

ਮੁਲਕ ਦੇ ਸੀਮਾਂਤ ਅਤੇ ਛੋਟੇ ਕਿਸਾਨ, ਖੇਤ ਮਜ਼ਦੂਰ, ਪੇਂਡੂ ਛੋਟੇ ਕਾਰੀਗਰ ਅਤੇ ਗ਼ੈਰ-ਰਸਮੀ ਰੁਜ਼ਗਾਰ ਵਾਲੇ ਕਾਮੇ ਗ਼ਰੀਬੀ ਅਤੇ ਕਰਜ਼ੇ ਦੇ ਬੋਝ ਥੱਲੇ ਲਗਾਤਾਰ ਦਬਦੇ ਜਾ ਰਹੇ ਹਨ। ਕਰੋਨਾਵਾਇਰਸ ਦੀ ਮਹਾਮਾਰੀ ਨੇ ਜਿੱਥੇ ਇਨ੍ਹਾਂ ਵਰਗਾਂ ਦੀਆਂ ਸਮੱਸਿਆਵਾਂ ਵਿਚ ਅਸਿਹ ਵਾਧਾ ਕੀਤਾ ਹੈ, ਉੱਥੇ ਅੱਤ ਦੇ ਅਮੀਰਾਂ ਦੀ ਸੰਪੱਤੀ/ਧਨ ਵਿਚ ਅਥਾਹ ਵਾਧਾ ਦਰਜ਼ ਹੋਇਆ ਹੈ। ਕਰੋਨਾਵਾਇਰਸ ਦੇ ਤਾਜ਼ਾ ਹਮਲੇ ਕਰਕੇ ਇਨ੍ਹਾਂ ਕਿਰਤੀ ਵਰਗਾਂ ਦੀ ਹਾਲਤ ਹੋਰ ਪਤਲੀ ਹੋ ਜਾਵੇਗੀ।

ਭਾਰਤ ਦੇ ਕਿਰਤੀ ਵਰਗਾਂ ਵਿਚ ਗ਼ਰੀਬੀ ਆਪਣੇ ਆਪ ਨਹੀਂ ਘਟੇਗੀ। ਇਸ ਲਈ ਕਿਰਤੀ ਲੋਕਾਂ ਦੇ ਦਬਾਅ ਅਤੇ ਦਖ਼ਲ ਦੇ ਨਾ਼ਲ ਨਾ਼ਲ ਦ੍ਰਿੜ ਰਾਜਸੀ ਇੱਛਾ-ਸ਼ਕਤੀ ਦੀ ਲੋੜ ਹੈ। ਇਸ ਸਮੱਸਿਆ ਦੇ ਹੱਲ ਲਈ ਕਾਰਪੋਰੇਟ ਆਰਥਿਕ ਵਿਕਾਸ ਮਾਡਲ ਦਾ ਖਹਿੜਾ ਛੱਡਦੇ ਹੋਏ ਲੋਕ ਅਤੇ ਕੁਦਰਤ-ਪੱਖੀ ਆਰਥਿਕ ਵਿਕਾਸ ਮਾਡਲ ਅਪਣਾਉਣਾ ਪਵੇਗਾ ਜਿਸ ਵਿਚ ਜਨਤਕ ਖੇਤਰ ਦਾ ਪਸਾਰ ਅਤੇ ਵਿਕਾਸ ਅਤੇ ਨਿੱਜੀ ਖੇਤਰ ਉੱਪਰ ਨਿਗਰਾਨੀ ਯਕੀਨੀ ਹੋਵੇ। ਪੂੰਜੀ ਦੀ ਜਗ੍ਹਾ ਕਿਰਤ-ਪੱਖੀ ਉਤਪਾਦਨ ਤਕਨੀਕਾਂ ਵੱਲ ਆਉਣਾ ਪਵੇਗਾ। ਮਗਨਰੇਗਾ ਦਾ ਘੇਰਾ ਹੋਰ ਵਧਾਉਣਾ ਪਵੇਗਾ ਅਤੇ ਇਸ ਵਰਗੀਆਂ ਹੋਰ ਸਕੀਮਾਂ ਨੂੰ ਪਿੰਡਾਂ ਅਤੇ ਸ਼ਹਿਰਾਂ ਵਿਚ ਲਾਗੂ ਕਰਨਾ ਜ਼ਰੂਰੀ ਹੈ। ਗ਼ਰੀਬਾਂ ਦੀਆਂ ਮੜੀਆਂ/ਕਬਰਾਂ ਉੱਤੇ ਉੱਗਿਆ ਹੋਇਆ ਘਾਹ ਸਰਮਾਏਦਾਰਾਂ ਅਤੇ ਸਰਕਾਰਾਂ ਨੂੰ ਸੁਚੇਤ ਕਰਦਾ ਹੈ ਕਿ ਕਿਰਤੀ ਵਰਗ ਦੇ ਲੋਕਾਂ ਵਿਚ ਵਧ ਰਹੀ ਗ਼ਰੀਬੀ ਸਾਰੀਆਂ ਥਾਵਾਂ ਉੱਪਰ ਰਹਿਣ ਵਾਲੀ ਖੁਸ਼ਹਾਲ ਲੋਕਾਂ ਲਈ ਖ਼ਤਰਾ ਹੁੰਦੀ ਹੈ। ਗ਼ਰੀਬੀ ਦੀ ਸਮੱਸਿਆ ਨਾ਼ਲ ਨਜਿੱਠਣ ਲਈ ਵਿੱਤ ਦਾ ਪ੍ਰਬੰਧ ਸਰਮਾਏਦਾਰ/ਕਾਰਪੋਰੇਟ ਜਗਤ ਉੱਤੇ ਕਰਾਂ ਦੀਆਂ ਦਰਾਂ ਵਧਾਕੇ, ਨਵੇਂ ਕਰ ਲਗਾਕੇ ਅਤੇ ਉਨ੍ਹਾਂ ਦੀ ਉਗਰਾਈ ਯਕੀਨੀ ਬਣਾਕੇ ਹੋ ਸਕਦਾ ਹੈ। ਇਸ ਸੰਬੰਧ ਵਿਚ 'ਗ਼ਰੀਬੀ ਦੀ ਰੇਖਾ' ਦੇ ਨਾ਼ਲ ਨਾ਼ਲ 'ਖੁਸ਼ਹਾਲੀ ਦੀ ਰੇਖਾ' ਪਰਿਭਾਸ਼ਤ ਕਰਨੀ ਅਤੇ ਉਸ ਨੂੰ ਅਮਲ ਵਿਚ ਲਿਆਉਣਾ ਬਹੁਤ ਜ਼ਰੂਰੀ ਹੈ।

# ਜਰਖੜ ਹਾਕੀ ਅਕੈਡਮੀ ਦੀ ਇਕ ਹੋਰ ਪ੍ਰਾਪਤੀ- ਫੁੱਲਬੈਕ ਜੋਗਿੰਦਰ ਸੈਂਟਰਲ ਰੇਲਵੇ ਵਿਚ ਹੋਇਆ ਟਿਕਟ ਕੁਲੈਕਟਰ ਭਰਤੀ

**ਲੁਧਿਆਣਾ –** ਮਾਤਾ ਸਾਹਿਬ ਕੌਰ ਹਾਕੀ ਅਕੈਡਮੀ ਜਰਖੜ ਤੋਂ ਟਰੇਨਿੰਗ ਲੈ ਕੇ ਸਰਕਾਰੀ ਨੌਕਰੀਆਂ ਲੈਣ ਵਾਲੇ ਖਿਡਾਰੀਆਂ ਦੀ ਗਿਣਤੀ 33 ਹੋ ਗਈ ਹੈ ਜਰਖੜ ਹਾਕੀ ਅਕੈਡਮੀ ਦੀ ਮਾਣ ਮੱਤੀ ਪ੍ਰਾਪਤੀ ਵਿਚ ਉਸ ਵੇਲੇ ਇੱਕ ਹੋਰ ਵਾਧਾ ਹੋਇਆ ਜਦੋਂ ਅਕੈਡਮੀ ਦੀ ਟ੍ਰੇਨਿੰਗ ਨਾਲ ਤਰਾਸ਼ਿਆ ਫੁਲਬੈਕ ਖਿਡਾਰੀ ਜੋਗਿੰਦਰ ਸਿੰਘ ਸੈਣੀ ਨੂੰ ਸੈਂਟਰਲ ਰੇਲਵੇ ਨੇ ਉਸਦੇ ਹਾਕੀ ਹੁਨਰ ਦੀ ਕਦਰ ਕਰਦਿਆਂ ਟਿਕਟ ਕੁਲੈਕਟਰ ਭਰਤੀ ਕੀਤਾ ਹੈ। ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਜੋਗਿੰਦਰ ਸਿੰਘ ਨੇ ਮੁੰਬਈ ਵਿਖੇ ਇਹ ਨੌਕਰੀ ਜੁਆਇਨ ਕਰ ਲਈ ਹੈ ਜੋਗਿੰਦਰ ਸਿੰਘ ਨੇ ਪਿਛਲੇ ਸਾਲ ਸੀਨੀਅਰ 10ਵੀਂ ਕੌਮੀ ਹਾਕੀ ਚੈਂਪੀਅਨਸ਼ਿਪ ਵਿੱਚ 4 ਗੋਲ ਕਰਕੇ ਸਰਵੋਤਮ ਖਿਡਾਰੀ ਦਾ ਖ਼ਿਤਾਬ ਹਾਸਲ ਕੀਤਾ ਸੀ ਇਸ ਤੋਂ ਪਹਿਲਾਂ ਉਸ ਨੇ ਜਰਖੜ ਹਾਕੀ ਅਕੈਡਮੀ ਵੱਲੋਂ ਖੇਡਦਿਆਂ ਸਬ ਜੂਨੀਅਰ ਅੰਡਰ 17 ਅਤੇ ਜੂਨੀਅਰ ਵਰਗ ਅੰਡਰ 19 ਵਿੱਚ ਸਕੂਲ ਕੌਮੀ ਹਾਕੀ ਚੈਂਪੀਅਨਸ਼ਿਪ ਵਿੱਚ ਖੇਡਦਿਆਂ ਮਾਣਮੱਤੀਆਂ ਪ੍ਰਾਪਤੀਆਂ ਹਾਸਲ ਕੀਤੀਆਂ ਅਤੇ ਤਿੰਨ ਵਾਰ ਆਲ ਇੰਡੀਆ ਅੰਤਰ ਯੂਨੀਵਰਸਿਟੀ ਹਾਕੀ ਖੇਡਣ





ਦਾ ਮਾਣ ਹਾਸਲ ਕੀਤਾ ਜੋਗਿੰਦਰ ਸਿੰਘ ਕੋਲੇ ਲੁਕਵੇਂ ਹਾਕੀ ਹੁਨਰ ਤੋਂ ਇਲਾਵਾ ਪੈਨਲਟੀ ਕਾਰਨਰ ਲਾਉਣ ਦੀ ਵੱਡੀ ਮੁਹਾਰਤ ਹਾਸਲ ਹੈ ਇਸ ਮੁਹਾਰਤ ਜ਼ਰੀਏ ਹੀ ਉਸ ਨੇ ਜਰਖੜ ਹਾਕੀ ਅਕੈਡਮੀ ਨੂੰ ਕਈ ਵੱਡੇ ਟੂਰਨਾਮੈਂਟ ਵਿੱਚ ਚੈਂਪੀਅਨ





ਬਣਨ ਦਾ ਮਾਣ ਦਿੱਤਾ ਹੈ। ਜੋਗਿੰਦਰ ਸਿੰਘ ਥੋੜ੍ਹਾ ਸਮਾਂ ਏਅਰ ਇੰਡੀਆ ਵੱਲੋਂ ਵੀ ਸਟਾਈਫੰਡ ਤੇ ਖੇਡਿਆ। ਜੋਗਿੰਦਰ ਸਿੰਘ ਆਪਣੀਆਂ ਸਾਰੀਆਂ ਪ੍ਰਾਪਤੀਆਂ ਦਾ ਸਿਹਰਾ ਆਪਣੇ ਕੋਚ ਗੁਰਸਤਿੰਦਰ ਸਿੰਘ ਪਰਗਟ ਅਤੇ ਕੋਚ ਹਰਮਿੰਦਰਪਾਲ ਸਿੰਘ ਨੂੰ ਦਿੰਦਾ ਹੈ।

ਸਰਕਾਰੀ ਨੌਕਰੀ ਮਿਲਣ ਤੇ ਬਾਗੋਬਾਗ ਹੋਏ ਖਿਡਾਰੀ ਜੋਗਿੰਦਰ ਸਿੰਘ ਨੇ ਆਖਿਆ ਕਿ ਉਹ ਆਪਣੀ ਪਹਿਲੀ ਤਨਖਾਹ ਜਰਖੜ ਹਾਕੀ ਅਕੈਡਮੀ ਦੇ ਬੱਚਿਆਂ ਦੇ ਭਲੇ ਲਈ ਦੇਣਗੇ। ਜੋਗਿੰਦਰ ਸਿੰਘ ਦੇ ਰੇਲਵੇ ਵਿਚ ਭਰਤੀ ਹੋਣ ਤੇ ਜਰਖੜ ਹਾਕੀ ਅਕੈਡਮੀ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ, ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ, ਸਕੱਤਰ ਜਗਦੀਪ ਸਿੰਘ ਕਾਹਲੋਂ, ਟਰੱਸਟ ਦੇ ਪ੍ਰਧਾਨ ਹਰਕਮਲ ਸਿੰਘ, ਕੋਚ ਹਰਮਿੰਦਰਪਾਲ ਸਿੰਘ, ਕੋਚ ਗੁਰਸਤਿੰਦਰ ਸਿੰਘ ਪਰਗਟ , ਤਕਨੀਕੀ ਡਾਇਰੈਕਟਰ ਨਰਾਇਣ ਸਿੰਘ ਗਰੇਵਾਲ ਆਸਟ੍ਰੇਲੀਆ, ਨਵਤੇਜ ਸਿੰਘ ਤੇਜਾ ਆਸਟ੍ਰੇਲੀਆ, ਮੋਹਣਾਂ ਜੋਧਾਂ ਸਿਆਟਲ, ਯਾਦਵਿੰਦਰ ਸਿੰਘ ਤੂਰ, ਨੇ ਵਧਾਈ ਦਿੰਦੇ ਭਵਿੱਖ ਵਿੱਚ ਹੋਰ ਵੱਡੀਆਂ ਪ੍ਰਾਪਤੀਆਂ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ। ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਸੈਂਟਰਲ ਰੇਲਵੇ ਵਿਚ ਨੌਕਰੀ ਹਾਸਲ ਕਰਨ ਵਾਲੇ ਜੋਗਿੰਦਰ ਸਿੰਘ ਨੂੰ ਜਰਖੜ ਹਾਕੀ ਅਕੈਡਮੀ ਜਲਦੀ ਹੀ ਇਕ ਸਮਾਗਮ ਦੌਰਾਨ ਵਿਸ਼ੇਸ਼ ਤੌਰ ਤੇ ਸਨਮਾਨਤ ਕਰੇਗੀ ।

# ਉੱਤਰਾਖੰਡ ਨੂੰ ਜੰਗਲੀ ਅੱਗ ਦੀਆਂ ਘਟਨਾਵਾਂ ਤੋਂ ਕਿਵੇਂ ਬਚਾਇਆ ਜਾਵੇ?

ਉੱਤਰਾਖੰਡ ਰਾਜ ਹਾਲੇ ਚਮੌਲੀ ਤਰਾਸਦੀ ਦੇ ਹਾਸਦੇ ਤੋਂ ਉਭਰਿਆ ਵੀ ਨਹੀਂ ਸੀ ਕਿ ਜੰਗਲੀ ਅੱਗ ਦੀਆਂ ਘਟਨਾਵਾਂ ਦੀ ਲਪੇਟ ਵਿਚ ਆ ਗਿਆ। ਉੱਤਰਾਖੰਡ ਦੇ ਜੰਗਲਾਤ ਵਿਭਾਗ ਅਨੁਸਾਰ 2021 ਦੇ ਜਨਵਰੀ ਮਹੀਨੇ ਤੋਂ ਅਪ੍ਰੈਲ ਦੇ ਪਹਿਲੇ ਹਫ਼ਤੇ ਤੱਕ ਰਾਜ ਵਿਚ ਜੰਗਲਾਂ ਨੂੰ ਅੱਗ ਲੱਗਣ ਦੀਆਂ ਲਗਭਗ 1800 ਘਟਨਾਵਾਂ ਵਾਪਰ ਚੁੱਕੀਆਂ ਜਿਸ ਨਾਲ 2500 ਹੈਕਟੇਅਰ ਤੋਂ ਜ਼ਿਆਦਾ ਜੰਗਲੀ ਖੇਤਰ ਪ੍ਰਭਾਵਿਤ ਹੋ ਗਿਆ ਹੈ। ਅਪ੍ਰੈਲ ਦੇ ਪਹਿਲੇ 5 ਦਿਨਾਂ ਵਿਚ ਜੰਗਲੀ ਅੱਗ ਦੀਆਂ ਘਟਨਾਵਾਂ ਵਿਚ ਇੰਨੀ ਤੇਜ਼ੀ ਨਾਲ ਵਾਧਾ ਹੋਇਆ ਕਿ 567 ਹੈਕਟੇਅਰ ਖੇਤਰ ਇਸ ਦੀ ਲਪੇਟ ਵਿਚ ਆ ਗਿਆ। ਇਸ ਖੇਤਰ ਵਿਚੋਂ 380 ਹੈਕਟੇਅਰ ਰਕਬਾ ਰੀਜ਼ਰਵ ਜੰਗਲ ਖੇਤਰ ਦਾ ਸੀ ਬਾਕੀ ਦਾ 187 ਹੈਕਟੇਅਰ ਆਮ ਜੰਗਲੀ ਖੇਤਰ ਸੀ। ਜੰਗਲੀ ਅੱਗ ਦੀਆਂ ਵਧਦੀਆਂ ਘਟਨਾਵਾਂ ਉੱਤੇ ਕਾਬੂ ਪਾਉਣ ਲਈ ਉੱਤਰਾਖੰਡ ਦੇ ਮੁੱਖ ਮੰਤਰੀ ਨੇ ਕੇਂਦਰ ਸਰਕਾਰ ਤੋਂ ਅੱਗ ਬੁਝਾਉਣ ਲਈ ਦੋ ਹੈਲੀਕਾਪਰਾਂ ਦੀ ਮੰਗ ਕੀਤੀ ਹੈ। ਉੱਤਰਾਖੰਡ ਦੇ 7 ਜ਼ਿਲ੍ਹੇ ਦੇਹਰਾਦੂਨ, ਚਮੌਲੀ, ਨੈਨੀਤਾਲ, ਰੁਦਰਾਪ੍ਰਯਾਗ, ਅਲਮੌੜਾ, ਟੀਹਰੀ, ਅਤੇ ਪਾਉੜੀ ਗੜਵਾਲ ਜੰਗਲੀ ਅੱਗ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹੋਏ ਹਨ।

ਪਹਾੜੀ ਰਾਜਾਂ ਵਿਚ ਹਰ ਸਾਲ ਗਰਮੀਆਂ ਦੀ ਰੁੱਤ ਸ਼ੁਰੂ ਹੁੰਦੇ ਹੀ ਜੰਗਲਾਂ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਦੀ ਸ਼ੁਰੂਆਤ ਹੋ ਜਾਂਦੀ ਹੈ। ਸਰਦੀਆਂ ਵਿਚ ਦਰਖ਼ਤਾਂ ਦੇ ਪੱਤੇ ਅਤੇ ਬੀਜ ਝੱੜਣ ਅਤੇ ਸੁੱਕੀਆਂ ਟਾਹਣੀਆਂ ਦੇ ਗਿਰਨ ਕਾਰਨ ਸੁੱਕਾ ਬਾਲਣ ਕਾਫ਼ੀ ਮਾਤਰਾ ਵਿਚ ਜਮ੍ਹਾਂ ਹੋ ਜਾਂਦਾ ਹੈ। ਇਸ ਸੁੱਕੇ ਬਾਲਣ ਨੂੰ ਹਵਾ ਵਿਚ ਨਮੀ ਦੀ ਘਾਟ ਅਤੇ ਤਾਪਮਾਨ ਵਿਚ ਵਾਧੇ ਕਾਰਨ ਤੇਜ਼ੀ ਨਾਲ ਅੱਗ ਲੱਗ ਜਾਂਦੀ ਹੈ। ਜੰਗਲਾਂ ਨੂੰ ਅੱਗ ਲੱਗਣ ਦੀਆਂ ਜ਼ਿਆਦਾ ਘਟਨਾਵਾਂ ਪਹਿਲਾਂ ਮਈ ਅਤੇ ਜੂਨ ਦੇ ਮਹੀਨਿਆਂ ਵਿਚ ਵਾਪਰਦੀਆਂ ਸਨ ਪਰ ਹੁਣ ਤਕਰੀਬਨ ਸਾਰਾ ਸਾਲ ਹੀ ਰਾਜ ਦਾ ਕੋਈ ਨਾ ਕੋਈ ਹਿੱਸਾ ਜੰਗਲੀ ਅੱਗ ਦੀ ਲਪੇਟ ਵਿਚ ਆਇਆ ਰਹਿੰਦਾ ਹੈ।

ਉੱਤਰਾਖੰਡ ਦੇ ਜੰਗਲਾਂ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਭਾਵੇਂ ਕੋਈ ਅਚੰਭੇ ਵਾਲਾ ਅਤੇ ਨਵਾਂ ਵਰਤਾਰਾ ਨਹੀਂ ਹੈ। ਪਰ ਇਨ੍ਹਾਂ ਘਟਨਾਵਾਂ ਦੀ ਗਿਣਤੀ ਅਤੇ ਸਮੇਂ ਵਿਚ ਵਾਧਾ ਹੋਣਾ ਇਕ ਚਿੰਤਾ ਦਾ ਵਿਸ਼ਾ ਹੈ। ਉੱਤਰਾਖੰਡ ਦੇ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਰਾਜ ਦੇ ਜੰਗਲਾਂ ਨੂੰ ਅੱਗ ਲੱਗਣ ਦੇ ਮੁੱਖ ਤੌਰ ਉੱਤੇ ਦੋ ਵੱਡੇ ਕਾਰਨ ਹਨ। ਇਕ ਮਨੁੱਖੀ ਗਤੀਵਿਧੀਆਂ ਅਤੇ ਦੂਜਾ ਮੌਸਮ ਵਿਚ ਤਬਦੀਲੀ। ਮਨੁੱਖੀ ਗਤੀਵਿਧੀਆਂ ਵਿਚ ਉਹ ਸਥਾਨਕ ਲੋਕਾਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸਥਾਨਕ ਲੋਕ ਚੰਗੀ ਕਿਸਮ ਦਾ ਘਾਹ ਉਗਾਉਣ, ਦਰਖ਼ਤਾਂ ਦੀ ਗ਼ੈਰ-ਕਾਨੂੰਨੀ ਕਟਾਈ ਨੂੰ ਲੁਕਾਉਣ ਲਈ, ਜੰਗਲੀ ਜਾਨਵਰਾਂ ਅਤੇ ਬੂਟਿਆਂ ਦੀ ਤਸਕਰੀ ਕਰਨ ਅਤੇ ਕਦੇ-ਕਦੇ ਸਰਕਾਰੀ ਅਧਿਕਾਰੀਆਂ ਤੋਂ ਬਦਲਾ ਲੈਣ ਲਈ ਜੰਗਲਾਂ ਨੂੰ ਅੱਗ ਲਗਾ ਦਿੰਦੇ ਹਨ। ਦੂਜਾ ਮੌਸਮੀ ਤਬਦੀਲੀ ਕਾਰਨ ਤਾਪਮਾਨ ਵਿਚ ਹੋ ਰਿਹਾ ਵਾਧਾ, ਘੱਟ ਬਰਫ਼ਬਾਰੀ, ਅਤੇ ਘੱਟ ਮੀਂਹ ਪੈਣਾ ਹਨ। ਦੂਜੇ ਪਾਸੇ ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਸਰਕਾਰ ਦੀਆਂ ਜੰਗਲਾਂ ਬਾਰੇ ਗ਼ਲਤ ਨੀਤੀਆਂ, ਵਿਕਾਸ ਦਾ ਕੁਦਰਤੀ-ਵਿਰੋਧੀ ਮਾਡਲ ਅਤੇ ਜੰਗਲਾਂ ਵਿਚ ਨਵੀਂ ਤਰ੍ਹਾਂ ਦੇ ਦਰਖ਼ਤ ਲਗਾਉਣਾ ਆਦਿ ਜੰਗਲੀ ਅੱਗ ਦੀਆਂ ਘਟਨਾਵਾਂ ਲਈ ਜ਼ਿੰਮੇਵਾਰ ਹਨ। ਉੱਤਰਾਖੰਡ ਦੇ ਜੰਗਲਾਂ ਵਿਚ ਲੱਗੀ ਅੱਗ ਦੇ ਕਾਰਨ ਕੁਦਰਤੀ ਜਾਂ ਸਥਾਨਕ ਲੋਕਾਂ ਦੀਆਂ ਗਤੀਵਿਧੀਆਂ ਨਹੀਂ ਹਨ। ਇਸ ਦਾ ਅਸਲ ਕਾਰਨ ਤਾਂ ਗ਼ਲਤ ਸਰਕਾਰੀ ਨੀਤੀਆਂ ਹਨ ਜਿਹੜੀਆਂ ਇਤਿਹਾਸਕ ਪਿਛਕੋੜ ਵਿਚੋਂ ਲੱਭਦੀਆਂ ਹਨ।

ਸੰਨ 2000 ਤੋਂ ਉੱਤਰਾਖੰਡ ਰਾਜ ਦੇ ਹੋਂਦ ਵਿਚ ਆਉਣ ਤੋਂ ਲੈ ਕੇ ਹੁਣ ਤੱਕ ਇੱਥੋਂ ਦਾ 48000 ਹੈਕਟੇਅਰ ਖੇਤਰ ਜੰਗਲੀ ਅੱਗਾਂ ਨਾਲ ਪ੍ਰਭਾਵਿਤ ਹੋ ਚੁਕਿਆ ਹੈ। ਉੱਤਰਾਖੰਡ ਦੇ ਲੋਕ, ਜੰਗਲੀ ਅੱਗਾਂ ਅਤੇ ਜੰਗਲਾਂ ਦੇ ਹੋ ਰਹੇ ਨੁਕਸਾਨ ਦੀ ਬ੍ਰਿਟਿਸ਼ ਰਾਜ ਵੇਲੇ ਤੋਂ ਹੀ ਮਾਰ ਝੱਲਦੇ ਆ ਰਹੇ ਹਨ। ਇੱਥੋਂ ਦੇ ਲੋਕਾਂ ਨੇ 1921, 1930, ਅਤੇ 1942 ਵਿਚ ਬ੍ਰਿਟਿਸ਼ ਸਰਕਾਰ ਦੀਆਂ ਜੰਗਲਾਂ ਸੰਬੰਧੀ ਨੀਤੀਆਂ ਦੇ ਵਿਰੁੱਧ ਵੀ ਆਵਾਜ਼ ਉਠਾਈ ਸੀ। ਉਦੋਂ ਲੋਕਾਂ ਨੇ ਜੰਗਲਾਂ ਵਿਚ ਚੀਲ ਦੇ ਦਰਖ਼ਤ ਲਗਾਉਣ ਦਾ ਵਿਰੋਧ ਕੀਤਾ ਸੀ ਕਿਉਂਕਿ ਉਨ੍ਹਾਂ ਨੂੰ ਲੱਗਦਾ ਸੀ ਕਿ ਜਿਨ੍ਹਾਂ ਥਾਵਾਂ ਉੱਤੇ ਸਥਾਨਕ ਦਰਖ਼ਤ ਬਾਂਜ (ਓਕ) ਦੀ ਥਾਂ ਉੱਤੇ ਬ੍ਰਿਟਿਸ਼ ਸਰਕਾਰ ਨੇ ਚੀਲ ਦੇ ਦਰਖ਼ਤ ਲਗਾਏ ਸਨ, ਉਨ੍ਹਾਂ ਥਾਵਾਂ ਉੱਤੇ ਜੰਗਲੀ ਅੱਗਾਂ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਸੀ। ਚੀਲ ਹਿਮਾਲੀਆ ਖੇਤਰ ਦਾ ਦਰਖ਼ਤ ਨਹੀਂ ਹੈ।

19ਵੀਂ ਸਦੀ ਵਿਚ ਬ੍ਰਿਟਿਸ਼ ਸਰਕਾਰ ਨੇ ਹਿਮਾਲਿਆ ਖੇਤਰ ਦੇ ਸਥਾਨਕ ਦਰਖ਼ਤ ਓਕ, ਸਾਲ, ਅਤੇ ਦਿਓਦਾਰ ਦੀ ਵੱਡੇ ਪੱਧਰ ਉੱਤੇ ਵਰਤੋਂ ਕੀਤੀ ਸੀ ਜਿਸ ਦੀ ਭਰਪਾਈ ਕਰਨ ਲਈ ਫਿਰ ਬ੍ਰਿਟਿਸ਼ ਸਰਕਾਰ ਨੇ ਇਸ ਖੇਤਰ ਵਿੱਚ 20ਵੀਂ ਸਦੀ ਵਿਚ ਚੀਲ ਦੇ ਦਰਖ਼ਤ ਲਗਾਉਣੇ ਸ਼ੁਰੂ ਕਰ ਦਿੱਤੇ। ਚੀਲ ਦੇ ਦਰਖ਼ਤ, ਓਕ, ਸਾਲ, ਦਿਓਦਾਰ ਦੇ ਦਰਖ਼ਤਾਂ



ਨਾਲੋਂ ਛੇਤੀ ਉਗ ਜਾਂਦੇ ਹਨ, ਪਰ ਇਨ੍ਹਾਂ ਨੂੰ ਬਾਕੀ ਦਰਖ਼ਤਾਂ ਨਾਲੋਂ ਜ਼ਿਆਦਾ ਪਾਣੀ ਚਾਹੀਦਾ ਹੁੰਦਾ ਹੈ। ਚੀਲ ਦੇ ਦਰਖ਼ਤਾਂ ਦੀ ਲੱਕੜ ਜ਼ਿਆਦਾ ਜਲਣਸ਼ੀਲ ਹੈ। ਨਤੀਜੇ ਵਜੋਂ ਇੱਥੋਂ ਦੇ ਜੰਗਲਾਂ ਵਿਚ ਨਮੀ ਦੇ ਘਟਣ ਅਤੇ ਜਲਣਸ਼ੀਲ ਬਾਲਣ ਦੀ ਮਾਤਰਾ ਵਧਣ ਨਾਲ ਜੰਗਲ ਦੀਆਂ ਘਟਨਾਵਾਂ ਵਿਚ ਵਾਧਾ ਹੋਣ ਲੱਗ ਗਿਆ।

ਇੱਥੋਂ ਦੇ ਲੋਕਾਂ ਨੇ ਸਰਕਾਰ ਦੀਆਂ ਜੰਗਲਾਂ ਲਈ ਲਾਗੂ ਕੀਤੀਆਂ ਗਈਆਂ ਨੀਤੀਆਂ ਅਤੇ ਵਿਕਾਸ ਕਾਰਜਾਂ ਲਈ ਅਪਣਾਈਆਂ ਗਈਆਂ ਯੋਜਨਾਵਾਂ ਦਾ 1950 ਦੇ ਦਹਾਕੇ ਤੋਂ ਹੀ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਸੀ। ਜੰਗਲਾਂ ਦੇ ਸੁਰੱਖਿਆ ਲਈ ਇੱਥੋਂ ਸ਼ੁਰੂ ਹੋਏ 'ਚਿਪਕੋ ਅੰਦੋਲਨ' ਨੇ ਭਾਵੇਂ ਦੁਨੀਆ ਦੇ ਸਾਰੇ ਦੇਸਾਂ ਨੂੰ ਜੰਗਲਾਂ ਦੀ ਸੁਰੱਖਿਆ ਬਾਰੇ ਪ੍ਰੇਰਿਤ ਕੀਤਾ, ਪਰ ਅਫ਼ਸੋਸ ਇੱਥੋਂ ਦੇ ਲੋਕ ਉੱਤਰਾਖੰਡ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਉਣ ਲਈ ਸਰਕਾਰੀ ਨੀਤੀਆਂ ਬਦਲਾਉਣ ਵਿਚ ਅਸਮਰੱਥ ਰਹੇ। ਮੀਰਾ ਬੇਨ ਨਾਮ ਦੀ ਵਾਤਾਵਰਨ ਕਾਰਕੁਨ (ਜੋ ਬ੍ਰਿਟੇਨ ਦੇ ਐਡਮਿਰਲ ਦੀ ਧੀ ਸੀ) ਨੇ ਇਕ ਵਿਦੇਸ਼ੀ ਹੁੰਦੇ ਹੋਇਆ ਵੀ ਉੱਤਰਾਖੰਡ ਦੇ ਵਾਤਾਵਰਨ ਵਿਚ ਵਿਕਾਸ ਕਾਰਜਾਂ ਦੀ ਆੜ ਵਿਚ ਆ ਰਹੀ ਤਬਦੀਲੀ ਨੂੰ ਦੇਖਦੇ ਹੋਏ ਅਖ਼ਬਾਰਾਂ ਵਿਚ ਕਈ ਲੇਖ ਲਿਖੇ ਸਨ।

ਹਿੰਦੂਸਤਾਨ ਟਾਈਮਜ਼ ਦੇ 5 ਜੂਨ, 1950 ਵਿਚ ਉਸ ਦੇ ਲੇਖ ਵਿਚ ਸਾਫ਼ ਤੌਰ ਉੱਤੇ ਜ਼ਿਕਰ ਕੀਤਾ ਗਿਆ ਸੀ ਕਿ ਹਿਮਾਲਿਆ ਦੇ ਜੰਗਲਾਂ ਦੇ ਦਰਖ਼ਤਾਂ ਦੀਆਂ ਕਿਸਮਾਂ ਵਿਚ ਕੁਝ ਗ਼ਲਤ ਹੋ ਰਿਹਾ ਹੈ। ਉਸ ਨੇ ਲਿਖਿਆ ਸੀ ਕਿ ਜੰਗਲਾਂ ਵਿਚਲੀ ਮਾਰੂ ਤਬਦੀਲੀ ਹਿਮਾਲੀਅਨ ਓਕ ਦੀ ਥਾਂ ਉੱਤੇ ਚੀਲ ਦੇ ਦਰਖ਼ਤ ਹਨ। ਉਸ ਸਮੇਂ ਮੀਰਾ ਬੇਨ ਨੇ ਇਹ ਲੇਖ ਮੈਦਾਨੀ ਇਲਾਕਿਆਂ ਵਿਚ ਹਰ ਸਾਲ ਵਧ ਰਹੀਆਂ ਹੜ੍ਹਾਂ ਦੀਆਂ ਘਟਨਾਵਾਂ ਨੂੰ ਲੈ ਕੇ ਲਿਖਿਆ ਸੀ। ਨਾ ਤਾਂ ਉਦੋਂ ਦੀ ਸਰਕਾਰ ਨੇ ਅਤੇ ਨਾ ਹੀ ਉਸ ਤੋਂ ਬਾਅਦ ਵਾਲੀਆਂ ਸਰਕਾਰਾਂ ਨੇ ਇਸ ਨੂੰ ਗੰਭੀਰਤਾ ਨਾਲ ਲਿਆ ਸੀ ਕਿਉਂਕਿ ਓਕ ਦੇ ਦਰਖ਼ਤ ਸਰਕਾਰ ਲਈ ਲਾਹੇਵੰਦ ਨਹੀਂ ਹਨ, ਜਦੋਂਕਿ ਚੀਲ ਦੇ ਦਰਖ਼ਤਾਂ ਦੀ ਲਕੜੀ ਵਪਾਰਕ ਤੌਰ ਉੱਤੇ ਜ਼ਿਆਦਾ ਅਹਿਮੀਅਤ ਰੱਖਦੀ ਹੈ। ਕੇਂਦਰ ਸਰਕਾਰ ਨੇ 1981 ਵਿਚ ਹਿਮਾਲੀਆ ਖੇਤਰ ਵਿਚ ਸਮੁੰਦਰ ਤਲ ਤੋਂ 1000 ਮੀਟਰ ਉਚਾਈ ਉੱਤੇ ਖੜ੍ਹੇ ਦਰਖ਼ਤਾਂ ਦੀ ਕਟਾਈ ਉੱਤੇ ਪੂਰਨ ਤੌਰ ਉੱਤੇ ਪਾਬੰਦੀ ਲੱਗਾ ਦਿੱਤੀ ਸੀ। ਚੀਲ ਦੇ ਦਰਖ਼ਤਾਂ ਨੂੰ ਇਸ ਖੇਤਰ ਵਿਚ ਉਗਾਉਣ ਨਾਲ ਇੱਥੋਂ ਦੀ ਸਥਾਨਕ ਬਨਸਪਤੀ ਨੂੰ ਅਤੇ ਵਾਤਾਵਰਨ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਚੀਲ ਦੇ ਦਰਖ਼ਤਾਂ ਦੇ ਬੀਜ ਹੌਲੇ ਹੋਣ ਕਰਕੇ ਇਕ ਥਾਂ ਤੋਂ ਦੂਜੇ ਥਾਂ ਉੱਤੇ ਫੈਲ ਜਾਂਦੇ ਹਨ। ਇਨ੍ਹਾਂ ਨੂੰ ਜਿੱਥੇ ਹਵਾ, ਪਾਣੀ ਅਤੇ ਰੌਸ਼ਨੀ ਲੋੜੀਂਦੀ ਦੀ ਮਾਤਰਾ ਵਿਚ ਮਿਲ ਜਾਂਦੀ ਹੈ ਉੱਥੇ ਇਹ ਤੇਜ਼ੀ ਨਾਲ ਉੱਗਦੇ ਹਨ। ਸਰਕਾਰ ਨੂੰ ਇਨ੍ਹਾਂ ਤੋਂ ਹੋ ਰਹੇ ਨੁਕਸਾਨਾਂ ਬਾਰੇ ਭਾਵੇਂ ਚੰਗੀ ਤਰ੍ਹਾਂ ਪਤਾ ਹੈ ਪਰ ਹਾਲੇ ਵੀ ਇਨ੍ਹਾਂ ਦੇ ਬਦਲ ਬਾਰੇ ਕੋਈ ਵੀ ਵਿਉਂਤਬੰਦੀ ਨਹੀਂ ਕਰ ਰਹੀ।

ਕੇਂਦਰ ਸਰਕਾਰ ਅਤੇ ਰਾਜ ਸਰਕਾਰ ਦੋਵੇਂ ਹੀ ਉੱਤਰਾਖੰਡ ਵਿਚ ਬਾਰ ਬਾਰ ਆ ਰਹੀਆਂ ਕੁਦਰਤੀ ਆਫ਼ਤਾਂ ਬਾਰੇ ਸੰਜ਼ੀਦਾ ਨਹੀਂ ਹਨ। ਕੇਂਦਰ ਸਰਕਾਰ ਨੇ ਫ਼ਰਵਰੀ 2021 ਵਿਚ ਵਾਪਰੀ ਚਮੌਲੀ ਤਰਾਸਦੀ ਦੀ ਘਟਨਾ ਤੋਂ ਬਾਅਦ 15 ਮਾਰਚ ਨੂੰ ਰਾਜ ਦੇ ਵਾਤਾਵਰਨ ਸੰਵੇਦਨਸ਼ੀਲ ਖੇਤਰ ਵਿਚਲੇ 7 ਪਣ-ਬਿਜਲੀ ਪ੍ਰੋਜੈਕਟਾਂ ਨੂੰ ਚੱਲਦੇ ਰੱਖਣ ਦੀ ਮਨਜ਼ੂਰੀ ਦੇ ਦਿੱਤੀ ਹੈ। ਇਸ ਤੋਂ ਬਿਨਾਂ ਚਾਰ-ਧਾਮ ਮਾਰਗ ਬਣਾਉਣ ਲਈ ਪਹਾੜਾਂ ਅਤੇ ਜੰਗਲਾਂ ਦੀ ਅੰਧਾਧੁੰਦ ਕਟਾਈ ਵਾਤਾਵਰਨ ਨਿਯਮਾਂ ਨੂੰ ਲਾਂਭੇ ਰੱਖਕੇ ਹਾਲੇ ਵੀ ਬਿਨਾਂ ਕਿਸੇ ਰੁਕਾਵਟ ਤੋਂ ਜਾਰੀ ਹੈ। ਕੇਂਦਰ ਸਰਕਾਰ ਨੇ ਇਸ ਬਾਰੇ ਸੁਪਰੀਮ ਕੋਰਟ ਨੂੰ ਵੀ ਸਪਸ਼ਟ ਕੀਤਾ ਹੈ ਕਿ ਚਾਰ-ਧਾਮ ਮਾਰਗ ਸੜਕ ਦਾ ਉੱਥੋਂ ਦੇ ਵਾਤਾਵਰਨ ਉੱਤੇ ਕੋਈ ਨਕਾਰਤਮਕ ਅਸਰ ਨਹੀਂ ਪੈ ਰਿਹਾ ਹੈ, ਜਦੋਂਕਿ ਵਾਤਾਵਰਨ ਮਾਹਿਰਾਂ ਦਾ ਕਹਿਣਾ ਹੈ ਕਿ ਪਹਾੜਾਂ ਅਤੇ ਜੰਗਲਾਂ ਦੀ ਜਿੰਨੀ ਜ਼ਿਆਦਾ ਕਟਾਈ ਹੋ ਰਹੀ ਹੈ ਉਸ ਨਾਲ ਉੱਤਰਾਖੰਡ ਆਉਣ ਵਾਲੇ ਸਮੇਂ ਵਿਚ ਕਿਸੇ ਹੋਰ ਵੱਡੀ ਤਬਾਹੀ ਦੇ ਸਨਮੁੱਖ ਹੋ ਸਕਦਾ ਹੈ।



ਡਾ. ਗੁਰਿੰਦਰ ਕੌਰ
001-408-493-9776

ਕੇਂਦਰ ਸਰਕਾਰ ਤੋਂ ਬਾਅਦ ਜੇਕਰ ਰਾਜ ਸਰਕਾਰ ਦੀ ਵਾਤਾਵਰਨ ਪ੍ਰਤਿ ਸੰਜ਼ੀਦਗੀ ਉੱਤੇ ਝਾਤੀ ਮਾਰੀਏ ਤਾਂ ਇੱਥੋਂ ਦੇ ਮੁੱਖ ਮੰਤਰੀ ਕੇਂਦਰ ਸਰਕਾਰ ਤੋਂ ਜੰਗਲਾਂ ਦੀ ਅੱਗ ਬੁਝਾਉਣ ਲਈ ਹੈਲੀਕਾਪਟਰਾਂ ਦੀ ਮੰਗ ਕਰ ਰਹੇ ਹਨ ਜਦੋਂਕਿ ਇਹ ਅੱਗ ਸਥਾਨਕ ਲੋਕਾਂ ਦੀ ਰਾਇ ਲੈ ਕੇ ਸਥਾਨਕ ਤਰੀਕਿਆਂ ਨਾਲ ਬੁਝਾਉਣ ਦੇ ਤੇਜ਼ੀ ਨਾਲ ਉਪਰਾਲੇ ਕਰਨ ਦੀ ਲੋੜ ਹੈ। ਇੱਥੋਂ ਦੇ ਵਾਤਾਵਰਨ ਮੰਤਰੀ ਉਪਰਾਲੇ ਕਰਨ ਦੀ ਥਾਂ ਉੱਤੇ ਅੱਗ ਬੁਝਾਉਣ ਦੀ ਐਕਟਿੰਗ ਕਰਦੇ ਮੀਡੀਆ ਵਿਚ ਭੇਜਣ ਲਈ ਵੀਡੀਓ ਬਣਵਾ ਰਹੇ ਹਨ। ਕੇਂਦਰ ਸਰਕਾਰ ਜੰਗਲਾਂ ਦੇ ਰੱਖ-ਰਖਾਅ ਬਾਰੇ ਕਿੰਨੀ ਕੁ ਸੰਜ਼ੀਦਾ ਹੈ ਉਸ ਦਾ ਪਤਾ 22 ਮਾਰਚ 2021 ਨੂੰ ਰਾਜਾਂ ਅਤੇ ਕੇਂਦਰੀ ਸ਼ਾਸਤ ਰਾਜਾਂ ਦੇ ਜੰਗਲਾਤ ਮਹਿਕਮਿਆਂ ਦੇ ਮੁੱਖ ਸਕੱਤਰਾਂ ਨੂੰ ਐਡੀਸ਼ਨਲ ਚੀਫ਼ ਸੈਕਟਰੀ ਜੰਗਲਾਤ ਦੇ ਪੱਤਰ ਤੋਂ ਸਪਸ਼ਟ ਹੋ ਜਾਂਦਾ ਹੈ। ਇਸ ਪੱਤਰ ਵਿਚ ਲਿਖਿਆ ਗਿਆ ਹੈ ਕਿ ਜੰਗਲਾਤ ਖੇਤਰਾਂ ਨਾਲ ਸੰਬੰਧਿਤ ਕੇਂਦਰ ਸਰਕਾਰ ਵੱਲੋਂ ਮਨਜ਼ੂਰ ਕੀਤੇ ਗਏ ਬੁਨਿਆਦੀ ਪ੍ਰੋਜੈਕਟਾਂ ਉੱਤੇ ਰਾਜ ਅਤੇ ਕੇਂਦਰੀ ਸ਼ਾਸਤ ਰਾਜਾਂ ਦੀਆਂ ਸਰਕਾਰਾਂ ਕੋਈ ਵਾਧੂ ਸ਼ਰਤ ਨਹੀਂ ਲਗਾਉਣਗੀਆਂ। ਰਾਜ ਸਰਕਾਰਾਂ ਅਸਾਧਾਰਣ ਸਥਿਤੀਆਂ ਵਿਚ ਹੀ ਕੇਂਦਰ ਸਰਕਾਰ ਦੀ ਆਗਿਆ ਨਾਲ ਕੁਝ ਵਾਧੂ ਸ਼ਰਤਾਂ ਲਗਾ ਸਕਦੀਆਂ ਹਨ।

ਜੰਗਲਾਂ ਦੀ ਅੱਗ ਉੱਤੇ ਕਾਬੂ ਪਾਉਣ ਲਈ ਸਰਕਾਰ ਨੂੰ ਵਣ ਪੰਚਾਇਤਾਂ ਨੂੰ ਉਨ੍ਹਾਂ ਦੇ ਜੰਗਲਾਂ ਨੂੰ ਵਰਤਣ ਲਈ ਬਣਦੇ ਅਧਿਕਾਰ ਦੇਣੇ ਚਾਹੀਦੇ ਹਨ। ਇਸ ਦੇ ਨਾਲ ਨਾਲ ਸਥਾਨਕ ਲੋਕਾਂ ਦੇ ਵੀ ਉਨ੍ਹਾਂ ਦੇ ਉਹ ਅਧਿਕਾਰ ਦੁਬਾਰਾ ਬਹਾਲ ਕਰਨੇ ਚਾਹੀਦੇ ਹਨ ਜਿਨ੍ਹਾਂ ਤੋਂ ਉਨ੍ਹਾਂ ਨੂੰ ਜੰਗਲੀ ਐਕਟ, 1988 ਦੇ ਤਹਿਤ ਵਾਂਝੇ ਕਰ ਦਿੱਤਾ ਗਿਆ ਸੀ ਕਿਉਂਕਿ ਸਥਾਨਕ ਲੋਕਾਂ ਅਤੇ ਵਣ ਪੰਚਾਇਤਾਂ ਨੂੰ ਹੀ ਸਭ ਤੋਂ ਪਹਿਲਾਂ ਜੰਗਲੀ ਅੱਗ ਦੀ ਘਟਨਾ ਦਾ ਪਤਾ ਲੱਗਦਾ ਹੈ। ਅੱਗ ਉੱਤੇ ਕਾਬੂ ਪਾਉਣ ਵਾਲੇ ਲੋਕਾਂ ਅਤੇ ਪੰਚਾਇਤਾਂ ਦੀ ਹੌਂਸਲਾ-ਅਫ਼ਜਾਈ ਦੇ ਤੌਰ ਉੱਤੇ ਕੁਝ ਨਾ ਕੁਝ ਇਨਾਮ ਦੇਣ ਦੀ ਸਕੀਮ ਬਣਾਉਣੀ ਚਾਹੀਦੀ ਹੈ। ਦੂਜੇ ਖੇਤਰਾਂ ਦੀ ਬਨਸਪਤੀ (ਚੀਲ) ਦੀ ਥਾਂ ਉੱਤੇ ਸਥਾਨਕ (ਓਕ, ਸਾਲ) ਬਨਸਪਤੀ ਲਗਾਉਣੀ ਸ਼ੁਰੂ ਕਰਨੀ ਚਾਹੀਦੀ ਹੈ ਤਾਂ ਕਿ ਭਿਆਨਕ ਤਬਾਹੀ ਤੋਂ ਬਚਣ ਲਈ ਇਸ ਸਮੱਸਿਆ ਉੱਤੇ ਕਾਬੂ ਪਾਇਆ ਜਾ ਸਕੇ। ਵਾਤਾਵਰਨ ਵਿਚ ਨਮੀ ਕਾਇਮ ਰੱਖਣ ਲਈ ਨਵੇਂ ਪਣ-ਬਿਜਲੀ ਪ੍ਰੋਜੈਕਟਾਂ ਦੀ ਉਸਾਰੀ ਉੱਤੇ ਪੂਰਨ ਰੋਕ ਲਗਾਉਣੀ ਚਾਹੀਦੀ ਹੈ। ਜੰਗਲੀ ਅੱਗ ਉੱਤੇ ਕਾਬੂ ਪਾਉਣ ਲਈ ਪਹਾੜੀ ਇਲਾਕਿਆਂ ਵਿਚ ਲੋੜੀਂਦੀਆਂ ਥਾਵਾਂ ਉੱਤੇ ਵਾਟਰਸ਼ੈੱਡ ਬਣਾਉਣੇ ਚਾਹੀਦੇ ਹਨ। ਵਿਕਾਸ ਕਾਰਜਾਂ ਲਈ ਜੰਗਲਾਂ ਦੀ ਅੰਧਾਧੁੰਦ ਕਟਾਈ ਬੰਦ ਕਰਨੀ ਚਾਹੀਦੀ ਹੈ। ਇਸ ਦੇ ਨਾਲ ਨਾਲ ਜੇਕਰ ਮੌਸਮੀ ਤਬਦੀਲੀਆਂ ਕਾਰਨ ਆ ਰਹੀਆਂ ਕੁਦਰਤੀ ਆਫ਼ਤਾਂ ਦੀ ਮਾਰ ਤੋਂ ਉੱਤਰਾਖੰਡ ਰਾਜ ਅਤੇ ਇੱਥੋਂ ਦੇ ਲੋਕਾਂ ਨੂੰ ਬਚਾਉਣਾ ਹੈ ਤਾਂ ਸਰਕਾਰ ਨੂੰ ਕੁਦਰਤੀ ਅਤੇ ਲੋਕ-ਪੱਖੀ ਵਿਕਾਸ ਮਾਡਲ ਨੂੰ ਤਰਜੀਹੀ ਤੌਰ ਉੱਤੇ ਅਪਣਾਉਣਾ ਚਾਹੀਦਾ ਹੈ।

# ਡਾ. ਅੰਬੇਡਕਰ ਮੰਚ ਵਲੋਂ ਚੇਤਨਾ ਮਾਰਚ ਦਾ ਆਯੋਜਨ

ਡਾ. ਭੀਮ ਰਾਓ ਅੰਬੇਡਕਰ ਚੇਤਨਾ ਮੰਚ ਭੋਗਪੁਰ ਵੱਲੋਂ ਬਾਬਾ ਸਾਹਿਬ ਦੇ 130 ਵੇਂ ਜਨਮ ਦਿਨ ਨੂੰ ਸਮਰਪਿਤ ਚੇਤਨਾ ਮਾਰਚ ਦਾ ਆਯੋਜਨ ਕੀਤਾ ਗਿਆ, ਜਿਸ ਨੂੰ ਬਸਪਾ ਆਗੂ ਬਲਵਿੰਦਰ ਕੁਮਾਰ ਨੇ ਬਿਨਪਾਲਕੇ ਤੋਂ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ ਤੇ ਸਰਪੰਚ ਬਲਵਿੰਦਰ ਕੌਰ ਅਤੇ ਪ੍ਰਿੰਸੀਪਲ ਸੁਰਿੰਦਰ ਰਾਣਾ ਨੇ ਹਾਜ਼ਰੀ ਭਰੀ ਤੇ ਇਕੱਤਰ ਸੰਗਤਾਂ ਨੂੰ ਬਾਬਾ ਸਾਹਿਬ ਦੇ ਜੀਵਨ ਅਤੇ ਫਲਸਫੇ ਤੋਂ ਜਾਣੂ ਕਰਾਇਆ। ਇਹ ਮਾਰਚ ਪਿੰਡ ਨੰਗਲ ਅਰਾਈਆਂ, ਭੂੰਦੀਆਂ, ਗੇਹਲੜਾਂ, ਬਹਿਰਾਮ ਸ਼ਰਿਸ਼ਤਾ, ਮਾਣਕ ਢੇਰੀ, ਮਾਧੋਪੁਰ, ਰਾਸਤਗੋ, ਚਮਿਆਰੀ, ਖਰਲ ਕਲਾਂ, ਸਨੌਰਾ, ਟਾਂਡੀ ਅਤੇ ਲੜੋਆ ਤੋਂ ਹੋ ਕੇ ਚੋਪੜਾ ਇਲੈਕਟ੍ਰੀਕਲਜ਼ ਭੋਗਪੁਰ ਵਿਖੇ ਸੰਪਨ ਹੋਇਆ। ਇਸ ਮੌਕੇ ਕਿਸਾਨ ਯੂਨੀਅਨ ਦੇ ਆਗੂ ਅਮਰਜੀਤ ਚੌਲਾਂਗ ਅਤੇ ਸਾਥੀਆਂ ਨੇ ਸਹਿਯੋਗ ਦਿੱਤਾ ਅਤੇ ਆਪਣੇ ਵਿਚਾਰ ਪੇਸ਼ ਕੀਤੇ। ਮੰਚ ਦੇ ਪ੍ਰਧਾਨ ਪ੍ਰਿੰਸੀਪਲ ਗਿਰਧਾਰੀ ਲਾਲ ਨੇ




ਦੱਸਿਆ ਕਿ ਸਾਰੇ ਨਗਰ ਨਿਵਾਸੀਆਂ ਨੇ ਚੇਤਨਾ ਮਾਰਚ ਦਾ ਪੁਰਜ਼ੋਰ ਸਵਾਗਤ ਕੀਤਾ। ਮੰਚ ਵੱਲੋਂ ਸਾਰੇ ਪਿੰਡਾਂ ਦੇ ਪ੍ਰਬੰਧਕਾਂ ਨੂੰ ਬਾਬਾ ਸਾਹਿਬ ਦੀ ਤਸਵੀਰ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਮੰਚ ਦੇ ਮੈਂਬਰਾਂ ਸੂਰਤੀ ਲਾਲ, ਰਾਜ ਕੁਮਾਰ ਬੁਲੋਵਾਲ, ਵਿਜੇ ਕੁਮਾਰ, ਸੂਬੇਦਾਰ ਹੰਸ ਰਾਜ, ਪ੍ਰੇਮ ਕੁਮਾਰ, ਜਸਵੰਤ ਸਿੰਘ, ਚਰਨਜੀਤ ਬਿਨਪਾਲਕੇ, ਸਰਬਜੀਤ ਸਨੌਰਾ, ਤੇਜਿੰਦਰ ਚੋਪੜਾ, ਓਮ ਪ੍ਰਕਾਸ਼, ਰਾਜ ਕੁਮਾਰ ਡੱਲਾ, ਸੇਵਾ ਸਿੰਘ ਟਾਂਡੀ, ਅਮਰਜੀਤ ਖਰਲ, ਮਦਨ ਲਾਲ, ਭੁਪਿੰਦਰ ਸਿੰਘ, ਰਣਜੀਤ ਸਿੰਘ, ਇੰਦਰਜੀਤ ਸਿੰਘ, ਬਲਵੀਰ ਸਿੰਘ ਵੱਲੋਂ ਸਾਰੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ। ਵਿਸ਼ੇਸ਼ ਧੰਨਵਾਦ ਅਮਰਜੀਤ ਸਿੰਘ ਬਿਨਪਾਲਕੇ ਦਾ ਕੀਤਾ ਗਿਆ ਜਿਨ੍ਹਾਂ ਦੀ ਟੀਮ ਦੇ ਨੌਜਵਾਨ ਵਲੰਟੀਅਰਾਂ ਨੇ ਚੇਤਨਾ ਮਾਰਚ ਦੇ ਪ੍ਰਬੰਧਾਂ ਵਿੱਚ ਆਪਣਾ ਵੱਡਾ ਯੋਗਦਾਨ ਦਿੱਤਾ।

**– ਚਰਨਜੀਤ ਸਿੰਘ ਬਿਨਪਾਲਕੇ**

# ਪ੍ਰੋ: ਦਿੱਤ ਰਾਮ ਉਰਫ ਪ੍ਰੋ: ਦਿੱਤ ਸਿੰਘ



ਸੀ. ਐਲ. ਚੁੰਬਰ

ਅੱਜ ਤੋਂ 156 ਵਰ੍ਹੇ ਪਹਿਲਾਂ 21 ਅਪ੍ਰੈਲ 1850 ਨੂੰ ਮੌਜੂਦਾ ਫਤਿਹਗੜ੍ਹ ਸਾਹਿਬ ਦੇ ਪਿੰਡ ਕਲੌੜ ਦੇ ਸ. ਦੀਵਾਨ ਸਿੰਘ ਦੇ ਘਰ ਮਾਤਾ ਰਾਮ ਕੌਰ ਦੀ ਸੁਲੱਖਣੀ ਕੁੱਖੋਂ ਇਕ ਬਾਲਕ ਨੇ ਜਨਮ ਲਿਆ। ਜਿਸ ਦਾ ਨਾਂ ਮਾਪਿਆਂ ਨੇ ਦਿੱਤ ਰਾਮ ਰੱਖਿਆ ਜੋ ਦਿੱਤਾ ਰਾਮ ਜਾਂ ਰਾਮ ਦਿੱਤ ਨਾਂ ਨਾਲ ਵੀ ਬੁਲਾਇਆ ਜਾਂਦਾ ਸੀ। ਸ. ਦੀਵਾਨ ਸਿੰਘ ਨੇ ਪਿਤਾ ਪੁਰਖੀ ਚਮੜੇ ਰੰਗਣ ਦਾ ਕੰਮ ਛੱਡ ਕੇ ਕੱਪੜੇ ਬੁਣਨ ਦਾ ਕੰਮ ਸ਼ੁਰੂ ਕਰ ਦਿੱਤਾ। ਮਿ: ਐਚ. ਏ. ਰੋਜ. ਏ ਗਲੋਸਰੀ ਆਫ਼ ਦਾ ਟਰਾਈਬਜ਼ ਐਂਡ ਕਾਸਟਸ ਆਫ਼ ਦਾ ਪੰਜਾਬ ਐਂਡ ਨੌਰਥ ਵੈਸਟ ਫਰੰਟੀਅਰ ਪ੍ਰਾਵਿੰਸ ਹਿੱਸਾ ਤੀਜਾ ਸਫ਼ਾ 307 ਤੇ ਲਿਖਦੇ ਹਨ ਕਿ ਬਹੁਤ ਸਾਰੇ ਚਮਾਰਾਂ ਨੇ ਚਮੜੇ ਦਾ ਕੰਮ ਛੱਡ ਕੇ ਕੱਪੜੇ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਐਡਵੋਕੇਟ ਭਗਵਾਨ ਦਾਸ ਨੇ ਆਪਣੀ ਸੰਪਾਦਕ ਪੁਸਤਕ 'ਦਜ਼ ਸਪੋਕ ਅੰਬੇਦਕਰ' ਹਿੱਸਾ ਚਾਰ ਸਫ਼ਾ 183 ਤੇ ਪ੍ਰੋ: ਜੀ ਨੂੰ ਮਜ਼ਬੀ ਸਿੱਖ ਲਿਖਿਆ ਹੈ। ਜੋ ਕਿ ਬੇਬੁਨਿਆਦ ਹੈ। (ਦੇਖੋ ਸ਼ੀਰੀ ਫਰਹਾਦ ਕ੍ਰਿਤ ਸੰਤ ਦਿੱਤਾ ਰਾਮ ਉਰਫ ਗਿਆਨੀ ਦਿੱਤ ਸਿੰਘ ਸੰਪਾਦਕ ਸ. ਸ਼ਮਸ਼ੇਰ ਸਿੰਘ ਅਸ਼ੋਕ, ਸਫ਼ਾ 3, ਪੰਜਵੀ ਐਡੀਸ਼ਨ, ਸਾਲ 1970 ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ)।

ਪਹਿਲਾਂ ਤਾਂ ਪਿਤਾ ਨੇ ਬਾਲਕ ਦਿੱਤ ਰਾਮ ਨੂੰ ਘਰੇ ਪੜ੍ਹਾਇਆ। ਜਦੋਂ ਦਿੱਤ ਰਾਮ 9 ਵਰ੍ਹਿਆਂ ਦਾ ਹੋਇਆ ਤਾਂ ਉਸ ਨੂੰ ਪਿੰਡ ਤਿਊੜ ਤੋਂ ਦੋ ਮੀਲ ਦੀ ਵਿੱਥ 'ਤੇ ਚੜ੍ਹਦੇ ਬੰਨੇ ਸਥਿਤ ਸੰਤ ਗੁਰਬਖਸ਼ ਸਿੰਘ ਗੁਲਾਬ ਦਾਸੀਏ ਦੇ ਡੇਰੇ ਪੜ੍ਹਨ ਪਾ ਦਿੱਤਾ।ਦਿੱਤ ਰਾਮ ਦੀ ਤੀਖਣ ਬੁੱਧੀ ਜੀ ਜੋ ਉਸ ਨੇ ਧਾਰਮਿਕ ਕਿਤਾਬਾਂ ਪੜ੍ਹਨ ਤੋਂ ਬਾਅਦ ਪਿੰਗਲ, ਵੈਦਿਕ, ਰਾਜਨੀਤੀ ਆਦਿ ਵਿਸ਼ਿਆਂ ਦੇ ਰੰਗਾਂ ਦਾ ਬੜਾ ਡੂੰਘਾ ਅਧਿਐਨ ਕੀਤਾ। ਦਿੱਤ ਰਾਮ ਵੱਲੋਂ ਉਰਦੂ ਫਾਰਸੀ ਤੇ ਸੰਸਕ੍ਰਿਤ ਪੜ੍ਹਨ ਦਾ ਵੀ ਪਤਾ ਲੱਗਦਾ ਹੈ। ਕਈ ਸਾਲਾਂ ਦੇ ਇਸ ਡੂੰਘੇ ਅਧਿਐਨ ਨੇ ਨੌਜਵਾਨ ਦਿੱਤ ਰਾਮ ਨੂੰ ਬਹੁਤ ਵੱਡਾ ਵਿਦਵਾਨ ਬਣਾ ਦਿੱਤਾ। ਉਸ ਦੇ ਪਿਤਾ ਗੁਲਾਬ ਦਾਸੀਏ ਮਤ ਦੇ ਪ੍ਰਚਾਰਕ ਸਨ। ਇਸ ਲਈ ਦਿੱਤ ਰਾਮ ਨੇ ਵੀ ਮੜ੍ਹੀ, ਮਸਾਣੀ, ਦੇਵੀ, ਦੁਰਗਾ ਪੂਜਾ, ਜਾਤਪਾਤ, ਅੰਧ ਵਿਸ਼ਵਾਸ਼ਾਂ ਖਿਲਾਫ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਅਤੇ ਸੰਤ ਰਾਮ ਵਜੋਂ ਜਾਣਿਆ ਜਾਣ ਲੱਗਾ। ਸੰਤ ਦਿੱਤ ਰਾਮ ਨੇ ਆਪਣੀ ਪਹਿਲੀ ਰਚਨਾ ਸ਼ੀਰੀ ਫਰਹਾਦ ਆਪਣੇ ਗੁਰੂ ਗੁਲਾਬ ਦਾਸ ਨੂੰ ਧਿਆ ਕੇ ਇਉਂ ਸ਼ੁਰੂ ਕੀਤੀ:

(ਮੰਗਲਾਚਰਣ)
ਅੱਵਲ ਹਮਦ ਗੁਲਾਬ ਤਾਈਂ,
ਜਿਨ੍ਹਾਂ ਤਾਰਿਆ ਕੁਲ ਪੰਜਾਬ ਆਹਾ।
ਸਾਰੇ ਜੱਗ ਦੇ ਵਿਚ ਵਾ ਨਸ਼ਰ ਹੋਏ,
ਗੋਯਾ ਹੋਰ ਦੂਜਾ ਆਫ਼ਤਾਬ ਆਹਾ।
ਲੁਤਫ਼ ਕਰਮ ਦਾ ਪਾਏ ਅਮੀਰ ਖੁਸਰੋ,
ਸਾਰੇ ਜੱਗ ਤੇ ਆਹ ਦਨਾਵ ਆਹਾ।
ਕਰੋ ਮਿਹਰ ਦੀ ਨਜ਼ਰ ਨਿਮਾਣਿਆਂ ਤੇ,
'ਦਿੱਤਾ ਰਾਮ' ਗੁਲਾਬ ਜਨਾਬ ਆਹਾ।

ਨੌਜਵਾਨ ਸੰਤ ਦਿੱਤਾ ਰਾਮ ਗੁਲਾਬਦਾਸੀਏ ਦੇ ਡੇਰੇ ਚੱਠਿਆਂਵਾਲੀ ਨਜ਼ਦੀਕ ਕਸੂਰ ਜ਼ਿਲ੍ਹਾ ਲਾਹੌਰ ਚਲੇ ਗਏ। ਗੁਲਾਬਦਾਸੀ ਮੱਤ ਵਿਚ ਹਰ ਰੋਜ਼ ਦੇ ਬਹਿਸ ਮੁਬਾਹਸਿਆਂ ਅਤੇ ਇਕ ਅਛੂਤ ਦਾ ਉਸ ਸਮੇਂ ਦੇ ਪ੍ਰਸਿੱਧ ਗੁਲਾਬਦਾਸੀ ਮੱਤ ਦੇ ਬਾਨੀ ਸਾਧੂ ਗੁਲਾਬ ਦਾਸ ਦੇ ਨੇੜੇ ਹੋਣਾ ਅਤੇ ਉਸ ਦੇ ਪੁੱਤਰ, ਪੋਤਰੇ ਦਾ ਵਿੱਦਿਅਕ ਗੁਰੂ ਹੋਣਾ ਇਕ ਬਹੁਤ ਵੱਡੀ ਪ੍ਰਾਪਤੀ ਸੀ। ਜੂਨ 1872 ਵਿਚ ਸੰਤ ਦਿੱਤ ਰਾਮ ਦਾ ਵਿਆਹ ਸੰਤ ਭਾਗ ਸਿੰਘ ਵਾਸੀ ਪਿੰਡ ਬਡਾਲਾ ਜ਼ਿਲ੍ਹਾ ਰੋਪੜ ਦੀ ਸਪੁੱਤਰੀ ਬੀਬੀ ਬਿਸ਼ਨ ਦੇਵੀ ਨਾਲ ਹੋ ਗਿਆ। ਕੁਝ ਸਮੇਂ ਬਾਅਦ ਦਿੱਤ ਰਾਮ ਵਾਪਸ ਚੱਠਿਆਂ ਵਾਲੀ ਆ ਗਏ।

### ਗੁਲਾਬਦਾਸੀ ਤੋਂ ਆਰੀਆ ਸਮਾਜੀ

ਕਾਠੀਆਵਾੜ (ਗੁਜਰਾਤ) ਦੇ ਜੰਮਪਲ ਬ੍ਰਾਹਮਣ ਜਾਤੀ ਦੇ ਸੁਆਮੀ ਮੂਲ ਸ਼ੰਕਰ ਸੰਨ 1875 ਈਸਵੀ ਵਿਚ ਬੰਬਈ ਵਿਖੇ ਆਰੀਆ ਸਮਾਜ ਨਾਂ ਦੀ ਸੰਸਥਾ ਬਣਾਈ। ਇਹ ਮੂਲ ਸ਼ੰਕਰ ਬਾਅਦ ਵਿਚ ਸੁਆਮੀ ਦਇਆ ਨੰਦ ਦੇ ਨਾਂ ਨਾਲ ਮਸ਼ਹੂਰ ਹੋਏ। ਮਹਾਂਗੋਬਿੰਦ ਰਾਨਾਡੇ, ਦੇਸ਼ਮੁੱਖ, ਸੇਵਕ ਲਾਲ, ਕ੍ਰਿਸ਼ਨ ਦਾਸ, ਪਾਨ ਚੰਦ, ਆਨੰਦ ਜੀ ਪਾਰੇਖ, ਗਿਰਧਰ ਲਾਲ, ਦਿਆਲ ਦਾਸ ਕੋਠਾਰੀ ਆਦਿ ਪ੍ਰਮੁੱਖ ਵਿਅਕਤੀ ਆਰੀਆ ਸਮਾਜ ਦੇ ਮੈਂਬਰ ਅਤੇ ਸਹਾਇਕ ਸਨ। ਸ਼ੁਰੂ ਵਿਚ ਆਰੀਆ ਸਮਾਜ ਦੇ ਸਿਧਾਂਤਾਂ ਅਤੇ ਵਿਧਾਨ ਨੂੰ 28 ਨਿਯਮਾਂ ਵਿਚ ਵੰਡਿਆ ਸੀ ਜੋ ਹੁਣ 10 ਨਿਯਮਾਂ ਵਿਚ ਹਨ।

ਇੱਧਰ ਸੰਤ ਦਿੱਤ ਰਾਮ ਦੇ ਗੁਲਾਬਦਾਸੀ ਗੁਰਭਾਈ ਭਾਈ ਜਵਾਹਰ ਸਿੰਘ ਕਪੂਰ ਦਾ ਮਨ ਪਤਾ ਨਹੀਂ ਕਿਉਂ ਗੁਲਾਬਦਾਸੀ ਮੱਤ ਤੋਂ ਫਿਰ ਗਿਆ ਅਤੇ ਆਰੀਆ ਸਮਾਜੀ ਬਣ ਕੇ ਆਰੀਆ ਸਮਾਜ ਪੰਜਾਬ ਦੇ ਸਕੱਤਰ ਬਣ ਗਏ। ਸੰਤ ਦਿੱਤ ਰਾਮ ਭਾਈ ਜਵਾਹਰ ਸਿੰਘ ਕਪੂਰ ਦੀ ਪ੍ਰੇਰਣਾ ਨਾਲ ਆਰੀਆ ਸਮਾਜੀ ਬਣ ਗਏ।

### ਆਰੀਆ ਸਮਾਜੀ ਤੋਂ ਸਿੰਘ ਸਭੀਏ

19 ਅਪ੍ਰੈਲ 1887 ਈ. ਨੂੰ ਸੰਤ ਦਿੱਤ ਰਾਮ ਆਪਣੇ ਸਾਥੀਆਂ ਸ. ਅਤਰ ਸਿੰਘ, ਭਾਈ ਰੋਡੂ ਰਾਮ ਅਤੇ ਸ. ਜਵਾਹਰ ਸਿੰਘ ਕਪੂਰ ਨਾਲ ਸੁਆਮੀ ਦਇਆ ਨੰਦ ਦੇ ਭਾਸ਼ਣ ਸੁਣਨ ਗਏ। ਸੰਤ ਦਿੱਤ ਰਾਮ ਜੋ ਬਹਿਸ ਮੁਬਹਿਸਿਆਂ ਦੇ ਚੰਗੇ ਘੁਲਾਟੀਏ ਸਨ ਨੇ ਸੁਆਮੀ ਜੀ ਨੂੰ ਤਿੰਨ ਬਹਿਸਾਂ ਵਿਚ ਜਗਤ ਕਰਤਾ ਕੌਣ ਹੈ? ਵੇਦ ਈਸ਼ਵਰੀ ਨਹੀਂ ਅਤੇ ਮੁਕਤੀ ਵਿਸ਼ਿਆਂ ਤੇ ਹਰਾ ਕੇ ਲਾਹੌਰ ਵਿਚ ਤਰਥੱਲ ਮਚਾ ਦਿੱਤੀ। ਭਗਤੀ ਲਹਿਰ ਦੇ ਅਛੂਤ ਰਹਿਨੁਮਾ ਸਤਿਗੁਰੂ ਰਵਿਦਾਸ, ਸਤਿਗੁਰੂ ਨਾਮਦੇਵ ਅਤੇ ਸਤਿਗੁਰੂ ਕਬੀਰ ਤੋਂ ਬਾਅਦ ਇਹ ਪਹਿਲੀ ਬਹਿਸ ਸੀ, ਜਿਸ ਵਿਚ ਇਕ ਅਛੂਤ ਵਿਦਵਾਨ ਨੇ ਵਿੱਦਿਆ ਦੇ ਖਾਨਦਾਨੀ ਠੇਕੇਦਾਰ ਬ੍ਰਾਹਮਣ ਵਿਦਵਾਨ ਨੂੰ ਭੁਆਂਟਣੀਆਂ ਦੁਆ ਦਿੱਤੀਆਂ। ਇਸ ਬਹਿਸ ਦਾ ਵੇਰਵਾ ਸੰਤ ਦਿੱਤ ਰਾਮ ਨੇ 'ਸਾਧੂ ਦਯਾ ਨੰਦ ਤੇ ਮੇਰਾ ਸੰਵਾਦ' ਨਾਂ ਦੀ ਪੁਸਤਕ ਵਿਚ ਵੇਰਵੇ ਸਹਿਤ ਦਿੱਤਾ ਹੈ। ਇਸ ਬਹਿਸ ਤੋਂ ਬਾਅਦ ਸੰਤ ਦਿੱਤ ਰਾਮ ਸਿੱਖਾਂ ਦੇ ਧਿਆਨ ਦਾ ਕੇਂਦਰ ਬਣੇ। ਸੁਆਮੀ ਦਇਆ ਨੰਦ ਦੀਆਂ ਸਿੱਖ ਗੁਰੂਆਂ ਦੇ ਖਿਲਾਫ 'ਸਤਿਆਰਥ ਪ੍ਰਕਾਸ਼' 'ਚ ਲਿਖਤ ਨੂੰ ਸਿੱਖਾਂ ਦੇ ਸੱਤੀਂ ਕੱਪੜੀਂ ਅੱਗ ਲਾਈ ਹੋਈ ਸੀ।

### ਅਛੂਤਾਂ ਦਾ ਪਹਿਲਾ ਪ੍ਰੋਫੈਸਰ

ਪ੍ਰੋ: ਗੁਰਮੁਖ ਸਿੰਘ ਜੋ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਓਰੀਐਂਟਲ ਕਾਲਜ ਦੇ ਪੰਜਾਬੀ ਦੇ ਪ੍ਰੋਫੈਸਰ ਸਨ, ਨੇ ਦਿੱਤ ਰਾਮ ਨੂੰ ਓਰੀਐਂਟਲ ਕਾਲਜ ਵਿਚ ਗਿਆਨੀ ਦੀ ਪੜ੍ਹਾਈ ਕਰਨ ਅਤੇ ਪ੍ਰੀਖਿਆ ਦੇਣ ਲਈ ਪ੍ਰੇਰਿਆ। ਸੰਤ ਜੀ ਨੇ ਪ੍ਰੀਖਿਆ ਪਾਸ ਕਰਕੇ ਇਸੇ ਕਾਲਜ ਵਿਚ ਅਗਲੇ ਸਾਲ 1878 ਈਸਵੀ ਵਿਚ ਪੰਜਾਬੀ ਦੇ ਪ੍ਰੋਫੈਸਰ ਲੱਗ ਗਏ। ਬਿਨਾ ਸ਼ੱਕ ਗਿਆਨੀ ਜੀ ਅਛੂਤਾਂ 'ਚੋਂ ਪਹਿਲੇ ਪ੍ਰੋਫੈਸਰ ਬਣੇ।

### ਪ੍ਰੋ: ਦਿੱਤ ਰਾਮ ਤੋਂ ਪ੍ਰੋ. ਦਿੱਤ ਸਿੰਘ

ਪ੍ਰੋ: ਦਿੱਤ ਰਾਮ ਆਰੀਆ ਸਮਾਜ ਤੋਂ ਸਿੰਘ ਸਭਾ ਵੱਲ ਝੁਕ ਗਏ ਅਤੇ ਪ੍ਰੋ: ਦਿੱਤ ਰਾਮ ਤੋਂ ਪ੍ਰੋ: ਦਿੱਤ ਸਿੰਘ ਬਣ ਗਏ। ਕੈਪਟਨ ਧਰਮ ਸਿੰਘ 1882 ਈਸਵੀ ਤੋਂ ਬਾਅਦ ਅਤੇ ਸ੍ਰੀ ਭਗਵਾਨ ਦਾਸ 1888 ਈਸਵੀ ਤੋਂ ਬਾਅਦ ਦੀ ਇਹ ਘਟਨਾ ਦੱਸਦੇ ਹਨ।


### ਸਿੰਘ ਸਭਾ ਦੇ ਆਗੂ ਅਤੇ ਖਾਲਸਾ ਅਖ਼ਬਾਰ ਦੇ ਸੰਪਾਦਕ

ਆਰੀਆ ਸਮਾਜ ਦੀਆਂ ਸਿੱਖ ਵਿਰੋਧੀ ਸਾਜ਼ਿਸ਼ਾਂ ਦਾ ਟਾਕਰਾ ਕਰਨ ਅਤੇ ਸਿੱਖਾਂ ਵਿਚ ਸਮਾਜ ਸੁਧਾਰ ਲਈ 1873 ਈ: ਵਿਚ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਸਿੰਘ ਸਭਾ ਬਣੀ, ਜਿਸ ਦੀ ਬਰਾਂਚ 1879 ਈ: ਵਿਚ ਲਾਹੌਰ ਵਿਚ ਖੋਲ੍ਹੀ। ਲਾਹੌਰ ਤੋਂ ਸਿੰਘ ਸਭਾ ਨੇ 1880 ਈ: ਵਿਚ ਖਾਲਸਾ ਅਖ਼ਬਾਰ ਛਾਪਣੀ ਸ਼ੁਰੂ ਕੀਤੀ, ਜਿਸ ਦੇ ਪਹਿਲੇ ਸੰਪਾਦਕ ਬਣੇ ਅਤੇ ਸਦੀਵੀਂ ਵਿਛੋੜੇ ਤੱਕ ਰਹੇ। ਗਰੀਬ ਅਤੇ ਦੱਬੇ ਕੁਚਲੇ ਸਮਾਜ ਦਾ ਸ਼ਖ਼ਸ ਜੇ ਬਾਗੀ ਹੋ ਜਾਣ ਤਾਂ ਫਿਰ ਕੀ ਕਹਿਣਾ? ਪ੍ਰੋ: ਦਿੱਤ ਸਿੰਘ ਨੇ ਬੇਦੀਆਂ ਸੋਢੀਆਂ ਦੇ ਗੁਰੂ ਡੰਮ ਖਿਲਾਫ ਅਖ਼ਬਾਰ ਵਿਚ ਧੂੰਆਂ ਧਾਰ ਪ੍ਰਚਾਰ ਕੀਤਾ। ਜਿਸ ਕਾਰਨ ਬੇਦੀ ਉਦੇ ਸਿੰਘ ਨੇ 1887 ਵਿਚ ਹੱਤਕ ਇੱਜ਼ਤ ਦਾ ਦਾਅਵਾ ਕੀਤਾ। ਅਖ਼ਬਾਰ ਬੰਦ ਹੋ ਗਿਆ। ਫਿਰ 1890 ਈਸਵੀ ਵਿਚ ਸ਼ੁਰੂ ਹੋਇਆ। ਇਸ ਮੁਕੱਦਮੇ ਦਾ ਕਾਰਨ ਇਹ ਸੀ ਕਿ ਪ੍ਰੋ: ਦਿੱਤ ਸਿੰਘ ਦੇ ਸਾਥੀ ਪ੍ਰੋ: ਗੁਰਮੁਖ ਸਿੰਘ ਦੇ ਖਿਲਾਫ ਗੁਰਦੁਆਰਿਆਂ ਦੇ ਕਾਬਜ਼ ਮਸੰਦਾਂ ਵੱਲੋਂ ਸਿੱਖੀ ਤੋਂ ਖਾਰਜ ਕਰਨਾ ਸੀ, ਜਿਸ ਦੇ ਖਿਲਾਫ 16 ਅਪ੍ਰੈਲ 1887 ਨੂੰ ਪ੍ਰੋ: ਦਿੱਤ ਸਿੰਘ ਨੇ 'ਖਾਲਸਾ ਅਖ਼ਬਾਰ' ਵਿਚ 'ਸਵਪਨ ਨਾਟਕ' ਦਾ ਇਕ ਹਿੱਸਾ ਛਾਪਿਆ ਜਿਸ ਨੂੰ ਬਾਬਾ ਖੇਮ ਸਿੰਘ ਬੇਦੀ ਅਤੇ ਰਾਜਾ ਸਾਹਿਬ ਸਿੰਘ ਫਰੀਦਕੋਟ ਨੇ ਬੇਇੱਜ਼ਤੀ ਸਮਝ ਕੇ ਪ੍ਰੋ: ਦਿੱਤ ਸਿੰਘ ਤੇ ਹੱਤਕ ਇੱਜ਼ਤ ਦਾ ਦਾਅਵਾ ਕਰ ਦਿੱਤਾ। ਹੇਠਲੀ ਅਦਾਲਤ ਤੋਂ ਪ੍ਰੋ: ਦਿੱਤ ਸਿੰਘ ਨੂੰ 51 ਰੁਪਏ ਜੁਰਮਾਨਾ ਹੋਇਆ ਜੋ ਸੈਸ਼ਨ ਕੋਰਟ ਵਿਚ ਅਪੀਲ ਕਰਨ ਨਾਲ ਖਾਰਜ ਹੋ ਗਿਆ। ਪ੍ਰੋ: ਦਿੱਤ ਸਿੰਘ ਨੂੰ ਸਿੱਖ ਧਰਮ ਵਿਚਲੇ ਬ੍ਰਾਹਮਣਵਾਦ ਖਿਲਾਫ ਲੜਨ ਵਜੋਂ ਬਾਖੂਬੀ ਨਾਲ ਜਾਣਿਆ ਜਾਂਦਾ ਹੈ।

### ਪ੍ਰੋ: ਦਿੱਤ ਸਿੰਘ ਲੇਖਕ ਵਜੋਂ

ਪ੍ਰੋ: ਦਿੱਤ ਸਿੰਘ ਜਿੰਨੀਆਂ ਗਿਣਤੀ ਵਿਚ ਅਤੇ ਮਿਆਰੀ ਪੁਸਤਕਾਂ ਸ਼ਾਇਦ ਹੀ ਕਿਸੇ ਪੰਜਾਬੀ ਲਿਖੀਆਂ ਹੋਣ। ਉਹਨਾਂ ਨੇ ਤਿੰਨ ਦਰਜਨਾਂ ਤੋਂ ਵੱਧ ਪੁਸਤਕਾਂ ਲਿਖੀਆਂ। ਪ੍ਰੋ: ਜੀ ਦੀਆਂ ਕੁਝ ਪੁਸਤਕਾਂ ਸਿੰਘ ਸਭਾ ਸ਼ਤਾਬਦੀ ਕਮੇਟੀ ਅੰਮ੍ਰਿਤਸਰ, ਭਾਸ਼ਾ ਵਿਭਾਗ, ਪੰਜਾਬ ਨੇ ਛਾਪੀਆਂ ਹਨ ਜੋ ਇਕ ਅਨਮੋਲ ਖਜ਼ਾਨਾ ਹਨ।

### ਪ੍ਰੋ: ਦਿੱਤ ਸਿੰਘ ਸਭ ਤੋਂ ਵੱਧ



### ਅਣਗੌਲਿਆ ਸਿੱਖ ਵਿਦਵਾਨ

ਪ੍ਰੋ: ਦਿੱਤ ਸਿੰਘ ਨੇ ਆਪਣੀ ਜ਼ਿੰਦਗੀ ਦੇ ਆਖਰੀ ਵੀਹ ਵਰ੍ਹੇ ਸਿੱਖੀ ਦੇ ਸੁਧਾਰ ਵਿਚ ਅਰਪਣ ਕੀਤੇ ਪਰ ਉਹਨਾਂ ਦੀ ਸਿੱਖਾਂ ਵਿਚ ਕੀ ਕਦਰ ਸੀ, ਇਹ ਅਸੀਂ ਸ. ਦਲਜੀਤ ਸਿੰਘ ਬੀ. ਏ., ਪ੍ਰਧਾਨ ਸ਼੍ਰੋਮਣੀ ਖਾਲਸਾ ਬਰਾਦਰੀ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਲਿਖਤ ਸਿੰਘ ਸਭਾ ਦਾ ਮੋਢੀ ਅਰਥਾਤ ਜੀਵਨ ਗਿਆਨੀ ਦਿੱਤ ਸਿੰਘ ਜੀ ਦੇ ਸਫ਼ਾ 55 ਸੰਨ 1951 ਈ: ਤੋਂ ਪੇਸ਼ ਕਰਦੇ ਹਾਂ। 'ਜਾਤ ਅਭਿਮਾਨੀ ਸਿੱਖਾਂ ਵਿਚ ਹਮੇਸ਼ਾ ਉਹਨਾਂ ਨਾਲ ਅਛੂਤਾਂ ਜਿਹਾ ਹੀ ਸਲੂਕ ਹੁੰਦਾ ਸੀ। ਗਿਆਨੀ ਜੀ ਸਬੰਧੀ ਜਿਹੜੇ ਹਾਲਾਤ ਅਸੀਂ ਇਕੱਤਰ ਕਰ ਸਕੇ ਹਾਂ, ਉਹਨਾਂ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਨੂੰ ਕਦੇ ਪੰਗਤ ਵਿਚ ਨਹੀਂ ਬੈਠਣ ਦਿੱਤਾ ਜਾਂਦਾ। ਇੱਥੋਂ ਤੱਕ ਕਿ ਜਦੋਂ ਉਹ ਲੈਕਚਰ ਜਾਂ ਕਥਾ ਕਰਦੇ ਸਨ ਤਦ ਵੀ ਉਹਨਾਂ ਨੂੰ ਅਜਿਹੀ ਥਾਂ ਬਿਠਾਇਆ ਜਾਂਦਾ ਜਿਸ ਤੇ ਉਹਨਾਂ ਦੇ ਅਛੂਤਪੁਣੇ ਦਾ ਇਸ਼ਤਿਹਾਰ ਆਪਦੇ-ਆਪ ਸਾਹਮਣੇ ਆ ਜਾਂਦਾ ਸੀ।'' ਪੰਜਾਬੀ ਪਾਠ ਪੁਸਤਕ ਵਿਚ ਜਦੋਂ ਕਵੀਆਂ ਜਾਂ ਵਾਰਤਾਕਾਰਾਂ ਨੂੰ ਸਿਲੇਬਸ ਵਿਚ ਸ਼ਾਮਲ ਕਰਨਾ ਹੁੰਦਾ ਪ੍ਰੋ: ਦਿੱਤ ਸਿੰਘ ਨੂੰ ਬ੍ਰਾਹਮਣਵਾਦੀ ਸਿੱਖ ਵਿਦਵਾਨ ਅੱਖੋਂ ਪਰੋਖੇ ਕਰ ਜਾਂਦੇ ਹਨ। ਜੇ ਪ੍ਰੋ: ਦਿੱਤ ਸਿੰਘ ਚਮਾਰ ਨਾ ਹੁੰਦੇ ਤਾਂ ਉਹਨਾਂ ਨੂੰ ਉਹਨਾਂ ਦੀਆਂ ਸਿੱਖੀ ਲਈ ਮਹਾਨ ਕੁਰਬਾਨੀਆਂ ਸਦਕੇ ਸਿੱਖ ਧਰਮ ਦਾ ਪੁਨਰ ਸਥਾਪਕ ਕਿਹਾ ਜਾਂਦਾ।

### ਨਹੀਓਂ ਲੱਭਣੇ ਲਾਲ ਗੁਆਚੇ

ਕੌਮੀ ਆਗੂਆਂ ਦੇ ਜੀਵਨ ਵੀ ਕੌਮ ਦੀ ਅਮਾਨਤ ਹੋ ਜਾਂਦੇ ਹਨ। ਉਨ੍ਹਾਂ ਦੀ ਤੰਦਰੁਸਤੀ ਤੇ ਇਮਾਨਦਾਰੀ ਭਰਪੂਰ ਯਤਨਾਂ ਉੱਤੇ ਕੌਮਾਂ ਅਤੇ ਲਹਿਰਾਂ ਦੀ ਰਵਾਨਗੀ ਅਤੇ ਭਵਿੱਖ ਨਿਰਭਰ ਹੁੰਦਾ ਹੈ। ਪ੍ਰੋ: ਦਿੱਤ ਸਿੰਘ ਨੂੰ ਸਿੱਖ ਧਰਮ ਦੀ ਪੁਨਰ ਸਥਾਪਨਾ ਵਿਚ ਲੱਗਿਆਂ ਜੋ ਆਰਥਿਕ ਅਤੇ ਮਾਨਸਿਕ ਮੁਸ਼ਕਿਲਾਂ ਆਈਆਂ ਉਹ ਹਮ ਖਿਆਲ ਸਾਥੀਆਂ ਦੇ ਸਾਥ ਕਾਰਨ ਅਣਗੌਲੀਆ ਸਨ। ਕਈ ਵੇਰਾਂ ਆਦਮੀ ਦਾ ਹੱਦੋਂ ਵੱਧ ਕਿਸੇ ਜੀਵ ਜਾਂ ਵਸਤੂ ਨਾਲ ਲਗਾਓ ਘਾਤਕ ਵੀ ਸਿੱਧ ਹੁੰਦਾ ਹੈ। ਪ੍ਰੋ: ਦਿੱਤ ਸਿੰਘ ਨਾਲ ਕੁਝ ਇਹੋ ਜਿਹਾ ਹੀ ਵਾਪਰਿਆ।

ਉਹਨਾਂ ਦੇ ਕੁਝ ਹਮ ਖਿਆਲ ਜੋਟੀਦਾਰ ਜਿਵੇਂ ਕੰਵਰ ਬਿਕਰਮ ਸਿੰਘ, 1887 ਈ: ਸ. ਅਤਰ ਸਿੰਘ ਭਦੌੜ ਪ੍ਰਧਾਨ ਲਾਹੌਰ ਖਾਲਸਾ ਦੀਵਾਨ 1896 ਈ: ਅਤੇ ਪ੍ਰੋ: ਗੁਰਮੁਖ ਸਿੰਘ 1898 ਈਸਵੀ ਵਿਚ ਸਦੀਵੀ ਵਿਛੋੜਾ ਦੇ ਗਏ। 17 ਜੂਨ 1901 ਨੂੰ ਉਹਨਾਂ ਦੀ ਲਾਡਲੀ ਪੁੱਤਰੀ ਵਿਦਿਆਵੰਤੀ ਵੀ ਸਦੀਵੀ ਵਿਛੋੜਾ ਦੇ ਗਈ। ਇਸ ਆਖਰੀ ਸੱਟ ਨੇ ਪ੍ਰੋ: ਜੀ ਨੂੰ ਚਿੱਤ ਕਰ ਦਿੱਤਾ ਅਤੇ ਉਹ ਬਿਮਾਰ ਪੈ ਗਏ।

ਪ੍ਰੋ: ਦਿੱਤ ਸਿੰਘ ਇਕ ਗੁੰਮਨਾਮੀ ਤੇ ਬਿਮਾਰੀ ਦਾ ਜੀਵਨ ਜੀਣ ਲੱਗੇ। ਉਹਨਾਂ ਦੇ ਅੰਤਿਮ ਹਾਲਾਤ ਸ: ਦਲਜੀਤ ਸਿੰਘ (ਸਫ਼ਾ 110-111) ਅਨੁਸਾਰ ਇਉਂ ਸਨ ''ਗਿਆਨੀ ਦਿੱਤ ਸਿੰਘ ਜੀ ਦੇ ਬਿਮਾਰੀ ਦੇ ਦਿਨ ਬੜੇ ਦੁਖਦਾਈ ਸਨ। ਆਹ ਬੇਕਦਰ ਸਿੱਖ ਪੰਥ! ਤੇਰਾ ਮਹਾਂ ਪੰਡਤ ਮੌਤ ਦੇ ਬਿਸਤਰੇ 'ਤੇ ਪਿਆ ਸੀ। ਇਲਾਜ ਲਈ ਉਸ ਪਾਸ ਕੋਈ ਪੈਸਾ ਨਹੀਂ ਸੀ। ਤੈਨੂੰ ਚਾਹੀਦਾ ਸੀ ਉਸ ਦੀ ਸਾਰ ਲੈਂਦਾ। ਪ੍ਰੰਤੂ ਉਸ ਵੱਲ ਅੱਖ ਚੁੱਕ ਕੇ ਵੀ ਵੇਖਣ ਦੀ ਲੋੜ ਨਹੀਂ ਸਮਝੀ। ਜੇਕਰ ਅਜਿਹਾ ਮਹਾਨ ਪੰਡਤ ਕਿਸੇ ਹੋਰ ਮਜ਼ਹਬ ਵਿਚ ਹੁੰਦਾ ਤਦ ਉਸ ਨੂੰ ਅੰਤ ਸਮੇਂ ਇਹ ਦੁੱਖ ਕਦੇ ਨਾ ਦੇਖਣਾ ਪੈਂਦਾ। ਪ੍ਰੋ: ਜੀ ਦਾ ਖਿਆਲ ਨਾ ਹਿੰਦੂਆਂ ਨੇ ਤੇ ਨਾ ਸਿੱਖਾਂ ਨੇ ਕੀਤਾ। ਸਗੋਂ ਇਕ ਮੁਸਲਮਾਨ ਡਾ: ਰਹੀਮ ਖਾਂ ਨੂੰ ਜਦੋਂ ਪਤਾ ਲੱਗਾ ਕਿ ਪ੍ਰੋ: ਦਿੱਤ ਸਿੰਘ ਵਰਗਾ ਮਹਾਨ ਵਿਦਵਾਨ ਇਲਾਜ ਖੁਣੋ ਪਿਆ ਹੈ ਤਾਂ ਉਸ ਨੇ ਪ੍ਰੋ: ਜੀ ਦਾ ਇਲਾਜ ਮੁਫ਼ਤ ਕਰਨਾ ਸ਼ੁਰੂ ਕੀਤਾ। ਪਰ ਪ੍ਰੋ: ਜੀ ਦਾ ਤਨ ਅਤੇ ਮਨ ਸਾਥੀਆਂ, ਧੀ ਦੇ ਵਿਛੋੜੇ ਅਤੇ ਆਪਣਿਆਂ ਦੀ ਬੇਰੁਖੀ ਨਾਲ ਵਿੰਨ੍ਹਿਆ ਪਿਆ ਸੀ। ਕਿਰਪਾਨ ਚਲਾਉਣ ਵਾਲਿਆਂ ਨੂੰ ਕਲਮ ਦੀ ਤਾਕਤ ਦਾ ਜੌਹਰ ਦਿਖਾਉਣ ਵਾਲੇ ਪ੍ਰੋ: ਦਿੱਤ ਸਿੰਘ 6 ਸਤੰਬਰ 1901 ਈਸਵੀ ਦੀ ਸਵੇਰ ਆਪਣੀ ਰਿਹਾਇਸ਼ ਤੇ ਸਦਾ ਸਦਾ ਲਈ ਵਿਛੜ ਗਏ। ਪ੍ਰੋ: ਜੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਭਾਈ ਵੀਰ ਸਿੰਘ ਜਿਹੇ ਕਵੀ ਨੇ ਪ੍ਰੋ: ਜੀ ਦੀਆਂ ਸਿੱਖ ਧਰਮ ਪ੍ਰਤੀ ਘਾਲਣਾਵਾਂ ਨੂੰ ਸਿੱਟ ਬਸਿੱਟ ਕਰਨ ਬਾਰੇ ਇਉਂ ਲਿਖਿਆ ਹੈ:

ਸੁੱਤਾ ਪੰਥ ਜਗਾ ਗਿਆ ਕਲਮ ਦੁਹਾਈ ਫੇਰ
ਹਾ ਹਾ ਪੰਥ ਵਿਸਾਰਿਆ, ਐਸਾ ਦੂਲਾ ਸ਼ੇਰ।

ਪ੍ਰੋ: ਜੀ ਦਾ ਇਕ ਲੜਕਾ ਬਲਦੇਵ ਸਿੰਘ ਬਚਿਆ ਸੀ ਜੋ 1905 ਵਿਚ ਮਹਾਰਾਜਾ ਰਿਪੁਦਮਨ ਸਿੰਘ (ਸ: ਗੁਰਚਰਨ ਸਿੰਘ) ਦੀ ਸਹਾਇਤਾ ਨਾਲ ਇੰਗਲੈਂਡ ਤੋਂ ਐਮ. ਡੀ. ਕਰਨ ਗਏ। ਵਾਪਸੀ ਤੇ ਛੂਆ ਛਾਤ ਕਾਰਨ ਡਾ: ਬਲਦੇਵ ਸਿੰਘ ਜੋ ਅਛੂਤਾਂ ਦੇ ਪਹਿਲੇ ਡਾਕਟਰ ਸਨ, ਛੂਆ ਛਾਤ ਕਾਰਨ ਪ੍ਰੈਕਟਿਸ ਨਾ ਕਰ ਸਕੇ। ਇੰਨੀ ਵੱਡੀ ਡਾਕਟਰੀ ਡਿਗਰੀ ਉਹ ਵੀ ਇੰਗਲੈਂਡ ਤੋਂ ਪ੍ਰਾਪਤ ਕਰਨ ਤੇ ਵੀ ਉਹਨਾਂ ਨੂੰ ਜਾਤ ਪਾਤ ਕਾਰਨ ਅੰਮ੍ਰਿਤਸਰ ਵਿਖੇ ਹੈਲਥ ਅਫਸਰ ਦੀ ਆਸਾਮੀ ਵੀ ਨਾ ਮਿਲੀ। ਅੰਤ ਨਾਭੇ ਦੇ ਮਹਾਰਾਜਾ ਰਿਪੁਦਮਨ ਸਿੰਘ ਜਿਨ੍ਹਾਂ ਨੂੰ, ਡਾ: ਅੰਬੇਦਕਰ ਨੂੰ ਵਿਦੇਸ਼ ਵਿਚ ਪੜ੍ਹਨ ਲਈ ਮਦਦ ਕਰਨ ਵਾਲੇ ਮਹਾਰਾਜਾ ਬੜੌਦਾ ਵਾਂਗ ਸਤਿਕਾਰਿਆ ਜਾਵੇਗਾ, ਨੇ ਡਾਕਟਰ ਬਲਦੇਵ ਸਿੰਘ ਨੂੰ ਨਾਭੇ, ਜ਼ਿਲ੍ਹਾ ਪਟਿਆਲਾ ਵਿਖੇ ਹੈਲਥ ਅਫਸਰ ਦੀ ਆਸਾਮੀ ਤੇ ਲੁਆ ਦਿੱਤਾ ਪਰ ਉਸ ਨੂੰ ਇੱਥੇ ਵੀ ਛੂਆ-ਛੂਤ ਕਾਰਨ ਡਾ: ਅੰਬੇਦਕਰ ਵਾਂਗ ਅਹੁਦੇ ਤੋਂ ਹੱਥ ਧੋਣਾ ਪਿਆ। ਡਾ: ਬਲਦੇਵ ਸਿੰਘ ਦਾ ਜੀਵਨ ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਮਹਾਰਾਜਾ ਦਲੀਪ ਸਿੰਘ ਵਾਂਗ ਦੁਖਦਾਈ ਸੀ। ਫਰਕ ਇੰਨਾ ਸੀ ਕਿ ਮਹਾਰਾਜਾ ਦਲੀਪ ਸਿੰਘ ਇਸਾਈ ਹਕੂਮਤ ਹੱਥੋਂ ਦੁਖੀ ਸੀ ਪਰ ਡਾ: ਬਲਦੇਵ ਸਿੰਘ ਸਿੱਖਾਂ ਵਿਚਲੇ ਬ੍ਰਾਹਮਣਵਾਦ ਦਾ ਸ਼ਿਕਾਰ ਸੀ। ਦੋਹਾਂ ਦੀਆਂ ਮਾਵਾਂ ਨੇ ਬੜੀ ਮੰਦਹਾਲੀ ਦਾ ਜੀਵਨ ਬਿਤਾਇਆ। ਜੇ ਮਹਾਰਾਜਾ ਦਲੀਪ ਸਿੰਘ ਇਸਾਈ ਸਾਮਰਾਜਵਾਦ ਦੀ ਧੱਕੇਸ਼ਾਹੀ ਕਾਰਨ ਸਿੱਖਾਂ ਵਿਚਲੇ ਬ੍ਰਾਹਮਣਵਾਦ ਤੋਂ ਦੁਖੀ ਹੋ ਕੇ ਇਸਾਈ ਬਣ ਗਿਆ। ਇਤਿਹਾਸਕਾਰਾਂ ਜਦੋਂ ਗਿਆਨੀ ਦਿੱਤ ਸਿੰਘ ਦੀ ਸਿੱਖਾਂ ਵੱਲੋਂ ਕੀਤੀ ਬੇਹੁਰਮਤੀ, ਡਾ: ਬਲਦੇਵ ਸਿੰਘ ਵੱਲੋਂ ਸਿੱਖ ਧਰਮ ਛੱਡ ਕੇ ਇਸਾਈ ਬਣਨ, ਡਾ: ਅੰਬੇਦਕਰ ਵੱਲੋਂ ਬੁੱਧ ਧਰਮ ਅਪਣਾਉਣ ਅਤੇ ਬਾਬੂ ਜੋਗਿੰਦਰਨਾਥ ਮੰਡਲ (ਪਾਕਿਸਤਾਨ ਦੇ ਪਹਿਲੇ ਕਾਨੂੰਨ ਮੰਤਰੀ) ਨਾਲ ਮੁਸਲਮਾਨਾਂ ਵੱਲੋਂ ਕੀਤਾ ਦੁਰ ਵਰਤਾਓ ਦੇ ਕਾਰਨ ਲੱਭਣਗੇ ਤਾਂ ਇਹ ਗੱਲ ਨਿੱਖਰ ਕੇ ਸਾਹਮਣੇ ਆਵੇਗੀ ਕਿ ਧਰਮ ਪਰਿਵਰਤਨ ਦਲਿਤ ਸਮੱਸਿਆਵਾਂ ਦਾ ਸਹੀ ਹੱਲ ਨਹੀਂ। ਮਨ ਪਰਿਵਰਤਨ ਦਲਿਤ ਸਮੱਸਿਆਵਾਂ ਦਾ ਸਹੀ ਹੱਲ ਹੈ। ਸਾਨੂੰ ਜਾਤਾਂ, ਧਰਮਾਂ, ਭਾਸ਼ਾਵਾਂ, ਇਲਾਕਿਆਂ, ਰੰਗਾਂ ਦੀਆਂ ਸੋਨੇ ਦੀਆਂ ਦੀਵਾਰਾਂ ਨੂੰ ਤੋੜ ਕੇ ਮੋਢੇ ਨਾਲ ਮੋਢਾ ਮਿਲਾ ਕੇ ਚੱਲਣਾ ਪਵੇਗਾ। ਅਸੀਂ ਗੁਲਾਮ ਹਾਂ ਦੁਨੀਆਂ ਦੇ ਸਭ ਤੋਂ ਘਟੀਆ ਗੁਲਾਮ। ਗੁਲਾਮ ਦਾ ਸਭ ਤੋਂ ਵੱਡਾ ਧਰਮ ਹੁੰਦਾ ਹੈ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਪਿਘਲਾ ਕੇ ਅਜਿਹਾ ਰੂਪ ਦੇਣਾ ਕਿ ਜ਼ੰਜੀਰਾਂ ਦੇ ਲੋਹੇ ਨੂੰ ਜ਼ਾਲਮ ਮੁੜ ਜ਼ੰਜੀਰਾਂ ਨਾ ਬਣਾ ਸਕਣ। ਸਾਨੂੰ ਡਾ: ਅੰਬੇਦਕਰ ਦੇ ਇਹ ਬੋਲ ਯਾਦ ਰੱਖਣੇ ਚਾਹੀਦੇ ਹਨ 'ਗੁਲਾਮਾਂ ਨੂੰ ਗੁਲਾਮੀ ਦਾ ਅਹਿਸਾਸ ਮਹਿਸੂਸ ਕਰਵਾ ਦਿਓ ਫਿਰ ਉਹ ਬਗਾਵਤ ਕਰ ਦੇਣਗੇ।''

ਆਓ ਅੱਜ ਮਿੱਟੀ ਵਿਚ ਗੁਆਚੇ ਆਪਣੇ ਲਾਲਾਂ ਨੂੰ ਲੱਭੀਏ ਅਤੇ ਇਤਿਹਾਸ ਦੇ ਪੰਨਿਆਂ ਦਾ ਸ਼ਿੰਗਾਰ ਬਣਾਈਏ।

**('ਕੌਮੀ ਉਡਾਰੀਆਂ' ਜਲੰਧਰ ਦੇ ਧੰਨਵਾਦ ਸਹਿਤ)**

# ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੰਗੀ ਜੀਵਨ

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਲੋਕ ਭਲਾਈ ਦੇ ਸੰਕਲਪ ਤਹਿਤ ਚਾਰੋ ਦਿਸ਼ਾਵਾਂ ਵਿਚ 'ਉਦਾਸੀਆਂ' ਕੀਤੀਆਂ। ਅੱਗੇ ਸਾਰੇ ਗੁਰੂ ਸਾਹਿਬਾਨ ਨੇ ਇਸ ਕਾਰਜ ਨੂੰ ਜਾਰੀ ਰੱਖਦਿਆਂ ਧਰਮ ਪ੍ਰਚਾਰ ਲਈ ਦੂਰ ਦੂਰ ਤੱਕ ਪ੍ਰਚਾਰਕ ਦੌਰੇ ਕੀਤੇ। ਗੁਰੂ ਅਰਜਨ ਦੇਵ ਜੀ ਨੇ ਵੀ ਪ੍ਰਚਾਰਕ ਦੌਰੇ ਕੀਤੇ। ਪ੍ਰਿਥੀ ਚੰਦ ਦੀ ਗੁਰਗੱਦੀ ਤੋਂ ਵਾਂਝੇ ਰਹਿਣ ਦੀ ਈਰਖਾ ਵੀ ਨਾਲ ਨਾਲ ਚਲਦੀ ਰਹੀ। ਗੁਰੂ ਅਰਜਨ ਦੇਵ ਜੀ ਜਦੋਂ ਅੰਮ੍ਰਿਤਸਰ ਤੋਂ ਪ੍ਰਚਾਰਕ ਦੌਰਾ ਸ਼ੁਰੂ ਕਰਕੇ ਗੋਇੰਦਵਾਲ, ਕਰਤਾਰਪੁਰ ਤੋਂ ਹੁੰਦੇ ਹੋਏ ਵਾਪਸ ਅੰਮ੍ਰਿਤਸਰ ਪਹੁੰਚੇ ਤਾਂ ਉਥੇ ਨੇੜਲੇ ਪਿੰਡ ਵਡਾਲੀ ਵਿਖੇ ਬਾਲ (ਗੁਰੂ) ਹਰਿਗੋਬਿੰਦ ਜੀ ਦਾ ਆਗਮਨ 5 ਜੁਲਾਈ 1595 ਨੂੰ ਹੋਇਆ।

ਆਪ ਜੀ ਦੀ ਵਿੱਦਿਆ ਅਤੇ ਸ਼ਸ਼ਤਰਾਂ ਦੀ ਸਿਖਲਾਈ ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਹੋਈ। ਆਪ ਜਲਦੀ ਹੀ ਨਿਪੁੰਨ ਮਹਾਂਬਲੀ ਯੋਧਾ ਬਣ ਗਏ। ਜਦੋਂ ਆਪ ਜੀ ਦੀ ਉਮਰ ਗਿਆਰਾਂ ਕੁ ਸਾਲ ਸੀ, ਤਦ ਹੀ ਬਾਦਸ਼ਾਹ ਜਹਾਂਗੀਰ ਨੇ ਧਾਰਮਿਕ ਈਰਖਾ ਹੇਠ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਤਲਬ ਕੀਤਾ। ਸਮਰੱਥ ਗੁਰੂ ਜਾਣ ਗਏ ਸਨ ਕਿ ਉਨ੍ਹਾਂ ਨੇ ਵਾਪਸ ਨਹੀਂ ਆਉਣਾ। ਆਉਣ ਵਾਲੇ ਸਮੇਂ ਵਿਚ ਜ਼ੁਲਮ ਵਿਰੁੱਧ ਹਥਿਆਰ ਚੁੱਕਣੇ ਪੈਣਗੇ। ਉਹਨਾਂ ਬਾਲ (ਗੁਰੂ) ਹਰਿਗੋਬਿੰਦ ਜੀ ਨੂੰ ਸੂਚੇਤ ਕੀਤਾ ਕਿ ਗੁਰਗੱਦੀ ਤੇ ਸ਼ਸ਼ਤਰਧਾਰੀ ਹੋ ਕੇ ਬੈਠਣਾ ਹੈ। ਦੁਸ਼ਮਣ ਖਿਲਾਫ ਫੌਜ ਵੀ ਰੱਖਦੀ ਹੈ। ਇਸੇ ਫੌਜੀ ਕਾਰਵਾਈ ਨੂੰ ਅੱਗੇ ਜਾ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਫੌਜੀ ਖਾਲਸੇ ਦਾ ਰੂਪ ਦਿੱਤਾ।

ਗੁਰੂ ਹਰਿਗੋਬਿੰਦ ਸਾਹਿਬ ਜੀ 25 ਮਈ 1606 ਨੂੰ ਗੁਰਗੱਦੀ ਤੇ ਬਿਰਾਜਮਾਨ ਹੋਏ। ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੇ ਰਾਹ ਤੁਰਨ ਲਈ, ਆਪ ਜੀ ਨੇ ਦੋ ਤਲਵਾਰਾਂ 'ਮੀਰੀ ਤੇ ਪੀਰੀ' ਧਾਰਨ ਕਰ ਲਈਆਂ। ਗੁਰੂ ਜੀ ਨੇ ਸਿੱਖਾਂ ਨੂੰ ਸ਼ਿਕਾਰ ਖੇਡਣ ਅਤੇ ਸ਼ਸ਼ਤਰ ਵਿੱਦਿਆ, ਘੋੜ ਸਵਾਰੀ ਦੇ ਅਭਿਆਸਾਂ ਨਾਲ ਸੂਰਮਿਆਂ ਦੀ ਫੌਜ ਬਣਾ ਲਿਆ। ਮਾਲਵੇ ਦੁਆਬੇ ਦੇ 500 ਜੁਆਨ ਗੁਰੂ ਜੀ ਦੀ ਮਦਦ ਵਿਚ ਅੱਗੇ ਆਏ। ਗੁਰੂ ਜੀ ਦੇ ਸਮਾਜਿਕ ਕੰਮਾਂ ਜਿਵੇਂ ਬਿਪਤਾ ਅਤੇ ਕਾਲ ਦੇ ਸਮੇਂ ਸੰਗਤਾਂ ਦੀ ਸੇਵਾ ਕਰਨ ਅਤੇ ਸਾਂਝੀਵਾਲਤਾ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਕਈ ਮੁਸਲਮਾਨ ਵੀ ਗੁਰੂ ਜੀ ਦੀ ਫੌਜ ਵਿਚ ਭਰਤੀ ਹੋ ਗਏ।

ਸੰਨ 1609 ਵਿਚ ਗੁਰੂ ਜੀ ਨੇ ਅਕਾਲ ਤਖਤ ਦੀ ਉਸਾਰੀ ਹਰਿਮੰਦਰ ਸਾਹਿਬ ਜੀ ਦੇ ਸਾਹਮਣੇ ਕਰ ਲਈ। ਸੂਰਮਿਆਂ ਵਿਚ ਬੀਰ-ਰਸ ਭਰਨ ਲਈ ਯੋਧਿਆਂ ਦੀਆਂ ਵਾਰਾਂ ਦਾ ਗਾਇਨ ਸ਼ੁਰੂ ਕੀਤਾ। ਪਹਿਲਾ ਢਾਡੀ ਅਬਦੁੱਲਾ ਸੀ। ਗੁਰੂ ਜੀ ਦੀ ਵਧਦੀ ਹਰਮਨਪਿਆਰਤਾ ਤੋਂ ਜਹਾਂਗੀਰ ਔਖਾ ਸੀ। ਸੰਨ 1612 ਵਿਚ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਲਿਆ। ਉਥੇ ਪਹਿਲਾਂ ਵੀ 52 ਰਾਜੇ ਕੈਦ ਸਨ। ਜਿਹਨਾਂ ਨਾਲ ਬੜਾ ਮਾੜਾ ਸਲੂਕ ਹੋ ਰਿਹਾ ਸੀ। ਉਹ ਸਾਰੇ ਗੁਰੂ ਜੀ ਦੇ ਸਤਸੰਗੀ ਬਣ ਗਏ। ਫਕੀਰ ਮੀਆਂ ਮੀਰ ਦੇ ਕਹਿਣ ਤੇ ਗੁਰੂ ਜੀ ਦੀ ਰਿਹਾਈ ਦੇ ਹੁਕਮ ਹੋਏ। ਗੁਰੂ ਜੀ ਨੇ 52 ਰਾਜੇ ਵੀ ਰਿਹਾਅ ਕਰਨ 'ਤੇ ਸਹਿਮਤੀ ਦਿੱਤੀ। ਬਾਦਸ਼ਾਹ ਨੂੰ 52 ਰਾਜੇ ਵੀ ਰਿਹਾਅ ਕਰਨੇ ਪਏ। ਉਪਰੰਤ ਗੁਰੂ ਜੀ ਦਰਬਾਰ ਸਾਹਿਬ ਅੰਮ੍ਰਿਤਸਰ ਪੁੱਜੇ ਤਾਂ ਉਸ ਦਿਨ ਨੂੰ ਬੰਦੀ ਛੋੜ ਦਿਵਸ ਮਨਾਇਆ ਜਾਂਦਾ ਹੈ।

### ਗੁਰੂ ਜੀ ਦਾ ਜੰਗੀ ਜੀਵਨ

**1. ਅੰਮ੍ਰਿਤਸਰ ਦੀ ਜੰਗ–** ਮੁਗਲ ਬਾਦਸ਼ਾਹ ਜਹਾਂਗੀਰ ਦੀ 1627 ਵਿਚ ਮੌਤ ਹੋ ਗਈ, ਉਸਦਾ ਪੁੱਤਰ ਸ਼ਾਹਜਹਾਂ ਤਖਤ 'ਤੇ ਬੈਠਾ। ਸਮੇਂ ਦੇ ਹਾਕਮਾਂ ਨੇ ਸਿੱਖਾਂ ਦੇ ਵਿਰੁੱਧ ਉਸਦੇ ਕੰਨ ਭਰੇ। ਉਹ ਸਿੱਖਾਂ ਨਾਲ ਟੱਕਰ ਲੈਣ ਦਾ ਬਹਾਨਾ ਲੱਭਦਾ ਸੀ। 1628 ਨੂੰ ਅੰਮ੍ਰਿਤਸਰ ਦੇ ਨੇੜੇ ਗੁਮਟਾਲਾ ਵਿਖੇ ਸ਼ਾਹੀ ਸ਼ਿਕਾਰ ਖੇਡਿਆ ਜਾ ਰਿਹਾ ਸੀ, ਉਧਰ ਹੀ ਸਿੱਖਾਂ ਦਾ ਅਭਿਆਸੀ ਸ਼ਿਕਾਰੀ ਜਥਾ ਵੀ ਸ਼ਿਕਾਰ ਖੇਡ ਰਿਹਾ ਸੀ। ਬਾਦਸ਼ਾਹ ਦਾ ਇਕ ਬਾਜ ਸਿੱਖਾਂ ਦੇ ਹੱਥ ਆ ਗਿਆ। ਬਾਦਸ਼ਾਹ ਦੇ ਸ਼ਿਕਾਰੀ ਬੜੇ ਰੋਹਬ ਨਾਲ ਬਾਜ਼ ਵਾਪਸ ਮੰਗਣ ਆਏ। ਸਿੱਖਾਂ ਨੇ ਬਾਜ ਨਾ ਮੋੜਿਆ। ਬਾਦਸ਼ਾਹ ਸ਼ਾਹਜਹਾਨ ਨੇ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਆਉਣ ਲਈ ਮੁਖਲਿਸ ਖਾਂ ਦੀ ਕਮਾਨ ਹੇਠ ਸੱਤ ਹਜ਼ਾਰ ਦੀ ਫੌਜ ਭੇਜੀ।

ਗੁਰੂ ਜੀ ਆਪਣੀ ਸਪੁੱਤਰੀ ਬੀਬੀ ਵੀਰੋ ਜੀ ਦੇ ਵਿਆਹ ਦੀ ਤਿਆਰੀ ਵਿਚ ਸਨ। ਗੁਰੂ ਜੀ ਦੀ ਕੋਈ ਜੰਗੀ ਤਿਆਰੀ ਵੀ ਨਹੀਂ ਸੀ। ਜੰਗੀ ਸਮਾਨ ਵੀ ਕਾਫੀ ਨਹੀਂ ਸੀ। ਮੁਗਲਾਂ ਨੇ ਪਹਿਲਾਂ ਲੋਹਗੜ੍ਹ ਦੇ ਕਿਲੇ ਤੇ ਹਮਲਾ ਕੀਤਾ। ਥੋੜ੍ਹੇ ਜਿਹੇ ਸਿੱਖਾਂ ਨੇ ਸਖਤ ਮੁਕਾਬਲਾ ਕੀਤਾ। ਮੁਗਲਾਂ ਨੇ ਸ਼ਹਿਰ ਨੂੰ ਲੁੱਟਿਆ। ਉਹਨਾਂ ਨੇ ਗੁਰੂ ਜੀ ਦੀ ਜਾਇਦਾਦ ਅਤੇ ਪਵਿੱਤਰ ਨਿਵਾਸ ਨੂੰ ਵੀ ਲੁੱਟਿਆ। ਦੂਸਰੇ ਦਿਨ ਲੜਾਈ ਪਿਪਲੀ ਸਾਹਿਬ ਦੇ ਕੋਲ ਖਾਲਸਾ ਕਾਲਜ ਵਾਲੀ ਥਾਂ 'ਤੇ ਹੋਈ। ਗੁਰੂ ਜੀ ਦੇ ਨਾਲ ਸੂਰਬੀਰ ਯੋਧੇ ਭਾਈ ਬਿਧੀ ਚੰਦ, ਭਾਈ ਜੇਠਾ ਅਤੇ ਪੈਂਦੇ ਖਾਂ ਆਦਿ ਸਨ। ਸਿੰਘਾਂ ਨੇ ਮੁਗਲਾਂ ਨੂੰ ਬਹੁਤ ਭਜਾਇਆ। ਤੀਸਰੇ ਦਿਨ ਦੀ ਲੜਾਈ ਵਿਚ ਭਾਰੀ ਕਤਲੇਆਮ ਹੋਇਆ। ਗੁਰੂ ਜੀ ਨੇ ਲੱਕੜ ਦੀ ਤੋਪ ਚਲਾਈ। ਦੁਸ਼ਮਣ ਦੀ ਗਿਣਤੀ ਵਧੇਰੇ ਸੀ। ਗੁਰੂ ਜੀ ਕੋਲ 700 ਸਿਪਾਹੀ ਸਨ। ਗੁਰੂ ਜੀ ਨੇ ਆਪਣਾ ਪਰਿਵਾਰ ਸੁਰੱਖਿਅਤ ਝਬਾਲ ਭੇਜ ਦਿੱਤਾ। ਘਮਸਾਨ ਦੀ ਜੰਗ ਵਿਚ ਮੁਗਲਾਂ ਦੇ ਪੈਰ ਉਖੜ ਗਏ। ਗੁਰੂ ਜੀ ਨੇ ਖੰਡੇ ਨਾਲ ਮੁਖਲਿਸ ਖਾਂ ਦੇ ਟੋਟੇ ਕਰ ਦਿੱਤੇ। ਉਸ ਦੇ ਮਰਨ ਤੇ ਮੁਗਲ ਫੌਜ ਮੈਦਾਨ ਛੱਡ ਗਈ। ਮੁਗਲਾਂ ਅਤੇ ਸਿੱਖਾਂ ਦੀ ਇਸ ਪਹਿਲੀ ਹਥਿਆਰਬੰਦ ਜੰਗ ਵਿਚ ਗੁਰੂ ਜੀ ਦੀ ਪਹਿਲੀ ਜਿੱਤ ਸੀ। ਅਗਲੇ ਦਿਨ ਗੁਰੂ ਜੀ ਨੇ ਬੀਬੀ ਵੀਰੋ ਦਾ ਵਿਆਹ ਝਬਾਲ ਦੇ ਚੌਧਰੀ ਭਾਈ ਲੰਗਾਹ ਦੇ ਘਰ ਕਰ ਦਿੱਤਾ। ਇਸ ਪਹਿਲੀ ਜੰਗ ਦੀ ਯਾਦ ਵਿਚ ਗੁਰਦੁਆਰਾ ਸੰਗਰਾਣਾ ਸਾਹਿਬ ਸੁਸ਼ੋਭਿਤ ਹੈ।



**2. ਹਰਿਗੋਬਿੰਦਪੁਰ ਦੀ ਜੰਗ (1630)–** ਅੰਮ੍ਰਿਤਸਰ ਦੀ ਜੰਗ ਤੋਂ ਬਾਅਦ ਗੁਰੂ ਜੀ ਅੰਮ੍ਰਿਤਸਰ ਛੱਡ ਕੇ ਜਲੰਧਰ ਦੁਆਬੇ ਵਾਲੇ ਕਰਤਾਰਪੁਰ ਚਲੇ ਗਏ। ਉਥੋਂ ਆਪ ਗੁਰਦਾਸਪੁਰ ਦੇ ਨਗਰ ਗੋਬਿੰਦਪੁਰ ਗਏ। ਗੁਰੂ ਅਰਜਨ ਦੇਵ ਸਾਹਿਬ ਨੇ ਇਹ ਨਗਰ ਵਸਾਇਆ ਸੀ। ਕਿਉਂਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਨਗਰ ਦਾ ਵਿਸਥਾਰ ਕੀਤਾ ਤਾਂ ਇਸਦਾ ਨਾਂ ਹਰਿਗੋਬਿੰਦਪੁਰ ਪੈ ਗਿਆ। ਇੱਥੋਂ ਦਾ ਮਾਲੀਆ ਅਧਿਕਾਰੀ ਭਗਵਾਨ ਦਾਸ ਘਰੋੜ ਸਿੱਖਾਂ ਨਾਲ ਈਰਖਾ ਕਰਦਾ ਸੀ। ਸੰਨ 1630 ਵਿਚ ਉਹ ਇਕ ਜੰਗ ਵਿਚ ਮਾਰਿਆ ਗਿਆ ਸੀ। ਉਸਦੇ ਪੁੱਤਰ ਰਤਨ ਚੰਦ ਨੇ ਜਲੰਧਰ ਦੇ ਫੌਜਦਾਰ ਅਬਦੁੱਲਾ ਖਾਂ ਪਾਸੋਂ ਮਦਦ ਮੰਗੀ। ਉਸਨੇ ਚੜ੍ਹਾਈ ਕਰ ਦਿੱਤੀ। ਤਿੰਨ ਦਿਨ ਸਖਤ ਜੰਗ ਹੋਈ। ਅਬਦੁਲਾ ਖਾਂ ਤੇ ਰਤਨ ਚੰਦ ਨੂੰ ਗੁਰੂ ਜੀ ਨੇ ਮਾਰ ਮੁਕਾਇਆ। ਜਲੰਧਰ ਦੀ ਫੌਜਮੈਦਾਨ ਛੱਡ ਗਈ। ਗੁਰੂ ਜੀ ਨੇ ਜੰਗੀ ਸ਼ਹੀਦਾਂ ਦਾ ਸਸਕਾਰ ਕੀਤਾ, ਜਿੱਥੇ ਗੁਰਦੁਆਰਾ ਦਮਦਮਾ ਸਾਹਿਬ ਸੁਸ਼ੋਭਿਤ ਹੈ।

**3. ਮਹਿਰਾਜ ਦੀ ਜੰਗ (1631)–** ਕਾਬਲ ਦਾ ਮਸੰਦ ਗੁਰੂ ਜੀ ਵਾਸਤੇ ਬਹੁਤ ਹੀ ਵਧੀਆ ਨਸਲ ਦੇ ਘੋੜੇ ਲੈ ਆਇਆ। ਲਾਹੌਰ ਦੇ ਸੂਬੇਦਾਰ ਨੇ ਉਹ ਘੋੜੇ ਖੋਹ ਲਏ। ਭਾਈ ਬਿਧੀ ਚੰਦ ਆਪਣੀ ਜੁਗਤ ਨਾਲ ਉਹ ਘੋੜੇ ਵਾਪਸ ਲੈ ਆਇਆ। ਲਾਲਬੇਗ ਅਤੇ ਕਰਮਬੇਗ ਦੀ ਕਮਾਨ ਹੇਠ 20 ਕੁ ਹਜ਼ਾਰ ਦੀ ਫੌਜ ਗੁਰੂ ਜੀ ਦੇ ਵਿਰੁੱਧ ਚੜ੍ਹ ਆਈ। ਸ਼ਾਹੀ ਫੌਜ 1631 ਵਿਚ ਸਤਲੁਜ ਤੋਂ ਪਾਰ ਆਈ। ਗੁਰੂ ਜੀ ਨੇ ਮਹਿਰਾਜ਼ ਦੇ ਨੇੜੇ ਨਥਾਣੇ ਦੀ ਢਾਬ ਤੇ ਮੋਰਚੇ ਲਾ ਲਏ। ਦੋ ਦਿਨ ਦੀ ਸਖਤ ਜੰਗ ਵਿਚ ਲੋਥਾਂ ਦੇ ਢੇਰ ਲੱਗ ਗਏ। ਲਲਾ ਬੇਗ ਨੇ ਗੁਰੂ ਜੀ ਨੂੰ ਆਹਮੋ-ਸਾਹਮਣੇ ਜੰਗ ਕਰਨ ਲਈ ਲਲਕਾਰਿਆ। ਪਹਿਲਾਂ ਤੀਰਾਂ ਨਾਲ ਜੰਗ ਹੋਈ, ਫਿਰ ਤਲਵਾਰਾਂ ਨਾਲ। ਲਲਾਬੇਗ ਮਾਰਿਆ ਗਿਆ। ਉਸਦੀ ਫੌਜ ਵੀ ਭੱਜ ਗਈ। ਇਸ ਜੰਗ ਵਿਚ1200 ਸਿੰਘ ਸ਼ਹੀਦ ਹੋਏ। ਸ਼ਾਹੀ ਫੌਜ ਦਾ ਇਸ ਤੋਂ ਵੀ ਵੱਧ ਨੁਕਸਾਨ ਹੋਇਆ। ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ। ਜੰਗ ਦੀ ਜਗ੍ਹਾ ਤੇ ਗੁਰੂਸਰ ਤਾਲ ਬਣਾਇਆ।

**4. ਕਰਤਾਰਪੁਰ ਦੀ ਜੰਗ (1634)–** ਮਹਿਰਾਜ ਦੀ ਜੰਗ ਤੋਂ ਬਾਅਦ ਗੁਰੂ ਜੀ ਕਰਤਾਰਪੁਰ (ਜਲੰਧਰ) ਚਲੇ ਗਏ। ਕੁਝ ਸਮਾਂ ਪਹਿਲਾਂ ਵੀ ਜਦੋਂ ਗੁਰੂ ਜੀ ਕਰਤਾਰਪੁਰ ਠਹਿਰੇ ਸਨ ਤਾਂ ਉਹਨਾਂ ਕੁਝ ਮੁਸਲਮਾਨ ਪਠਾਣ ਨੌਕਰ ਰੱਖੇ ਸਨ। ਇਹਨਾਂ ਵਿਚ ਪੈਂਦੇ ਖਾਂ ਵੀ ਗੁਰੂ ਜੀ ਦਾ ਵਫਾਦਾਰ ਸੀ। ਪਿਪਲੀ ਸਾਹਿਬ-ਅੰਮ੍ਰਿਤਸਰ ਦੀ ਜੰਗ ਵਿਚ ਇਸਨੇ ਚੰਗੇ ਜੰਗੀ ਜੌਹਰ ਦਿਖਾਏ ਸਨ। ਫਿਰ ਉਸਨੂੰ ਹੰਕਾਰ ਹੋ ਗਿਆ ਕਿ ਗੁਰੂ ਜੀ ਦੀ ਜੰਗੀ ਸ਼ਕਤੀ ਉਸੇ ਕਰਕੇ ਹੀ ਹੈ। ਗੁਰੂ ਜੀ ਨੇ ਉਸਨੂੰ ਨੌਕਰੀ ਤੋਂ ਕੱਢ ਦਿੱਤਾ। ਉਹ ਬਾਦਸ਼ਾਹ ਕੋਲ ਜਾ ਨੌਕਰ ਹੋਇਆ। ਉਸਨੇ ਬਾਦਸ਼ਾਹ ਨੂੰ ਗੁਰੂ ਜੀ ਵਿਰੁੱਧ ਤਕੜੀ ਫੌਜ ਭੇਜਣ ਲਈ ਉਕਸਾਇਆ। ਸ਼ਾਹੀ ਫੌਜ ਦੀ ਕਮਾਨ ਕਾਲੇ ਖਾਂ ਕੋਲ ਸੀ। ਕਾਲੇ ਖਾਂ ਅੰਮ੍ਰਿਤਸਰ ਦੀ ਜੰਗ ਵਿਚ ਮਾਰੇ ਗਏ ਮੁਖਲਿਸ ਖਾਂ ਦਾ ਭਰਾ ਸੀ। ਪੈਂਦੇ ਖਾਂ ਅਤੇ ਜਲੰਧਰ ਦਾ ਫੌਜਦਾਰ ਕਤਬ ਖਾਂ ਉਸਦੇ ਸਹਾਇਕ ਸਨ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸੰਨ 1634 ਵਿਚ ਕਰਤਾਰਪੁਰ ਦੀ ਜੰਗ ਹੋਈ। ਸ਼ਾਹੀ ਫੌਜ ਨੇ ਸ਼ਹਿਰ ਨੂੰ ਘੇਰਾ ਪਾ ਲਿਆ। ਸਿੰਘਾਂ ਨੇ ਕਮਾਲ ਦੇ ਜੰਗੀ ਜੌਹਰ ਦਿਖਾਏ। ਇਸ ਧਰਮ ਜੰਗ ਦੀ ਅਗਵਾਈ ਬਾਬਾ ਗੁਰਦਿੱਤਾ ਜੀ ਅਤੇ ਭਾਈ ਬਿਧੀ ਚੰਦ ਜੀ ਕਰ ਰਹੇ ਸਨ। ਸਿੰਘਾਂ ਨੇ ਸ਼ਾਹੀ ਫੌਜ ਨੂੰ ਭੜਥੂ ਪਾ ਦਿੱਤਾ। ਬਾਲ (ਗੁਰੂ) ਤੇਗ ਬਹਾਦਰ ਜੀ ਵੀ 14 ਕੁ ਸਾਲਾਂ ਦੇ ਸਨ, ਕਮਾਲ ਦੀ ਬਹਾਦਰੀ ਨਾਲ ਜੰਗ ਲੜੇ। ਘਮਸਾਨ ਦੀ ਜੰਗ ਵਿਚ ਕਾਲੇ ਖਾਂ ਅਸਮਾਨ ਖਾਂ ਆਦਿ ਪਠਾਣ ਮਾਰੇ ਗਏ। ਪੈਂਦੇ ਖਾਂ ਦੀ ਗੁਰੂ ਜੀ ਨਾਲ ਹੱਥੋਂ-ਹੱਥ ਜੰਗ ਹੋਈ। ਗੁਰੂ ਜੀ ਨੇ ਉਸਨੂੰ ਪਹਿਲਾਂ ਵਾਰ ਕਰਨ ਅਤੇ ਸਾਰਾ ਗੁੱਸਾ ਕੱਢ ਲੈਣ ਦਾ ਮੋਕਾ ਦਿੱਤਾ। ਉਸਦੇ ਸਾਰੇ ਵਾਰ ਅਸਫਲ ਰਹੇ। ਗੁਰੂ ਜੀ ਨੇ ਤਲਵਾਰ ਨਾਲ ਅਜਿਹਾ ਵਾਰ ਕੀਤਾ ਕਿ ਉਹ ਗੁਰੂ ਜੀ ਦੇ ਚਰਨਾਂ ਵਿਚ ਡਿੱਗ ਪਿਆ। ਗੁਰੂ ਜੀ ਨੇ ਕਿਹਾ ਕਿ ਹੁਣ ਆਪਣੇ ਧਰਮ ਿਆਂ ਕਲਮਾਂ ਪੜ੍ਹਨ ਦਾ ਵੇਲਾ ਹੈ। ਉਹ ਆਖਰੀ ਸਾਹਾਂ 'ਤੇ ਸੀ। ਗੁਰੂ ਜੀ ਨੇ ਧੁੱਪ ਤੋਂ ਬਚਾਉਣ ਲਈ ਆਪਣੀ ਢਾਲ ਨਾਲ ਉਸਦੇ ਚਿਹਰੇ ਤੇ ਛਾਂ ਕੀਤੀ। ਉਸਨੇ ਕਿਹਾ ਕਿ ਗੁਰੂ ਜੀ ਤੁਹਾਡੀ ਤਲਵਾਰ ਹੀ ਮੇਰਾ ਕਲਮਾ ਤੇ ਮੁਕਤੀ ਦਾਤਾ ਹੈ। ਪੈਂਦੇ ਖਾਂ ਦੇ ਮਰਨ ਤੇ ਸ਼ਾਹੀ ਫੌਜ ਵਿਚ ਭਗਦੜ ਮੱਚ ਗਈ, ਉਹ ਨੱਸ ਗਏ। ਗੁਰੂ ਜੀ ਪਰਿਵਾਰ ਸਮੇਤ ਕੀਰਤਪੁਰ ਨੂੰ ਤੁਰ ਪਏ।

**5. ਕੀਰਤਪੁਰ ਦੀ ਜੰਗ (1634)–** ਇਹ ਜੰਗ ਗੁਰੂ ਜੀ ਦੇ ਜੰਗੀ ਜੀਵਨ ਦੀ ਆਖਰੀ ਜੰਗ ਸੀ। ਸੰਨ 1634 ਦੀ ਇਹ ਜੰਗ ਪਡਿਆਲਾ ਕਰਕੇ ਵੀ ਜਾਣੀ ਜਾਂਦੀ ਹੈ। ਗੁਰੂ ਜੀ ਜਦੋ ਕੁਰਖਸ਼ੇਤ ਤੋਂ ਕੀਰਤਪੁਰ ਜਾ ਰਹੇ ਸਨ। ਮੁਗਲ ਪਠਾਣ ਗੁਰੂ ਜੀ ਦੀ ਵਧਦੀ ਤਾਕਤ ਵੇਖ ਕੇ ਈਰਖਾ ਵਿਚ ਸਨ। ਉਹਨਾਂ ਨੇ ਗੁਰੂ ਜੀ ਨੂੰ ਖਰੜ ਵਿਖੇ ਘੇਰਨ ਦੀ ਵਿਉੱਤ ਬਣਾਈ। ਸਿੰਘ ਜੋ 1632 ਤੋਂ ਪਿੰਡ ਨੰਗਲ ਸਿੰਘੀਆਂ ਵਿਖੇ ਰਹਿ ਰਹੇ ਸਨ, ਨੂੰ ਖਬਰ ਮਿਲੀ ਤਾਂ ਉਹ ਗੁਰੂ ਜੀ ਦੀ ਰੱਖਿਆ ਅਤੇ ਸਤਿਕਾਰ ਲਈ ਮੁਗਲ ਪਠਾਣਾਂ ਵਿਰੁੱਧ ਜੰਗ ਵਿਚ ਉਤਰ ਆਏ। ਉਹ ਸਿੰਘ ਆਪਣੇ ਖੂਨ ਦੇ ਆਖਰੀ ਕਤਰੇ ਤੱਕ ਲੜੇ ਅਤੇ ਉਹਨਾਂ ਮੁਗਲ ਪਠਾਣਾਂ ਨੂੰ ਜੰਗ ਵਿਚ ਉਲਝਾਈ ਰੱਖਿਆ। ਉਹਨਾਂ ਗੁਰੂ ਜੀ ਦੇ ਲੰਘਣ ਲਈ ਰਸਤਾ ਸੁਰੱਖਿਅਤ ਬਣਾ ਦਿੱਤਾ। ਜਦੋਂ ਗੁਰੂ ਜੀ ਪਡਿਆਲਾ ਪਹੁੰਚੇ ਤਾਂ ਉਹਨਾਂ ਨੇ ਸ਼ਹੀਦਾਂ ਨੂੰ ਮੁਕਤੀ ਦਾ ਵਰ ਦਿੱਤਾ।

ਸਿੰਘਾਂ ਦਾ ਹੱਥੀਂ ਸਸਕਾਰ ਕਰਕੇ ਗੁਰੂ ਜੀ ਬ੍ਰਾਹਮਣ ਮਾਜਰਾ ਵੱਲ ਚਲੇ ਗਏ, ਜਿੱਥੇ ਕਿ ਇਕ ਬ੍ਰਾਹਮਣ ਨੇ ਫਰਿਆਦ ਕੀਤੀ ਕਿ ਉਸਦੀ ਪਤਨੀ ਦਾ ਡੋਲਾ ਰੋਪੜ ਦੇ ਮੁਗਲ ਪਠਾਣ ਲੈ ਗਏ ਹਨ। ਸਿੰਘਾਂ ਨੇ ਉਹਨਾਂ ਦੀ ਰੱਖਿਆ ਵਿਚ ਮੁਗਲ ਪਠਾਣਾਂ ਨੂੰ ਭਜਾ ਦਿੱਤਾ। ਗੁਰੂ ਜੀ ਨੇ ਇਸ ਮੈਦਾਨ ਵਿਚ ਜਿੱਤ ਦਾ ਨਿਸ਼ਾਨ ਸਾਹਿਬ ਲਹਿਰਾਇਆ, ਜਿੱਥੇ ਗੁਰਦੁਆਰਾ ਝੰਡਾ ਸਾਹਿਬ ਪਡਿਆਲਾ ਕੁਰਾਲੀ ਸੁਸ਼ੋਭਿਤ ਹੈ।

ਗੁਰੂ ਜੀ ਦਾ ਉਪਦੇਸ਼ ਹੈ ਕਿ ਸ਼ਬਦ ਗੁਰੂ ਦੇ ਗਿਆਨ ਨਾਲ ਕਰਮਕਾਂਡਾਂ ਝੂਠੇ ਕਰਮਾਂ ਦੀ ਕੈਦ ਵਿਚੋਂ ਮੁਕਤ ਹੋਣਾ ਹੈ। ਉਹਨਾਂ ਰਾਮਸਰ ਬਿਬੇਕ ਸਰ ਨਾਂ ਦੇ ਸਰੋਵਰ ਬਣਾਏ। ਅੰਮ੍ਰਿਤਸਰ ਨੂੰ ਖੁਦਮੁਖਤਿਆਰ ਅਤੇ ਸੁਰੱਖਿਅਤ ਬਣਾਉਣ ਵਾਸਤੇ ਲੋਹਗੜ੍ਹ ਕਿਲਾ ਉਸਾਰਿਆ।

# ਮੁੜ ਦਿੱਲੀ ਚੱਲੋ: ਕਿਸਾਨਾਂ ਦੇ ਕਾਫ਼ਲੇ ਦਿੱਲੀ ਰਵਾਨਾ

**ਚੰਡੀਗੜ੍ਹ–** ਪੰਜਾਬ ਵਿੱਚ ਖੇਤੀ ਕਾਨੂੰਨਾਂ ਖ਼ਿਲਾਫ਼ ਪਿਛਲੇ ਸਾਢੇ 6 ਮਹੀਨਿਆਂ ਤੋਂ ਮੈਦਾਨ 'ਚ ਡਟੀਆਂ ਕਿਸਾਨ ਜਥੇਬੰਦੀਆਂ ਵੱਲੋਂ ਵਾਢੀ ਤੋਂ ਵਿਹਲੇ ਹੋ ਰਹੇ ਕਿਸਾਨਾਂ ਅਤੇ ਹੋਰਨਾਂ ਸਹਿਯੋਗੀਆਂ ਨੂੰ ਦਿੱਲੀ ਦੇ ਮੋਰਚਿਆਂ ਵਿੱਚ ਡਟਣ ਦੇ ਦਿੱਤੇ ਸੱਦੇ ਤਹਿਤ ਅੱਜ ਬਠਿੰਡਾ, ਮਾਨਸਾ, ਸੰਗਰੂਰ, ਮਾਨਸਾ, ਪਟਿਆਲਾ, ਫਿਰੋਜ਼ਪੁਰ ਤੋਂ ਦਰਜਨਾਂ ਕਾਫ਼ਲੇ ਟਿਕਰੀ ਅਤੇ ਸਿੰਘੂ ਬਾਰਡਰ, ਦਿੱਲੀ ਲਈ ਹੋਏ।

ਖੇਤੀ ਕਾਨੂੰਨਾਂ ਖ਼ਿਲਾਫ਼ ਸੂਬੇ ਦੀਆਂ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਭਾਜਪਾ ਨਾਲ ਸਬੰਧਤ ਆਗੂਆਂ ਦੇ ਘਰਾਂ ਮੂਹਰੇ, ਟੌਲ ਪਲਾਜ਼ਿਆਂ 'ਤੇ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਮੂਹਰੇ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਅੰਦਰ, ਨਿੱਜੀ ਖੇਤਰ ਦੇ ਥਰਮਲ ਪਲਾਂਟ ਅਤੇ ਮੋਗਾ ਦੇ ਸਾਈਲੋ ਅੱਗੇ ਧਰਨੇ ਸਮੇਤ ਸਵਾ ਸੌ ਤੋਂ ਵੱਧ ਥਾਵਾਂ 'ਤੇ ਅੱਜ ਵੀ ਧਰਨੇ ਜਾਰੀ ਰਹੇ। ਇਨ੍ਹਾਂ ਧਰਨਿਆਂ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਕਿਸਾਨ ਤਿੰਨੇ ਖੇਤੀ ਕਾਨੂੰਨ ਰੱਦ ਕਰਾਉਣ ਤੇ ਹੋਰਨਾਂ ਮੰਗਾਂ ਦੀ ਪ੍ਰਾਪਤੀ ਲਈ ਦ੍ਰਿੜ੍ਹ ਹਨ ਤੇ ਇਹ ਸੰਘਰਸ਼ ਕਿਸੇ ਤਰ੍ਹਾਂ ਦੀਆਂ ਪਾਬੰਦੀਆਂ ਨਾਲ ਡੱਕਿਆ ਨਹੀਂ ਜਾ ਸਕਦਾ। ਧਰਨਿਆਂ 'ਚ ਅੱਜ ਦਾ ਦਿਨ ਕਿਸਾਨਾਂ ਨੇ ਲੋਕ ਕਵੀ ਸੰਤ ਰਾਮ ਉਦਾਸੀ ਅਤੇ ਭਗਤ ਧੰਨਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਕੀਤਾ।



ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਸੱਦਾ ਦਿੱਤਾ ਕਿ ਜਿਹੜੇ ਪਿੰਡਾਂ 'ਚ ਹਾੜ੍ਹੀ ਦਾ ਕੰਮ ਨਿੱਬੜ ਗਿਆ ਹੈ, ਉੱਥੋਂ ਵੱਧ ਤੋਂ ਵੱਧ ਕਿਸਾਨ-ਮਜ਼ਦੂਰ ਦਿੱਲੀ ਦੀਆਂ ਹੱਦਾਂ 'ਤੇ ਪਹੁੰਚਣ। ਉਨ੍ਹਾਂ ਕਿਹਾ ਕਿ ਕਿਸੇ ਵੀ ਸੰਭਾਵਿਤ ਖ਼ਤਰੇ ਦੇ ਮੱਦੇਨਜ਼ਰ ਤਿਆਰ-ਬਰ-ਤਿਆਰ ਰਹਿਣਾ ਚਾਹੀਦਾ ਹੈ। ਉਧਰ, ਅਡਾਨੀਆਂ ਦੀ ਖੁਸ਼ਕ ਬੰਦਰਗਾਹ ਕਿਲਾ ਰਾਏਪੁਰ ਅੱਗੇ ਖੇਤੀ ਕਾਨੂੰਨਾਂ ਖ਼ਿਲਾਫ਼ ਚੱਲ ਰਹੇ ਪੱਕੇ ਮੋਰਚੇ 'ਤੇ ਕਿਸਾਨ ਬੀਬੀਆਂ ਨੇ ਪਹਿਰਾ ਲਾ ਦਿੱਤਾ ਹੈ। ਬੀਬੀਆਂ ਨੇ ਐਲਾਨ ਕੀਤਾ ਹੈ ਕਿ ਵਾਢੀ ਦੌਰਾਨ ਰਾਤ ਨੂੰ ਵੀ ਔਰਤਾਂ ਮੋਰਚੇ ਉੱਤੇ ਡਟਣਗੀਆਂ।

ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਦੀਆਂ ਕੁਝ ਅਨਾਜ ਮੰਡੀਆਂ ਵਿੱਚ ਬਾਰਦਾਨੇ ਦੀ ਕਿੱਲਤ ਕਾਰਨ ਕਿਸਾਨਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਦੇ ਆਗੂ ਟੀਮਾਂ ਬਣਾ ਕੇ ਮੰਡੀਆਂ ਵਿੱਚ ਕਿਸਾਨਾਂ ਦੀਆਂ ਮੁਸ਼ਕਿਲਾਂ ਸੁਣ ਰਹੇ ਹਨ। ਸਰਕਾਰ ਖ਼ਿਲਾਫ਼ ਮੁਜ਼ਾਹਰੇ ਵੀ ਕੀਤੇ ਗਏ ਹਨ। ਮੌਸਮ ਖ਼ਰਾਬ ਹੋਣ ਕਾਰਨ ਕਿਸਾਨ ਪ੍ਰੇਸ਼ਾਨ ਹਨ। ਉਨ੍ਹਾਂ ਪੰਜਾਬ ਸਰਕਾਰ ਤੋਂ ਬਾਰਦਾਨੇ ਦੀ ਘਾਟ ਪੂਰੀ ਕਰਦਿਆਂ ਮੰਡੀਆਂ ਵਿੱਚ ਖਰੀਦ ਪ੍ਰਕਿਰਿਆ ਮੁਕੰਮਲ ਕਰਨ ਦੀ ਮੰਗ ਕੀਤੀ।

### ਸੰਸਦ ਘੇਰਨ ਦਾ ਪ੍ਰੋਗਰਾਮ ਮੁਲਤਵੀ ਕਰਨ ਦੇ ਫ਼ੈਸਲੇ ਦੀ ਦਲ ਖਾਲਸਾ ਵੱਲੋਂ ਨਿਖੇਧੀ

ਖੇਤੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਕਰ ਰਹੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਮਈ ਮਹੀਨੇ ਸੰਸਦ ਘੇਰਨ ਦੇ ਦਿੱਤੇ ਪ੍ਰੋਗਰਾਮ ਨੂੰ ਦੂਜੀ ਵਾਰ ਮੁਲਤਵੀ ਕਰਨ ਦੇ ਫ਼ੈਸਲੇ ਦੀ ਸਿੱਖ ਜਥੇਬੰਦੀ ਦਲ ਖਾਲਸਾ ਨੇ ਨਿਖੇਧੀ ਕੀਤੀ ਹੈ। ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਮੋਰਚੇ ਦੇ ਆਗੂਆਂ ਵੱਲੋਂ ਆਪਣੇ ਪ੍ਰੋਗਰਾਮ ਵਾਰ ਵਾਰ ਬਦਲੇ ਜਾ ਰਹੇ ਹਨ। ਇਸ ਨਾਲ ਨੌਜਵਾਨ ਵਰਗ ਨੂੰ ਨਿਰਾਸ਼ਾ ਹੋਈ ਹੈ।

## ਗਦਰੀ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਬਾਰੇ 22 ਅਪ੍ਰੈਲ 'ਤੇ ਵਿਸ਼ੇਸ਼

# ਗਦਰੀ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਕਰਨੀ ਨੂੰ ਕਦੇ ਵੀ ਨਹੀਂ ਭੁਲਾਇਆ ਜਾ ਸਕਦਾ



ਕੁਲਦੀਪ ਚੰਦ
91-9417563054

ਸਾਡੇ ਦੇਸ਼ ਵਿੱਚ ਵਰਣ ਵਿਵਸਥਾ ਅਤੇ ਜਾਤਿ ਪ੍ਰਥਾ ਪ੍ਰਭਾਵੀ ਹੋਣ ਕਾਰਨ ਸਮਾਜ ਦੇ ਸਭ ਤੋਂ ਹੇਠਲੇ ਵਰਗ ਦੇ ਲੋਕਾਂ ਦੀ ਜਿੰਦਗੀ ਸਦੀਆਂ ਤੱਕ ਤਰਸਯੋਗ ਹੀ ਰਹੀ ਹੈ। ਦੇਸ਼ ਵਿੱਚ ਫੈਲੀ ਛੂਆ-ਛਾਤ ਕਾਰਨ ਇਸ ਵਰਗ ਨਾਲ ਸਬੰਧਿਤ ਲੋਕਾਂ ਨਾਲ ਕਈ ਵਾਰ ਜਾਨਵਰਾਂ ਤੋਂ ਵੀ ਮਾੜਾ ਵਤੀਰਾ ਕੀਤਾ ਜਾਂਦਾ ਸੀ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਮੇਂ ਸਮੇਂ ਤੇ ਸਮਾਜ ਦੇ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਇਸ ਧਰਤੀ ਤੇ ਮਹਾਂਪੁਰਖਾਂ ਨੇ ਜਨਮ ਲਿਆ ਅਤੇ ਮਨੁਖਤਾ ਦੇ ਭਲੇ ਲਈ ਕੰਮ ਕੀਤਾ। ਇਨ੍ਹਾਂ ਵਿੱਚ ਇੱਕ ਨਾਮ ਗਦਰੀ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਹੈ ਜਿਨ੍ਹਾਂ ਨੇ ਪੰਜਾਬ ਦੀ ਧਰਤੀ ਤੇ ਜਨਮ ਲੈਕੇ ਸੰਘਰਸ਼ ਕੀਤਾ ਅਤੇ ਲਿਤਾੜ੍ਹੇ ਵਰਗਾਂ ਦੇ ਵਿਕਾਸ ਲਈ ਕੰਮ ਕੀਤਾ। ਬਾਬੂ ਮੰਗੂ ਰਾਮ ਦਾ ਜਨਮ 14 ਜਨਵਰੀ, 1886 ਨੂੰ ਪਿੰਡ ਮੂਗੋਵਾਲ ਤਹਿਸੀਲ ਮਾਹਿਲਪੁਰ ਜਿਲ੍ਹਾ ਹੁਸ਼ਿਆਰਪੁਰ ਵਿੱਚ ਇੱਕ ਅਛੂਤ ਪਰਿਵਾਰ ਵਿੱਚ ਮਾਤਾ ਅਤਰੀ ਅਤੇ ਪਿਤਾ ਹਰਨਾਮ ਦਾਸ ਦੇ ਘਰ ਹੋਇਆ। ਸਮਾਜ ਦੀ ਅਖੌਤੀ ਵਰਣ ਵਿਵਸਥਾ ਕਾਰਨ ਆਪ ਦੇ ਪਰਿਵਾਰ ਨੂੰ ਬਾਕੀ ਅਛੂਤਾਂ ਵਾਂਗ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ ਵਿਤਕਰੇ ਸ਼ਿਕਾਰ ਹੋਣਾ ਪੈਂਦਾ ਸੀ। ਬਾਬੂ ਜੀ ਦੀ ਉਮਰ ਲੱਗਭੱਗ ਤਿੰਨ ਸਾਲ ਦੀ ਹੀ ਸੀ ਜਦੋਂ ਉਨ੍ਹਾਂ ਦੀ ਮਾਤਾ ਦੀ ਮੋਤ ਹੋ ਗਈ। ਆਪ ਨੇ ਪੰਜਾਬੀ ਦੀ ਸਿੱਖਿਆ ਅਪਣੇ ਪਿੰਡ ਵਿੱਚ ਹੀ ਇੱਕ ਡੇਰੇ ਦੇ ਸਾਧੂ ਤੋਂ ਪ੍ਰਾਪਤ ਕੀਤੀ ਅਤੇ ਬਾਦ ਵਿੱਚ ਬਜਵਾੜਾ ਸਕੂਲ ਅਤੇ ਦੇਹਰਾਦੂਨ ਵਿੱਚ ਪੜ੍ਹੇ ਅਤੇ ਅੰਗਰੇਜੀ ਵਿੱਚ ਗਿਆਨ ਹਾਸਲ ਕੀਤਾ। ਬਾਬੂ ਜੀ ਬਹੁਤੇ ਸਕੂਲਾਂ ਵਿੱਚ ਦਾਖਲ ਹੋਣ ਵਾਲੇ ਪਹਿਲੇ ਅਤੇ ਇਕੱਲੇ ਦਲਿਤ ਵਿਦਿਆਰਥੀ ਸਨ ਅਤੇ ਉਨ੍ਹਾਂ ਨੂੰ ਕਈ ਵਾਰ ਕਲਾਸ ਦੇ ਕਮਰੇ ਤੋਂ ਬਾਹਰ ਹੀ ਬੈਠਕੇ ਪੜ੍ਹਨਾ ਪੈਂਦਾ ਸੀ। ਪੜ੍ਹਾਈ ਵਿੱਚ ਹੁਸਿਆਰ ਹੋਣ ਦੇ ਬਾਬਜੂਦ ਅਧਿਆਪਕਾਂ ਦੇ ਜਾਤ ਅਧਾਰਿਤ ਵਿਤਕਰੇ ਕਾਰਨ ਆਪ ਨੂੰ ਪੜ੍ਹਾਈ ਛੱਡਕੇ ਅਪਣੇ ਪਿਤਾ ਨਾਲ ਚਮੜੇ ਦਾ ਕੰਮ ਕਰਨਾ ਪਿਆ। ਆਪ 1909 ਵਿੱਚ ਯੂ ਐਸ ਏ ਚਲੇ ਗਏ। ਇੱਥੇ ਆਪ ਨੇ ਕੁੱਝ ਸਾਲ ਫਰੈਸਨੋ ਅਤੇ ਕੈਲਫੋਰਨੀਆ ਨਾਲ ਲੱਗਦੇ ਇਲਾਕਿਆਂ ਵਿੱਚ ਪਿੰਡ ਦੇ ਹੀ ਜਿਮੀਂਦਾਰਾਂ ਕੋਲ ਖੇਤਾਂ ਵਿੱਚ ਹੀ ਕੰਮ ਕੀਤਾ। ਇਸ ਸਮੇਂ ਦੌਰਾਨ ਹੀ ਨਵੰਬਰ, 1913 ਵਿੱਚ ਗਦਰ ਲਹਿਰ ਸਥਾਪਿਤ ਕੀਤੀ ਗਈ ਜੋਕਿ ਬਰਤਾਨੀਆਂ ਬਸਤੀਵਾਦ ਤੋਂ ਭਾਰਤ ਨੂੰ ਅਜ਼ਾਦ ਕਰਵਾਉਣ ਦੀ ਮੁਹਿੰਮ ਚਲਾ ਰਹੀ ਸੀ। ਗਦਰ ਲਹਿਰ ਵਿੱਚ ਬੇਸੱਕ ਗਿਣਤੀ ਦੇ ਦਲਿਤ ਹੀ ਸਾਮਲ ਸਨ ਪਰ ਇਸ ਵਿੱਚ ਕਿਸੇ ਨਾਲ ਵੀ ਜਾਤ ਅਧਾਰਿਤ ਵਿਤਕਰਾ ਨਹੀਂ ਸੀ। ਆਪ ਗਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾ ਦੇ ਸੰਪਰਕ ਵਿੱਚ ਆ ਗਏ ਅਤੇ ਗਦਰ ਲਹਿਰ ਨਾਲ ਜੁੜ੍ਹ ਗਏ। ਗਦਰ ਲਹਿਰ ਵਲੋਂ ਇੱਕ ਬਹੁਤ ਹੀ ਖਤਰਨਾਕ ਮਿਸ਼ਨ ਉਲੀਕਿਆ ਗਿਆ ਜਿਸ ਵਿੱਚ ਭਾਰਤ ਦੀ ਅਜ਼ਾਦੀ ਦੀ ਲੜਾਈ ਲਈ ਹਥਿਆਰਾਂ ਦਾ ਇੱਕ ਜ਼ਹਾਜ ਸਮੁੰਦਰ ਰਸਤੇ ਭਾਰਤ ਲਿਜਾਉਣਾ ਸੀ। ਇਸ ਮਿਸ਼ਨ ਦੀ ਅਗਵਾਈ ਲਈ ਜਿੰਮੇਵਾਰੀ ਆਪ ਅਤੇ ਕੁੱਝ ਹੋਰ ਸਾਥੀਆਂ ਨੂੰ ਦਿੱਤੀ ਗਈ ਪਰੰਤੂ ਇਸਦੀ ਸੂਚਨਾ ਪਹਿਲਾਂ ਹੀ ਬਰਤਾਨੀਆ ਸਰਕਾਰ ਨੂੰ ਲੱਗ ਗਈ। ਇਹ ਮਿਸ਼ਨ ਜਿਸਨੂੰ ਬਾਬੂ ਜੀ ਸਮੇਤ ਗਦਰ ਲਹਿਰ ਦੇ ਪੰਜ ਆਗੂ ਲੈਕੇ ਆ ਰਹੇ ਸਨ ਜੋਕਿ 1915 ਵਿੱਚ ਚੱਲਿਆ ਪਰੰਤੂ ਕੁੱਝ ਗਦਾਰਾਂ ਦੀ ਸੂਹ ਤੇ ਬਰਤਾਨੀਆਂ ਸਰਕਾਰ ਨੇ ਸਮੁੰਦਰ ਵਿੱਚ ਹੀ ਤੋਪਾਂ ਨਾਲ ਉਡਾ ਦਿਤਾ। ਇਸ ਹਾਦਸੇ ਵਿੱਚ ਆਪ ਬਚ ਗਏ ਅਤੇ ਕਿਸੇ ਤਰੀਕੇ ਨਾਲ ਫਿਲਪਾਈਨ (ਮਨੀਲਾ) ਪਹੁੰਚ ਗਏ, ਫਿਰ ਉਥੋਂ ਸ਼੍ਰੀ ਲੰਕਾ ਨੂੰ ਆ ਗਏ। ਆਖਰ ਸੋਲ੍ਹਾਂ ਸਾਲ ਬਾਅਦ 1925 ਵਿੱਚ ਆਪ ਸ਼੍ਰੀ ਲੰਕਾ ਤੋਂ ਦੱਖਣੀ ਭਾਰਤ ਬੰਬੇ ਆ ਪਹੁੰਚੇ। ਆਪ ਨੇ ਦੇਸ ਦੇ ਵੱਖ ਵੱਖ ਭਾਗਾਂ ਵਿੱਚ ਦਲਿਤਾਂ ਨਾਲ ਹੋ ਰਹੇ ਵਿੱਤਕਰੇ ਅਤੇ ਅਨਿਆਂ ਨੂੰ ਅਪਣੇ ਅੱਖੀਂ ਵੇਖਿਆ ਅਤੇ ਇਸ ਵਿਤਕਰੇ ਨੂੰ ਖਤਮ ਕਰਨ ਲਈ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ। ਇਸ ਦੌਰਾਨ ਬਾਬੂ ਜੀ ਦੀ ਕੋਈ ਵੀ ਖਬਰ ਨਾਂ ਮਿਲਣ ਕਾਰਨ ਪਰਿਵਾਰ ਨੇ ਸੋਚਿਆ ਕਿ ਬਾਬੂ ਜੀ ਵੀ ਮਾਰੇ ਗਏ ਹਨ ਅਤੇ ਊਨ੍ਹਾ ਦੀ ਪਤਨੀ ਨੂੰ ਵਿਧਵਾ ਮੰਨਦੇ ਹੋਏ ਦੂਜੇ ਭਰਾ ਨਾਲ ਵਿਆਹ ਦਿਤਾ ਸੀ। ਆਪ ਵਾਪਸ ਅਪਣੇ ਪਿੰਡ ਮੂਗੋਵਾਲ ਆ ਗਏ। ਉਨ੍ਹਾਂ ਪੰਜਾਬ ਵਿੱਚ ਆਕੇ ਵੇਖਿਆ ਕਿ ਬੇਸ਼ੱਕ ਇੱਕ ਪਾਸੇ ਦੇਸ਼ ਨੂੰ ਅੰਗਰੇਜਾਂ ਤੋਂ ਅਜ਼ਾਦ ਕਰਵਾਉਣ ਲਈ ਲੜਾਈ ਲੜੀ ਜਾ ਰਹੀ ਸੀ ਪਰੰਤੁ ਸਦੀਆਂ ਤੋਂ ਗੁਲਾਮੀ ਸਹਿ ਰਹੇ ਅਛੂਤਾਂ ਦੇ ਵਿਕਾਸ ਅਤੇ ਅਜ਼ਾਦੀ ਲਈ ਕੋਈ ਕੁਝ ਨਹੀਂ ਕਰ ਰਿਹਾ ਹੈ। ਉਸ ਸਮੇਂ ਦਲਿਤਾਂ ਦੀ ਕੋਈ ਵੀ ਆਪਣੀ ਪਹਿਚਾਣ ਨਹੀਂ ਸੀ। ਇਸ ਦੌਰਾਨ ਹੀ ਆਰਿਆ ਸਮਾਜ ਦੇ ਆਗੂਆਂ ਵਲੋਂ ਹਿੰਦੂ ਧਰਮ ਵਿੱਚ ਫੈਲੀਆਂ ਕੁੱਝ ਕੁਰੀਤੀਆਂ ਨੂੰ ਲੈਕੇ ਅੰਦੋਲਨ ਚੱਲ ਰਿਹਾ ਸੀ। 1925 ਦੇ ਅੰਤ ਵਿੱਚ ਬਾਬੂ ਜੀ ਨੇ ਪਿੰਡ ਵਿੱਚ ਪਹਿਲਾ ਆਦਿ ਧਰਮ ਪ੍ਰਾਇਮਰੀ ਸਕੂਲ ਖੋਲਿਆ ਅਤੇ ਬੱਚਿਆਂ ਨੂੰ ਪੜਾਉਣਾ ਸ਼ੁਰੂ ਕਰ ਦਿਤਾ। 11-12 ਜੂਨ 1926 ਨੂੰ ਇਸ ਸਕੂਲ ਵਿੱਚ ਹੀ ਅਛੂਤਾਂ ਦੀ ਇੱਕ ਮੀਟਿੰਗ ਬੁਲਾਈ ਗਈ ਜਿਸ ਵਿੱਚ ਆਦਿ ਧਰਮ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ। ਇਸਤੋਂ ਬਾਦ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਗਈ ਜਿਸ ਵਿੱਚ ਦਲਿਤ ਵਰਗ ਦੀਆਂ ਲੱਗਭੱਗ 36 ਜਾਤਾਂ ਦੇ ਪ੍ਰਤੀਨਿਧੀਆਂ ਨੇ ਭਾਗ ਲਿਆ ਅਤੇ ਇਸ ਲਹਿਰ ਦਾ ਪਹਿਲਾ ਪ੍ਰਧਾਨ ਸਰਬ ਸੰਮਤੀ ਨਾਲ ਬਾਬੂ ਮੰਗੂ ਰਾਮ ਨੂੰ ਹੀ ਬਣਾਇਆ ਗਿਆ ਅਤੇ ਪ੍ਰਬੰਧਕ ਕਮੇਟੀ ਮੈਂਬਰਾਂ ਹਜ਼ਾਰਾ ਰਾਮ ਪਿਪਲਾਂਵਾਲਾ, ਪੰਡਤ ਹਰੀ ਰਾਮ, ਸੰਤ ਰਾਮ, ਰਾਮ ਚੰਦ, ਹਰਦਿੱਤ ਮੱਲ, ਰੇਸ਼ਮ ਲਾਲ ਬਾਲਮੀਕਿ, ਬਿਹਾਰੀ ਲਾਲ, ਰਾਮ ਸਿੰਘ, ਚਮਨ ਰਾਮ ਆਦਿ ਦੀ ਚੋਣ ਕੀਤੀ ਗਈ। ਆਦਿ ਧਰਮ ਮੰਡਲ ਵਲੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਆਦਿ ਡੰਕਾ ਅਖਬਾਰ ਸ਼ੁਰੂ ਕੀਤਾ ਗਿਆ। ਨਵੰਬਰ, 1926 ਵਿੱਚ ਜਲੰਧਰ ਵਿੱਚ ਆਦਿ ਧਰਮ ਸੰਗਠਨ ਦਾ ਪਹਿਲਾ ਦਫਤਰ ਖੋਲਿਆ ਗਿਆ ਅਤੇ ਬਾਬੂ ਜੀ ਜਲੰਧਰ ਰਹਿਣ ਲੱਗ ਪਏ ਜਿੱਥੇ ਉਹ 1940 ਤੱਕ ਰਹੇ ਅਤੇ ਆਦਿ ਧਰਮ ਮਿਸ਼ਨ ਅਤੇ ਅਛੂਤਾਂ ਦੀ ਭਲਾਈ ਲਈ ਕੰਮ ਕੀਤਾ। ਇਸ ਦੌਰਾਨ ਹੀ ਬਰਤਾਨੀਆ ਸਰਕਾਰ ਨੇ ਭਾਰਤ ਵਿੱਚ ਲੋਕਾਂ ਵਿਸ਼ੇਸ਼ ਤੋਰ ਤੇ ਦਲਿਤਾਂ ਦੀ ਸਥਿਤੀ ਦਾ ਜਾਇਜਾ ਲੈਣ ਲਈ ਸਰ ਜੋਹਨ ਸਾਇਮਨ ਦੀ ਅਗਵਾਈ ਵਿੱਚ ਇੱਕ ਕਮਿਸ਼ਨ ਨਿਯੁਕਤ ਕੀਤਾ ਜਿਸਨੂੰ ਸਾਇਮਨ ਕਮਿਸਨ ਕਿਹਾ ਜਾਂਦਾ ਹੈ। ਭਾਰਤ ਵਿੱਚ ਕਈ ਕਾਂਗਰਸੀ ਆਗੂਆਂ ਨੇ ਇਸ ਕਮਿਸ਼ਨ ਦਾ ਵਿਰੋਧ ਕੀਤਾ। ਬਾਬੂ ਮੰਗੂ ਰਾਮ ਨੇ ਅਪਣੇ ਸਾਥੀਆਂ ਨਾਲ ਇਸ ਦਾ ਸਵਾਗਤ ਕੀਤਾ ਅਤੇ ਸਾਇਮਨ ਕਮਿਸ਼ਨ ਅੱਗੇ ਅਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਦਲਿਤ ਨਾਂ ਹੀ ਹਿੰਦੂ ਹਨ, ਨਾ ਮੁਸਲਿਮ, ਨਾਂ ਸਿੱਖ ਅਤੇ ਨਾ ਹੀ ਇਸਾਈ ਹਨ। ਉਨ੍ਹਾਂ ਸਬੂਤਾ ਸਮੇਤ ਦੱਸਿਆ ਕਿ ਉਹ ਆਦਿ ਧਰਮੀ ਹਨ ਜੋਕਿ ਕਿਸੇ ਵੇਲੇ ਇਸ ਦੇਸ਼ ਦੇ ਸ਼ਾਸ਼ਕ ਰਹੇ ਹਨ। ਅੰਤ ਲੰਬੇ ਸੰਘਰਸ਼ ਅਤੇ ਬਹਿਸ ਤੋਂ ਬਾਦ ਸਦੀਆਂ ਤੋਂ ਵਿਤਕਰੇ ਦਾ ਸ਼ਿਕਾਰ ਰਹੇ ਲੋਕਾਂ ਨੂੰ ਆਦਿ ਧਰਮ ਦਾ ਨਾਮ ਮਿਲਿਆ। ਇਸ ਦੌਰਾਨ ਹੀ ਅਛੂਤਾਂ ਨੂੰ ਪੜ੍ਹਣ, ਜਾਇਦਾਦ ਖਰੀਦਣ ਅਤੇ ਵੋਟ ਦਾ ਅਧਿਕਾਰ ਆਦਿ ਮਿਲੇ। 1931 ਵਿੱਚ ਹੋਈ ਜਨਗਣਨਾ ਵਿੱਚ ਪਹਿਲੀ ਵਾਰ ਆਦਿ ਧਰਮ ਨੂੰ ਜੋੜ੍ਹਿਆ ਗਿਆ ਅਤੇ ਉਸ ਵੇਲੇ ਪੰਜਾਬ ਵਿੱਚ ਲੱਗਭੱਗ 418789 ਲੋਕਾਂ ਨੇ ਜੋਕਿ ਕੁੱਲ ਅਬਾਦੀ ਦਾ ਲੱਗਭੱਗ 1.5 ਫਿਸਦੀ ਸੀ ਨੇ ਅਪਣਾ ਧਰਮ ਆਦਿ ਧਰਮ ਲਿਖਾਇਆ ਸੀ। ਉਸ ਵੇਲੇ ਗ੍ਰੇਟਰ ਪੰਜਾਬ ਦੀ ਕੁੱਲ ਅਬਾਦੀ ਲੱਗਭੱਗ 28491000 ਸੀ। ਵਰਨਣਯੋਗ ਹੈ ਕਿ ਇਸ ਵਿੱਚੋਂ 80 ਫਿਸਦੀ ਤੋਂ ਵੱਧ ਲੋਕ ਪੰਜਾਬ ਦੇ ਜਲੰਧਰ ਅਤੇ ਹੁਸ਼ਿਆਰਪੁਰ ਨਾਲ ਹੀ ਸਬੰਧਿਤ ਸਨ। 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਇਹ ਸਾਬਤ ਕਰਨ ਲਈ ਕਿ ਦਲਿਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹੀ ਹਨ ਲਈ ਪੰਜਾਬ ਅਤੇ ਹੋਰ ਸੂਬਿਆਂ ਤੋਂ ਆਦਿ ਧਰਮ ਆਗੂਆਂ ਨੇ ਪੱਤਰ ਅਤੇ ਤਾਰਾਂ ਭੇਜੀਆਂ ਸਨ। ਇਨ੍ਹਾਂ ਗੋਲਮੇਜ਼ ਕਾਨਫਰੰਸਾਂ ਤੋਂ ਬਾਦ ਬਰਤਾਨੀਆ ਸਰਕਾਰ ਨੇ ਦਲਿਤਾਂ ਲਈ ਅਲੱਗ ਚੋਣ ਵਿਵਸਥਾ ਦੀ ਮੰਨਜੂਰੀ ਦੇ ਦਿਤੀ ਜਿਸਨੂੰ ਕਮਿਊਨਲ ਐਵਾਰਡ ਦਾ ਨਾਮ ਦਿਤਾ ਗਿਆ। ਇਸ ਕਮਿਊਨਲ ਐਵਾਰਡ ਦੇ ਵਿਰੋਧ ਵਿੱਚ ਕਾਂਗਰਸੀ ਆਗੂ ਗਾਂਧੀ ਜਿਸਨੇ ਪਹਿਲਾਂ ਗੋਲਮੇਜ਼ ਕਾਨਫਰੰਸ ਵਿੱਚ ਵੀ ਡਾਕਟਰ ਅੰਬੇਡਕਰ ਦੇ ਦਾਖਲੇ ਦਾ ਵਿਰੋਧ ਕੀਤਾ ਸੀ ਨੇ ਯਰਵਦਾ ਜੇਲ ਪੂਨਾ ਵਿੱਚ 20 ਸਤੰਬਰ, 1932 ਨੂੰ ਮਰਨ ਵਰਤ ਰੱਖ ਲਿਆ। ਗਾਂਧੀ ਦੀ ਇਸ ਕਾਰਵਾਈ ਦਾ ਵਿਰੋਧ ਕਰਨ ਲਈ ਆਦਿ ਧਰਮ ਆਗੂਆਂ ਨੇ ਵੀ ਮਰਨ ਵਰਤ ਸ਼ੁਰੂ ਕਰ ਦਿਤਾ। 24 ਸਤੰਬਰ 1932 ਨੂੰ ਡਾਕਟਰ ਅੰਬੇਡਕਰ ਅਤੇ ਗਾਂਧੀ ਵਿਚਕਾਰ ਸਮਝੋਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਹੈ ਅਤੇ ਇਸ ਸਮਝੋਤੇ ਵਿੱਚ ਦਲਿਤਾਂ ਨੂੰ ਵਖਰੀ ਚੋਣ ਵਿਵਸਥਾ ਦੀ ਥਾਂ ਰਾਖਵਾਂਕਰਣ ਦਿਤਾ ਗਿਆ ਜਿਸ ਅਨੁਸਾਰ ਭਾਰਤ ਦੀਆਂ ਵੱਖ ਵੱਖ ਵਿਧਾਨ ਸਭਾਵਾਂ ਲਈ ਕੁੱਲ 148 ਸੀਟਾਂ ਦਲਿਤਾਂ ਲਈ ਰਾਖਵੀਆਂ ਰੱਖੀਆਂ ਗਈਆਂ ਜਿਨ੍ਹਾਂ ਵਿੱਚ ਉਸ ਵੇਲੇ ਪੰਜਾਬ ਦੀਆਂ 08 ਸੀਟਾਂ ਸਨ। 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ। 1946 ਵਿੱਚ ਬਾਬੂ ਮੰਗੂ ਰਾਮ ਆਪ ਵੀ ਵਿਧਾਇਕ ਬਣੇ ਅਤੇ 1952 ਤੱਕ ਵਿਧਾਇਕ ਰਹੇ। ਅਜਾਦ ਭਾਰਤ ਵਿੱਚ ਵੀ ਆਪ ਨੇ ਆਦਿ ਧਰਮ ਲਹਿਰ ਨੂੰ ਚਲਾਉਣ ਲਈ ਲਗਾਤਾਰ ਸੰਘਰਸ਼ ਕੀਤਾ। 1972 ਵਿੱਚ ਆਪ ਨੂੰ ਕੇਂਦਰ ਸਰਕਾਰ ਨੇ ਸਨਮਾਨਿਤ ਕੀਤਾ ਅਤੇ ਪੈਨਸਨ ਲਗਾਈ।

ਸਰਕਾਰ ਵਲੋਂ ਆਪ ਨੂੰ ਗੜ੍ਹਸੰਕਰ ਨੇੜੇ ਕੁੱਝ ਜਮੀਨ ਦਿੱਤੀ ਗਈ। 1977 ਵਿੱਚ ਆਦਿ ਧਰਮ ਮੁਹਿੰਮ ਦੀ ਮੁੜ੍ਹ ਸਥਾਪਨਾ ਤੋਂ ਬਾਦ ਬਾਬੂ ਜੀ ਨੂੰ ਇਸਦਾ ਆਗੂ ਬਣਾਇਆ ਗਿਆ ਅਤੇ ਆਪਦੇ ਸਹਿਯੋਗੀਆਂ ਨੇ ਆਪ ਨੂੰ ਗ੍ਰੇਟ ਬਰਤਾਨੀਆ ਦੇ ਦੌਰੇ ਤੇ ਭੇਜਿਆ। 22 ਅਪ੍ਰੈਲ 1980 ਨੂੰ ਗਦਰ ਲਹਿਰ ਅਤੇ ਆਦਿ ਧਰਮ ਅੰਦੋਲਨ ਦਾ ਇਹ ਆਗੂ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਕਾਂਗਰਸੀ ਆਗੂ ਰਾਜ ਸਭਾ ਮੈਂਬਰ ਸਮਸ਼ੇਰ ਸਿੰਘ ਦੂਲੋਂ ਵਲੋਂ ਇਸ ਪਿੰਡ ਵਿੱਚ ਬਾਬੂ ਜੀ ਦਾ ਬੁੱਤ ਬਣਵਾਇਆ ਗਿਆ ਹੈ। ਦੇਸ਼ ਦੀ ਅਜ਼ਾਦੀ ਲਈ ਕੀਤੇ ਗਏ ਸੰਘਰਸ਼ ਅਤੇ ਸਦੀਆਂ ਤੋਂ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਚੁੱਕੇ ਗਏ ਕਦਮਾਂ ਕਾਰਨ ਬਾਬੂ ਮੰਗੂ ਰਾਮ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।



BABU MANGU RAM JI
14-01-1886 - 22-04-1980
FOUNDER: AD-Dharam Mandal, Punjab

# ਭੈਣੋ ਅਤੇ ਭਰਾਵੋ ਮਹਾਨ ਅੰਬੇਡਕਰ ਨੂੰ ਕਦੇ ਨਾ ਭੁੱਲਿਓ-ਅਮਰੀਕੀ ਚਿੰਤਕ ਡਾ. ਰੋਨਾਲਡ ਵੈਸਟ

## ਧਰਤੀ ਦਾ ਮਨਹੂਸ ਕਹੇ ਜਾਣ ਵਾਲੇ ਬਾਬਾ ਸਾਹਿਬ ਨੇ ਤਿੰਨ ਜ਼ਿੰਦਗੀਆਂ ਜਿੰਨਾ ਕੰਮ ਕੀਤਾ




ਸੰਤੋਖ ਸਿੰਘ ਜੱਸੀ
91-70876-19800

ਪ੍ਰਸਿੱਧ ਅਫ਼ਰੀਕੀ-ਅਮਰੀਕੀ ਦਾਰਸ਼ਨਿਕ, ਰਾਜਨੀਤਿਕ, ਨਾਗਰਿਕ ਅਧਿਕਾਰ ਕਾਰਕੁੰਨ ਅਤੇ ਲੇਖਕ ਡਾ. ਕਾਰਨੇਲ ਰੋਨਾਲਡ ਵੈਸਟ ਨੇ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਨੂੰ 130ਵੇਂ ਜਨਮਦਿਨ 'ਤੇ ਆਪਣੇ ਮਹਾਨ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਡਾ. ਬੀ. ਆਰ. ਅੰਬੇਡਕਰ ਨੂੰ ਯਾਦ ਕਰਦੇ ਹੋਏ ਉਹ ਆਪਣੇ ਆਪ ਨੂੰ ਖੁਸ਼ੀ ਅਤੇ ਮਾਣ ਮਹਿਸੂਸ ਕਰ ਰਹੇ ਹਨ। ਉਹਨਾਂ ਨੇ ਕਿਹਾ ਕਿ ਬਾਬਾ ਸਾਹਿਬ ਅੰਬੇਡਕਰ ਮੇਰੇ ਸਾਥੀ, ਮੇਰੇ ਭਰਾ ਅਤੇ ਮੇਰੇ ਆਤਮਿਕ ਦੋਸਤ ਹਨ। ਕਿਉਂ? ਕਿਉਂਕਿ ਅਮਰੀਕਾ ਵਿੱਚ ਰੁ।ਥ।ਨ। ਣਚ ਨਰਜਤ (ਵਿਲੀਅਮ ਐਡਵਰਡ ਬਰਗਹਾਰਟ ਡੂ ਬੋਇਸ, ਦੋਹਰੀ ਚੇਤਨਾ ਵਾਲੇ ਮਹਾਨ ਮਨੁੱਖ) ਜਿਹੇ ਮਹਾਨ ਬੁੱਧੀਜੀਵੀ ਦੀ ਤਰ੍ਹਾਂ ਹੀ ਡਾ. ਬੀ. ਆਰ. ਅੰਬੇਡਕਰ ਭਾਰਤ ਦੇ ਇਤਿਹਾਸ ਵਿੱਚ ਸੱਭ ਤੋਂ ਮਹਾਨ ਬੁੱਧੀਜੀਵੀ ਰਹੇ ਹਨ। ਉਹ ਗਰੀਬ ਅਤੇ ਮਜਦੂਰ ਵਰਗ ਨੂੰ ਬੇਹੱਦ ਪਿਆਰ ਕਰਦੇ ਸਨ। ਬਾਬਾ ਸਾਹਿਬ ਮੇਰੇ ਪਿਆਰੇ ਦਲਿਤ ਭੈਣ-ਭਰਾਵਾਂ ਦੀ ਮਹਾਨ ਵਿਰਾਸਤ ਵਿੱਚੋਂ ਹੋਏ ਹਨ। ਬਾਬਾ ਸਾਹਿਬ ਉਸ ਦੁਨੀਆਂ ਵਿੱਚ ਰਹੇ ਜਿਸ ਨੂੰ ਧਰਤੀ ਦਾ ਮਨਹੂਸ ਕਿਹਾ ਜਾਂਦਾ ਸੀ। ਜਦੋਂ ਵੀ ਸੁਤੰਤਰਤਾ ਸੇਨਾਨੀਆਂ, ਯੋਧਿਆਂ ਅਤੇ ਜ਼ਖ਼ਮ ਭਰਨ ਵਾਲਿਆਂ ਦੀ ਗੱਲ ਕਰੀਏ ਤਾਂ ਸਾਨੂੰ ਬਾਬਾ ਸਾਹਿਬ ਡਾ. ਅੰਬੇਡਕਰ ਬਾਰੇ ਗੱਲ ਕਰਨੀ ਚਾਹੀਦੀ ਹੈ। ਉਹ ਅੱਜ ਤੋਂ 130 ਸਾਲ ਪਹਿਲਾਂ 14 ਅਪ੍ਰੈਲ 1891 ਨੂੰ ਭਾਰਤ ਵਿੱਚ ਜਨਮ ਲੈਣ ਵਾਲੇ ਅਤੇ ਉਹ 65 ਸਾਲ ਜੀਵਿਤ ਰਹੇ, ਪ੍ਰੰਤੂ ਉਹਨਾਂ ਨੇ 65 ਸਾਲਾਂ ਵਿੱਚ ਹੀ ਤਿੰਨ ਜ਼ਿੰਦਗੀਆਂ ਜਿੰਨਾ ਕੰਮ ਕੀਤਾ। ਬਾਬਾ ਸਾਹਿਬ ਨੇ ਜਾਤੀ ਦੇ ਖਾਤਮੇ ਅਤੇ ਇੱਕ ਮਾਨਵਤਾਵਾਦੀ ਲੋਕਤੰਤਰ ਸਥਾਪਿਤ ਕਰਨ ਦੀ ਗੱਲ ਕੀਤੀ। ਉਹਨਾਂ ਲੋਕਾਂ ਤੋਂ ਸ਼ੁਰੂ ਕਰਨ ਦੀ ਗੱਲ ਕੀਤੀ, ਜਿਹਨਾਂ ਲੋਕਾਂ ਨਾਲ ਸੱਭ ਤੋਂ ਵੱਧ ਗੈਰ-ਮਨੁੱਖੀ ਵਿਵਹਾਰ ਹੋਇਆ। ਡਾ. ਵੈਸਟ ਨੇ ਕਿਹਾ ਕਿ ਸਾਨੂੰ ਬਾਬਾ ਸਾਹਿਬ ਦੀ ਰੂਹ ਨੂੰ ਆਪਣੇ ਅੰਦਰ ਇਸ ਕਦਰ ਵਸਾ ਲੈਣਾ ਚਾਹੀਦਾ ਹੈ ਕਿ ਉਹਨਾਂ ਦੀ ਤਰ੍ਹਾਂ ਕੰਮ ਕਰਨ ਦੇ ਯੋਗ ਹੋ ਸਕੀਏ। ਉਹਨਾਂ ਅੱਗੇ ਕਿਹਾ ਕਿ ਸੱਚ ਬੋਲੋ, ਇਨਸਾਫ਼ ਦੇ ਧਾਰਨੀ ਬਣੋ, ਸੁੰਦਰਤਾ ਅਤੇ ਇੱਕ-ਦੂਜੇ ਨੂੰ ਪਿਆਰ ਕਰੋ, ਹਮੇਸ਼ਾਂ ਏਕਤਾ ਨਾਲ ਰਹੋ।" ਡਾ. ਅੰਬੇਡਕਰ ਦਾ ਰੁਤਬਾ ਅਮਰੀਕਾ ਵਿੱਚ ਵੀ ਬਹੁਤ ਹੀ ਵੱਡਾ ਹੈ ਅਤੇ ਭਾਰਤ ਵਿੱਚ ਤਾਂ ਹੈ ਹੀ ਹੈ। ਬਾਬਾ ਸਾਹਿਬ ਆਪਣੇ ਸਮਾਜ ਦੀਆਂ ਜੜ੍ਹਾਂ ਨਾਲ ਮੁੱਢ ਤੋਂ ਜੁੜੇ ਹੋਏ ਸਨ। ਉਹਨਾਂ ਨੇ ਇੱਕ ਗਰੀਬ ਅਤੇ ਅਖੌਤੀ ਅਛੂਤ ਪਰਿਵਾਰ ਵਿੱਚ ਪੈਦਾ ਹੋ ਕੇ ਸੱਭ ਤੋਂ ਵੱਧ ਪੜ੍ਹ-ਲਿਖ ਕੇ ਆਪਣੇ ਸਮਾਜ ਦੇ ਉੱਥਾਨ ਲਈ ਬਹੁਤ ਵੱਡਾ ਸੰਘਰਸ਼ ਕੀਤਾ। ਇਸ ਮਹਾਨ ਅਫਰੀਕਨ-ਅਮਰੀਕਨ ਚਿੰਤਕ ਨੇ ਕਿਹਾ ਕਿ ਦਲਿਤ ਭੈਣੋ ਅਤੇ ਭਰਾਵੋ ਮਹਾਨ ਡਾ. ਅੰਬੇਡਕਰ ਨੂੰ ਕਦੇ ਵੀ ਨਾ ਭੁੱਲਿਓ। ਡਾ. ਅੰਬੇਡਕਰ ਦਲਿਤ ਸਮਾਜ ਦੇ ਮਹਾਨ ਸਾਮਰਾਜ ਹੋਏ ਹਨ। ਉਹਨਾਂ ਨੂੰ ਕਦੇ ਨਾ ਵਿਸਾਰਿਓ। ਉਹਨਾਂ ਨੇ ਅੱਗੇ ਕਿਹਾ ਕਿ ਬਾਬਾ ਸਾਹਿਬ ਦੇ ਵਿਚਾਰਾਂ ਨੂੰ ਜਨ-ਜਨ ਤੱਕ ਪਹੁੰਚਾਓ।



ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਦਫ਼ਤਰ ਵਿੱਚ ਟੈਲੀਫ਼ੋਨ 'ਤੇ ਗੱਲ ਕਰਦੇ ਹੋਏ



ਡਾ. ਕਾਰਨੇਲ ਰੋਨਾਲਡ ਵੈਸਟ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ।

### ਮਹਾਨ ਚਿੰਤਕ
### ਡਾ. ਕਾਰਨੇਲ ਰੋਨਾਲਡ ਵੈਸਟ ਕੌਣ ਹਨ?

ਡਾ. ਕਾਰਨੇਲ ਰੋਨਾਲਡ ਵੈਸਟ ਇੱਕ ਅਮਰੀਕੀ ਦਾਰਸ਼ਨਿਕ, ਰਾਜਨੀਤਿਕ ਕਾਰਕੁੰਨ, ਸਮਾਜਿਕ ਆਲੋਚਕ ਅਤੇ ਜਨਤਕ ਬੁੱਧੀਜੀਵੀ ਹੈ। ਉਹਨਾਂ ਨੇ 20 ਦੇ ਕਰੀਬ ਕਿਤਾਬਾਂ ਲਿਖੀਆਂ। ਉਹਨਾਂ ਦੀਆਂ ਸਭ ਤੋਂ ਪ੍ਰਭਾਵਸ਼ਾਲੀ ਕਿਤਾਬਾਂ ਵਿੱਚੋਂ ਰੇਸ ਮੈਟਰਜ਼ (1994) ਅਤੇ ਡੈਮੋਕਰੇਸੀ ਮੈਟਰਜ਼ (2004) ਵਿਸ਼ਵ ਪ੍ਰਸਿੱਧ ਹਨ। ਸਾਲ 2010 ਤੋਂ 2013 ਤੱਕ ਡਾ. ਵੈਸਟ ਨੇ ਤਾਵੀਸ ਸਮਾਇਲੀ ਦੇ ਨਾਲ ਇੱਕ ਰੇਡੀਓ ਪ੍ਰੋਗਰਾਮ ਦੀ ਮੇਜ਼ਬਾਨੀ ਕੀਤੀ। ਜਿਸ ਨੂੰ ਸਮਾਇਲੀ ਵੈਸਟ ਕਿਹਾ ਜਾਂਦਾ ਹੈ। ਡਾ. ਵੈਸਟ 'ਤੇ 25 ਡਾਕੂਮੈਂਟਰੀਆਂ ਬਣ ਚੁੱਕੀਆਂ ਹਨ। ਪਿਛਲੇ ਸਾਲ 2020 ਵਿੱਚ ਉਹਨਾਂ ਨੂੰ ਪ੍ਰੌਸਪੈਕਟ ਦੁਆਰਾ ਕੋਵਿਡ-19 ਯੁੱਗ ਦੇ ਚੌਥੇ ਮਹਾਨ ਚਿੰਤਕ ਵਜੋਂ ਸੂਚੀਬੱਧ ਕੀਤਾ ਗਿਆ।

ਡਾ. ਵੈਸਟ ਦਾ ਜਨਮ 2 ਜੂਨ 1953 ਨੂੰ ਤੁਲਸਾ, ਓਕਲਾਹੋਮਾ (ਅਮਰੀਕਾ) ਵਿੱਚ ਹੋਇਆ ਸੀ। 1970 ਵਿੱਚ ਹਾਈ ਸਕੂਲ ਤੋਂ ਗ੍ਰੈਜੂਏਸ਼ਨ ਕਰਨ ਤੋਂ ਬਾਅਦ ਉਹਨਾਂ ਨੇ ਹਾਰਵਰਡ ਕਾਲਜ ਵਿੱਚ ਦਾਖਲਾ ਲਿਆ। 1973 ਵਿੱਚ ਪੱਛਮੀ-ਪੂਰਬੀ ਭਾਸ਼ਾਵਾਂ ਅਤੇ ਸੱਭਿਅਤਾ ਵਿੱਚ ਹਾਰਵਰਡ ਮੈਗਨਾ ਕਮ ਲਾਉਡ ਤੋਂ ਗ੍ਰੈਜੂਏਸ਼ਨ ਪ੍ਰਾਪਤ ਕੀਤੀ। ਉਹਨਾਂ ਨੇ ਹਾਰਵਰਡ ਨੂੰ ਉਸਦੇ ਪ੍ਰੋਫੈੱਸਰਾਂ ਅਤੇ ਬਲੈਕ ਪੈਂਥਰ ਪਾਰਟੀ ਦੁਆਰਾ ਪ੍ਰਭਾਵਿਤ ਵਿਚਾਰਾਂ ਦੀ ਵਿਆਪਕ ਸ਼੍ਰੇਣੀ ਦੇ ਸਾਹਮਣੇ ਲਿਆਉਣ ਦਾ ਸਿਹਰਾ ਪ੍ਰਾਪਤ ਕੀਤਾ। ਹਾਰਵਰਡ ਵਿਖੇ ਗ੍ਰੈਜੂਏਸ਼ਨ ਦਾ ਕੰਮ ਪੂਰਾ ਹੋਣ ਤੋਂ ਬਾਅਦ ਵੈਸਟ ਨੇ ਪ੍ਰਿੰਸਟਨ ਯੂਨੀਵਰਸਿਟੀ ਵਿੱਚ ਦਾਖਲਾ ਲਿਆ। ਜਿੱਥੇ ਉਹਨਾਂ ਨੇ 1980 ਵਿੱਚ ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਜੋ ਪ੍ਰਿੰਸਟਨ ਤੋਂ ਫਿਲਾਸਫ਼ੀ ਵਿੱਚ ਪੀ.ਐਚ.ਡੀ. ਦੀ ਡਿਗਰੀ ਦੇ ਨਾਲ ਗ੍ਰੈਜੂਏਟ ਹੋਣ ਵਾਲੇ ਪਹਿਲੇ ਅਫ਼ਰੀਕੀ-ਅਮਰੀਕੀ ਬਣ ਕੇ ਵੱਡਾ ਮਾਣ ਪ੍ਰਾਪਤ ਕੀਤਾ।

# ਬਾਬੂ ਮੰਗੂ ਰਾਮ ਮੁੱਗੋਵਾਲੀਆ ਤੋਂ ਪਹਿਲਾਂ ਅਛੂਤਾਂ ਦੀ ਰਾਜਨੀਤੀ

- ਪ੍ਰੋ. ਦਰਸ਼ਨ ਸਿੰਘ 'ਬਖਸ਼ੀ'

ਦਲਿਤ ਜਮਾਤਾਂ ਲਈ ਕਿਸੇ ਉਮੰਗ ਪੂਰਨ ਸਮਾਜਿਕ ਤਬਦੀਲੀਆਂ ਦੇ ਮੌਕੇ ਇਤਿਹਾਸ ਵਿਚ ਬਹੁਤ ਦੁਰਲੱਭ ਰਹੇ ਹਨ। ਪੰਜਾਬ ਦੇ ਅਜੋਕੇ ਸਮਾਜਿਕ ਇਤਿਹਾਸ ਵਿਚ ਇਹੋ ਜਿਹਾ ਦੁਰਲੱਭ ਮੌਕਾ ਇਸ ਸਦੀ ਦੇ ਵੀਹਵਿਆਂ ਵਿਚ ਆਇਆ ਜਦੋਂ ਕਈ ਹੋਰ ਧਾਰਮਿਕ ਅੰਦੋਲਨਾਂ ਸਹਿਤ ਆਦਿ ਧਰਮ ਅੰਦੋਲਨ ਨੇ ਵੀ ਮੋਢੇ ਨਾਲ ਮੋਢਾ ਡਾਹ ਕੇ ਅੱਗੇ ਵਧਣਾ ਸ਼ੁਰੂ ਕੀਤਾ। ਪਹਿਲੇ ਵਿਸ਼ਵ ਯੁੱਧ ਦੇ ਖਤਮ ਹੋਣ ਤੋਂ ਬਾਅਦ ਭਾਰਤ ਵਿਚ ਬਰਤਾਨਵੀ ਨੀਤੀਆਂ ਵਿਚ ਕੁਝ ਤਬਦੀਲੀਆਂ ਦੇਖਣ ਨੂੰ ਮਿਲੀਆਂ। ਇੰਝ ਮਹਿਸੂਸ ਹੋਇਆ ਕਿ ਅਛੂਤਾਂ ਦੀ ਬਿਹਤਰੀ ਲਈ ਕੁਝ ਨਵੇਂ ਮੌਕੇ ਸੰਭਵ ਹੋ ਸਕਣਗੇ। ਇਹੋ ਸਮਾਂ ਸੀ ਜਦੋਂ ਉਹਨਾਂ ਨੂੰ ਆਪਣੀ ਵਡੇਰੀ ਗਿਣਤੀ ਦੀ ਰਾਜਨੀਤਿਕ ਅਹਿਮੀਅਤ ਦਾ ਪਹਿਲੀ ਵਾਰ ਅਹਿਸਾਸ ਹੋਇਆ। ਇਸ ਰਾਜਨੀਤਿਕ ਚੇਤਨਾ ਦਾ ਸਿਹਰਾ ਪੰਜਾਬ ਵਿਚਲੀਆਂ ਨੀਵੀਆਂ ਜਾਤੀਆਂ ਦੇ ਨੇਤਾਵਾਂ ਦੇ ਨਾਲ ਨਾਲ ਭਾਰਤ ਦੇ ਦੂਜੇ ਹਿੱਸਿਆਂ ਵਿਚ ਸਰਗਰਮ ਅਛੂਤ ਜਥੇਬੰਦੀਆਂ ਦੇ ਨਾਲ ਨਾਲ ਪੰਜਾਬ ਦੀ ਫਿਰਕਾਪ੍ਰਸਤ ਰਾਜਨੀਤੀ ਨੂੰ ਵੀ ਜਾਂਦਾ ਹੈ। ਮੁਲਕੋਂ ਬਾਹਰਲੇ ਭਾਰਤੀਆਂ ਦੀਆਂ ਜਥੇਬੰਦੀਆਂ ਤੋਂ ਵੀ ਆਦਿ ਧਰਮੀਆਂ ਨੂੰ ਜਥੇਬੰਦ ਹੋਣ ਲਈ ਪ੍ਰੇਰਨਾ ਮਿਲੀ। ਅਛੂਤ ਜਥੇਬੰਦੀਆਂ ਨੂੰ 1917 ਵਿਚ ਉਸ ਸਮੇਂ ਕੁਝ ਸਫਲਤਾ ਮਿਲੀ ਜਦੋਂ ਕਾਂਗਰਸ ਨੇ ਕਲਕੱਤਾ ਵਿਚ ਹੋਏ ਇਜਲਾਸ ਵਿਚ ਛੂਆ ਛਾਤ ਹਟਾਉਣ ਦੀ ਮੰਗ ਨੂੰ ਸ਼ਾਮਲ ਕਰ ਲਿਆ ਪਰ ਜਲਦੀ ਬਾਅਦ ਹੀ ਰਾਜਨੀਤਿਕ ਹਾਲਾਤ ਬਦਲ ਗਏ।

1919 ਈ. ਦੇ ਗੌਰਮਿੰਟ ਆਫ ਇੰਡੀਆ ਐਕਟ ਰਾਹੀਂ ਭਾਰਤੀ ਪਾਰਲੀਮੈਂਟ ਵਿਚ ਸੰਪਰਦਾਇਕ ਆਧਾਰ 'ਤੇ ਨੁਮਾਇੰਦਗੀ ਦੇਣ ਦਾ ਫੈਸਲਾ ਕੀਤਾ ਗਿਆ। ਇਸ ਨਾਲ ਅਛੂਤਾਂ ਨੂੰ ਆਪਣੇ ਆਪ ਨੂੰ ਰਾਜਨੀਤਿਕ ਤੌਰ 'ਤੇ ਜਥੇਬੰਦ ਕਰਨ ਅਤੇ ਆਪਣੀ ਸਦੀਆਂ ਦੀ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ ਦਾ ਮੌਕਾ ਮਿਲਿਆ। 1925-26 ਦੇ ਆਸ ਪਾਸ ਉਤਰ ਪ੍ਰਦੇਸ਼, ਦਿੱਲੀ ਅਤੇ ਪੰਜਾਬ ਦੇ ਅਛੂਤਾਂ ਨੂੰ ਇਕੱਠੇ ਕਰਨ ਦਾ ਯਤਨ ਕੀਤਾ ਗਿਆ।


ਅਛੂਤਾਂ ਵਿਚ ਏਕਤਾ ਦਾ ਇਹ ਯਤਨ ਨਕਾਰਾ ਰਿਹਾ ਕਿਉਂਕਿ ਆਦਿ ਹਿੰਦੂ ਦੇ ਸਵਾਮੀ ਅਛੂਤਾ ਨੰਦ ਇਸ ਨੂੰ ਅਖਿਲ ਭਾਰਤੀ ਆਧਾਰ 'ਤੇ ਸੰਗਠਿਤ ਕਰਨਾ ਚਾਹੁੰਦੇ ਸਨ ਪਰ ਬਾਬੂ ਮੁੱਗੋਵਾਲੀਆ ਪਹਿਲਾਂ ਖੇਤਰੀ ਆਧਾਰ 'ਤੇ ਵੱਖ ਵੱਖ ਨਾਵਾਂ ਹੇਠਾਂ ਸੰਗਠਿਤ ਕਰਨਾ ਲੋੜਦੇ। ਬਾਬੂ ਮੁੱਗੋਵਾਲੀਆ ਨੂੰ 'ਹਿੰਦੂ' ਲਫਜ਼ ਦੀ ਵਰਤੋਂ 'ਤੇ ਵੀ ਇਤਰਾਜ਼ ਸੀ। ਅਛੂਤਾਂ ਦੀ ਬਹੁਗਿਣਤੀ ਦਾ ਰਾਜਨੀਤਿਕ ਫਾਇਦਾ ਲੈਣ ਲਈ ਇਸਾਈ ਅਤੇ ਇਸਲਾਮਿਕ ਜਥੇਬੰਦੀਆਂ ਨੇ ਉਹਨਾਂ ਨੂੰ ਆਪਣੇ ਆਪਣੇ ਦਾਇਰੇ ਵਿਚ ਲਿਆਉਣ ਦੇ ਯਤਨ ਸ਼ੁਰੂ ਕਰ ਦਿੱਤੇ ਸਨ। ਆਰੀਆ ਸਮਾਜੀਆਂ ਜੋ ਕਿ ਬ੍ਰਾਹਮਣਵਾਦ ਦੇ ਸਿੱਕੇ ਦਾ ਦੂਜਾ ਪਾਸਾ ਹਨ, ਨੇ ਇਸ ਨੂੰ ਇਕ ਖ਼ਤਰਨਾਕ ਅਲਾਮਤ ਸਮਝਦਿਆਂ ਅਛੂਤਾਂ ਨੂੰ ਆਰੀਆ ਸਮਾਜ ਵਿਚ ਲਿਆਉਣ ਲਈ ਸ਼ੁੱਧੀ ਅੰਦੋਲਨ ਆਰੰਭਿਆ।

ਆਰੀਆ ਸਮਾਜੀਆਂ ਨੇ ਆਪਣਾ ਪ੍ਰਭਾਵ ਵਧਾਉਣ ਲਈ ਡੀ. ਏ. ਵੀ. ਸਕੂਲ ਅਤੇ ਕਾਲਜ ਸਥਾਪਤ ਕੀਤੇ, ਜਿਨ੍ਹਾਂ ਵਿਚ ਅਛੂਤਾਂ ਨੂੰ ਦਾਖਲਾ ਦਿੱਤਾ ਗਿਆ। ਮੁਸਲਮਾਨ ਅਤੇ ਇਸਾਈ ਵੀ ਇਸ ਪੱਖੋਂ ਪਿੱਛੇ ਨਹੀਂ ਸਨ। ਉਹਨਾਂ ਨੇ ਆਰੀਆ ਸਮਾਜੀਆਂ ਦਾ ਪੂਰਾ ਪੂਰਾ ਮੁਕਾਬਲਾ ਕੀਤਾ ਅਤੇ ਅਛੂਤਾਂ ਨੂੰ ਹੋਰ ਕਈ ਰਿਆਇਤਾਂ ਦਿੱਤੀਆਂ। ਇਸ ਸਮੇਂ ਸਿੱਖਾਂ ਨੇ ਵੀ ਆਰੀਆ ਸਮਾਜ ਵੱਲੋਂ ਚਲਾਏ ਸ਼ੁੱਧੀ ਅੰਦੋਲਨ ਦਾ ਵਿਰੋਧ ਕੀਤਾ ਕਿਉਂਕਿ ਅਛੂਤ ਸਿੱਖਾਂ ਵਿਚੋਂ ਵੀ ਕਈਆਂ ਨੇ ਆਰੀਆ ਸਮਾਜੀ ਬਣਨਾ ਪ੍ਰਵਾਨ ਕੀਤਾ। ਸਿੱਖਾਂ ਨੇ ਵੀ ਕਹਿਣਾ ਸ਼ੁਰੂ ਕਰ ਦਿੱਤਾ ਕਿ ਸਿੱਖ ਹਿੰਦੂ ਨਹੀਂ।

ਗਿਆਨੀ ਦਿੱਤ ਸਿੰਘ ਅਤੇ ਭਾਈ ਕਾਹਨ ਸਿੰਘ ਨਾਭਾ ਲਿਖਤ ਪੁਸਤਕਾਂ 'ਹਮ ਹਿੰਦੂ ਨਹੀ' ਨੇ ਸਿੱਖ ਧਰਮ ਵਿਚਲੇ ਬ੍ਰਾਹਮਣਵਾਦ ਖਿਲਾਫ ਜਾਗਰੂਕ ਕੀਤਾ। ਖਾਲਸਾ ਦੀਵਾਨ ਨੇ ਆਪਣਾ ਵੱਖਰਾ 'ਦਲਿਤ ਸ਼੍ਰੇਣੀ ਅੰਦੋਲਨ' ਆਰੰਭ ਦਿੱਤਾ ਤਾਂ ਕਿ ਅਛੂਤਾਂ ਦੀ ਹਮਾਇਤ ਖੁੱਲ੍ਹੇ ਤੌਰ 'ਤੇ ਹਾਸਲ ਕੀਤੀ ਜਾ ਸਕੇ। ਕਾਂਗਰਸ ਵੱਲੋਂ 1917 ਦੇ ਕਲਕੱਤਾ ਇਜਲਾਸ ਵਿਚ ਛੂਤ ਛਾਤ ਵਿਰੋਧੀ ਮੰਗ ਨੂੰ ਆਪਣੇ ਪ੍ਰੋਗਰਾਮ ਵਿਚ ਸ਼ਾਮਲ ਕਰ ਲੈਣ ਦਾ ਮਕਸਦ ਵੀ ਅਛੂਤਾਂ ਦੀ ਬਹੁਗਿਣਤੀ ਦਾ ਰਾਜਨੀਤਿਕ ਲਾਭ ਉਠਾਉਣਾ ਹੀ ਸੀ। ਅੱਜ ਵੀ ਰਾਜਨੀਤਿਕ ਪਾਰਟੀਆਂ ਅਛੂਤਾਂ ਦੀ ਬਹੁਗਿਣਤੀ ਦਾ ਲਾਭ ਉਠਾਉਣ ਵਿਚ ਸਰਗਰਮ ਹਨ। ਸਭ ਤੋਂ ਪਹਿਲਾਂ ਅਛੂਤਾਂ ਦਾ ਸ਼ੁੱਧੀਕਰਨ ਕਰਨ ਦਾ ਪਰਪੰਚ ਕਰਕੇ ਆਰੀਆ ਸਮਾਜ ਨੇ ਅਛੂਤਾਂ ਨੂੰ ਆਪਣੇ ਪ੍ਰਭਾਵ ਅਧੀਨ ਲੈ ਆਉਂਦਾ ਸੀ। ਆਰੀਆ ਸਕੂਲਾਂ ਵਿਚ ਪੜ੍ਹੇ-ਲਿਖੇ ਹੋਣ ਕਾਰਨ ਮੁਢਲੇ ਅਛੂਤ ਪੜ੍ਹਾਈ ਖਤਮ ਕਰਕੇ ਆਰੀਆ ਸਮਾਜ ਦੇ ਪ੍ਰਚਾਰਕ ਜਾਂ ਅਧਿਆਪਕ ਬਣਦੇ ਰਹੇ। ਸਵਾਮੀ ਸ਼ੂਦਰਾਨੰਦ ਜਲੰਧਰ ਦੇ ਆਰੀਆ ਸਕੂਲ ਤੋਂ 1914 ਈ. ਵਿਚ ਵਿੱਦਿਆ ਪ੍ਰਾਪਤੀ ਉਪਰੰਤ ਆਰੀਆ ਸਮਾਜ ਦੇ ਪ੍ਰਚਾਰਕ ਬਣੇ। ਇਸੇ ਤਰ੍ਹਾਂ ਠਾਕਰ ਦਾਸ ਕੰਦੋਲਾ, ਬਸੰਤ ਸਿੰਘ ਅਤੇ ਬਾਅਦ ਵਿਚ ਮਾਸਟਰ ਗੁਰਬੰਤਾ ਸਿੰਘ ਨੇ ਆਰੀਆ ਸਮਾਜੀ ਸਕੂਲਾਂ ਤੋਂ ਪੜ੍ਹ ਕੇ ਇਹਨਾਂ ਸੰਸਥਾਵਾਂ ਵਿਚ ਅਧਿਆਪਕ ਵਜੋਂ ਕੰਮ ਕੀਤਾ, ਜਿਨ੍ਹਾਂ ਨੇ ਆਰੀਆ ਸਮਾਜ ਲਈ ਸਿੱਧੇ ਤੌਰ 'ਤੇ ਕੰਮ ਨਹੀਂ ਵੀ ਕੀਤਾ ਪਰ ਆਰੀਆ ਸਮਾਜੀ ਪ੍ਰਭਾਵ ਤੋਂ ਬਚ ਨਾ ਸਕੇ। ਹੁਸ਼ਿਆਰਪੁਰ ਵਿਚ ਆਰੀਆ ਸਮਾਜ ਤੋਂ ਪ੍ਰਭਾਵਿਤ ਅਛੂਤਾਂ ਨੇ ਦਇਆਨੰਦ ਦਲਿਤ ਉਧਾਰ ਮੰਡਲ ਅਤੇ ਲਾਹੌਰ ਵਿਚ ਦਇਆ ਨੰਦ ਅਛੂਤ ਉਧਾਰ ਮੰਡਲ ਵਰਗੀਆਂ ਸੰਸਥਾਵਾਂ ਸਥਾਪਤ ਕੀਤੀਆਂ ਪਰ ਜਿਹੜੇ ਆਦਿ ਧਰਮੀਆਂ ਨੇ ਆਰੀਆ ਸਮਾਜ ਦੀ ਸਰਗਰਮੀ ਨਾਲ ਹਮਾਇਤ ਕੀਤੀ ਸੀ, ਉਹਨਾਂ ਦਾ ਧਰਮ ਜਲਦੀ ਹੀ ਟੁੱਟ ਗਿਆ। ਉਹ ਆਰੀਆ ਸਮਾਜ ਵਿਚ ਰਹਿ ਕੇ ਬਰਾਬਰੀ ਦਾ ਦਰਜਾ ਚਾਹੁੰਦੇ ਸਨ। ਆਦਿ ਧਰਮ ਮੰਡਲ ਦੀ ਸਥਾਪਨਾ ਤੋਂ ਪਹਿਲਾਂ ਆਰੀਆ ਸਮਾਜ ਦੇ ਹੁਸ਼ਿਆਰਪੁਰ ਨੇੜਲੇ ਪਿੰਡ ਪੁਰਾਣੀ ਬਸੀ ਦੇ ਘੁਮਿਆਰ ਜਾਤੀ ਦੇ ਸੰਤ ਰਾਮ ਬੀ. ਏ. ਨੇ 1922 ਵਿਚ ਜਾਤ ਪਾਤ ਤੋੜਕ ਮੰਡਲ ਨਾਂ ਹੇਠਾਂ ਇਕ ਅੰਦੋਲਨ ਆਰੰਭਿਆ। ਇਹ ਮੰਡਲ 1924 ਤੱਕ ਆਰੀਆ ਸਮਾਜੀਆਂ ਦੇ ਬ੍ਰਾਹਮਣਵਾਦੀ ਪਾਖੰਡਾਂ ਕਰਕੇ ਆਰੀਆ ਸਮਾਜ ਨਾਲ ਬੁਰੀ ਤਰ੍ਹਾਂ ਉਲਝ ਪਿਆ ਤੇ ਅੰਤ ਵਿਚ ਇਹਨਾਂ ਨੇ ਆਰੀਆ ਸਮਾਜ ਨੂੰ ਛੱਡ ਕੇ 'ਆਦਿ ਧਰਮ' ਵਿਚ ਆਪਣਾ ਵੱਖਰਾ 'ਆਰੀਆ ਸਮਾਜ' ਸਿਰਜ ਲਿਆ। ਆਦਿ ਧਰਮ ਦੀ ਪਹਿਲੀ ਜਥੇਬੰਦਕ ਮੀਟਿੰਗ ਜਲੰਧਰ ਸ਼ਹਿਰ ਵਿਚ 1925 ਈ. ਵਿਚ ਹੋਈ। ਇਸ ਉਪਰੰਤ ਸ਼ਾਮ ਚੁਰਾਸੀ, ਨੂਰ ਮਹਿਲ ਅਤੇ ਪੰਡੋਰੀ ਨਿਜਰਾਂ ਵਿਚ ਕਈ ਮੀਟਿੰਗਾਂ ਹੋਈਆਂ। ਇਹਨਾਂ ਮੀਟਿੰਗਾਂ ਵਿਚ ਇਹ ਫੈਸਲਾ ਲਿਆ ਕਿ ਇਸ ਜਥੇਬੰਦੀ ਵਿਚ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੂੰ ਵੀ ਸ਼ਾਮਲ ਕੀਤਾ ਜਾਵੇ। ਬਾਬੂ ਮੁੱਗੋਵਾਲੀਆ ਅਮਰੀਕਾ ਵਿਚ ਗਦਰ ਪਾਰਟੀ ਦੇ ਸਰਗਰਮ ਆਗੂ ਵਜੋਂ ਭਾਰਤ ਪਰਤਣ 'ਤੇ ਭਾਰਤੀਆਂ ਖਾਸ ਕਰਕੇ ਅਛੂਤਾਂ ਦੇ ਹੀਰੋ ਬਣ ਗਏ। ਕਾਫੀ ਯਤਨਾਂ ਤੋਂ ਬਾਅਦ ਬਾਬੂ ਮੁੱਗੋਵਾਲੀਆ ਨੇ ਆਦਿ ਧਰਮੀਆਂ ਦੀ ਨਵੀਂ ਜਥੇਬੰਦੀ ਬਣਾਉਣਾ ਮੰਨਿਆ। ਬਾਬੂ ਮੁੱਗੋਵਾਲੀਆ ਦੇ ਅਸਰ ਰਸੂਖ ਨਾਲ ਬਹੁਤ ਸਾਰੇ ਆਦਿ ਧਰਮੀ ਜੋ ਕਿ ਆਰੀਆ ਸਮਾਜ ਨਾਲ ਜੁੜੇ ਹੋਏ ਸਨ, ਆਰੀਆ ਸਮਾਜ ਨੂੰ ਛੱਡ ਕੇ ਆਦਿ ਧਰਮ ਮੰਡਲ ਵਿਚ ਸ਼ਾਮਲ ਹੋ ਗਏ। ਬਾਬੂ ਮੁੱਗੋਵਾਲੀਆ ਨੇ ਆਦਿ ਧਰਮ ਮੰਡਲ ਦੀ ਪਹਿਲੀ ਮੀਟਿੰਗ ਵੀ ਆਪਣੇ ਪਿੰਡ ਮੁੱਗੋਵਾਲ ਥਾਣਾ ਮਾਹਿਲਪੁਰ ਵਿਚ 11-12 ਜੂਨ 1026 ਨੂੰ ਕੀਤੀ, ਜਿੱਥੇ ਬਾਬੂ ਜੀ ਨੂੰ ਇਸ ਨਵੀਂ ਜਥੇਬੰਦੀ ਦਾ ਪ੍ਰਧਾਨ ਚੁਣ ਲਿਆ ਗਿਆ। ਉਹ ਇਸ ਅਹੁਦੇ 'ਤੇ ਇਸ ਪੂਰੇ ਅੰਦੋਲਨ ਦੇ ਸਮੇਂ ਤੱਕ ਕਾਇਮ ਰਹੇ ਅਤੇ ਇੰਝ ਆਦਿ ਧਰਮ ਅੰਦੋਲਨ ਅਤੇ ਬਾਬੂ ਮੁੱਗੋਵਾਲੀਆ ਇੱਕ ਮਿਕ ਹੋ ਗਏ। ਬਾਬੂ ਮੁੱਗੋਵਾਲੀਆ ਪੜ੍ਹੇ ਲਿਖੇ, ਘਰੋਂ ਸੁਖਾਲੇ ਅਤੇ ਬਹਾਦਰ ਨੌਜਵਾਨ ਸਨ। ਵਿਦੇਸ਼ਾਂ ਵਿਚ 16 ਸਾਲ ਤੱਕ ਰਹਿ ਕੇ ਉਹਨਾਂ ਨੇ ਜੋ ਇੱਜ਼ਤ ਮਾਣ, ਬਰਾਬਰੀ ਦਾ ਦਰਜਾ ਤੇ ਜ਼ਿੰਦਗੀ ਦੀਆਂ ਸਭ ਸਹੂਲਤਾਂ ਮਾਣੀਆਂ, ਉਹ ਚਾਹੁੰਦੇ ਸਨ ਕਿ ਉਸ ਤਰ੍ਹਾਂ ਹਰ ਅਛੂਤ ਦੇ ਹਿੱਸੇ ਵੀ ਆਵੇ। 1926 ਵਿਚ 40 ਸਾਲ ਦੀ ਉਮਰ ਵਿਚ ਉਹਨਾਂ ਨੇ ਅਛੂਤਾਂ ਦੀ ਬਿਹਤਰੀ ਲਈ ਜੋਰਸਤਾ ਚੁਣਿਆ, ਉਹ ਬੜਾ ਭਿਆਨਕ ਪਰ ਸਵੈਮਾਣਤਾ ਭਰਪੂਰ ਸੀ। ਬਾਬੂ ਮੁੱਗੋਵਾਲੀਆ ਦੀਆਂ ਦੇਸ਼ ਦੀ ਆਜ਼ਾਦੀ ਸੰਗਰਾਮ ਅਤੇ ਅਛੂਤਾਂ ਦੀ ਆਜ਼ਾਦੀ ਦੇ ਸੰਗਰਾਮ ਵਿਚ ਕੀਤੀਆਂ ਘਾਲਣਾਵਾਂ ਨੂੰ ਲੋਕਾਂ ਸਾਹਵੇਂ ਲਿਆਉਣਾ ਹੀ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਮਹਾਤਮਾ ਗਾਂਧੀ, ਸ੍ਰੀ ਅਰਬਿੰਦੋ, ਡਾ. ਅੰਬੇਦਕਰ ਤੇ ਹੋਰ ਸਮਾਜ ਸੁਧਾਰਕਾਂ ਤੇ ਰਾਜਨੀਤਿਕ ਨੇਤਾਵਾਂ ਤੋਂ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀ ਦੇਣ ਕਿਸੇ ਤਰ੍ਹਾਂ ਵੀ ਘੱਟ ਨਹੀਂ।

**('ਕੌਮੀ ਉਡਾਰੀਆਂ' ਜਲੰਧਰ ਦੇ ਧੰਨਵਾਦ ਸਹਿਤ)**

# ਮਹਾਤਮਾ ਗਾਂਧੀ ਬਨਾਮ ਬਾਬੂ ਮੁੱਗੋਵਾਲੀਆ





ਬਾਬੂ ਮੰਗੂ ਰਾਮ ਮੁੱਗੋਵਾਲੀਆ ਇਹ ਚਾਹੁੰਦੇ ਸਨ ਕਿ ਹਿੰਦੂਆਂ ਦੀ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਅਤੇ ਅਛੂਤਾਂ ਦੀ ਤਰੱਕੀ ਕਰਨ ਲਈ ਸਾਡੇ ਹੱਥ ਸਿਆਸੀ ਤਾਕਤ ਦਾ ਹੋਣਾ ਜ਼ਰੂਰੀ ਹੈ। ਇਸ ਲਈ ਉਹਨਾਂ ਨੇ ਚੋਣਾਂ ਵਿਚ ਹਲਕੇ ਰਿਜ਼ਰਵ ਕਰਾਉਣ ਲਈ ਜੱਦੋ ਜਹਿਦ ਕੀਤੀ, ਦੂਜੇ ਪਾਸੇ ਮਹਾਤਮਾ ਗਾਂਧੀ ਇਹ ਚਾਹੁੰਦੇ ਸਨ ਕਿ ਅਛੂਤਾਂ ਦੀ ਗਿਣਤੀ ਹਿੰਦੂਆਂ ਵਿਚ ਰਹੇ ਅਤੇ ਅਛੂਤ ਹਿੰਦੂਆਂ ਵਿਚ ਰਹਿ ਕੇ ਸਿਆਸਤ ਵਿਚ ਜਾਣ। ਇਸ ਕਰਕੇ ਗਾਂਧੀ ਅਛੂਤਾਂ ਨਾਲ ਦਿਖਾਵੀ ਹਮਦਰਦੀ ਜ਼ਾਹਿਰ ਕਰਦਾ ਸੀ ਅਤੇ ਉਹਨਾਂ ਦੀਆਂ ਗੰਦੀਆਂ ਬਸਤੀਆਂ ਵਿਚ ਜਾ ਕੇ ਅਛੂਤਾਂ ਨੂੰ ਮਿਲਦਾ ਸੀ। ਭਾਰਤ ਦੇ ਇਤਿਹਾਸ ਵਿਚ ਗਾਂਧੀ ਨੂੰ ਅਛੂਤਾਂ ਦਾ ਵੱਡਾ ਮਿੱਤਰ ਦੱਸਿਆ ਗਿਆ ਅਤੇ ਗਾਂਧੀ ਨੇ ਹੀ ਅਛੂਤਾਂ ਦਾ ਨਾਮ ਬਦਲ ਕੇ 'ਹਰੀਜਨ' ਰੱਖਿਆ ਸੀ।

ਉਹਨਾਂ ਦਾ ਕਹਿਣਾ ਸੀ ਕਿ ਭਾਰਤ ਤਦ ਹੀ ਆਜ਼ਾਦ ਹੋ ਸਕਦਾ ਹੈ ਜੇਕਰ ਅਸੀਂ ਅਛੂਤਾਂ ਨੂੰ ਨਾਲ ਮਿਲਾ ਕੇ ਆਜ਼ਾਦੀ ਲਈ ਘੋਲ ਕਰੀਏ। ਕਾਂਗਰਸ ਪਾਰਟੀ ਨੇ ਅਛੂਤਾਂ ਦੀ ਭਾਰਤ ਪੱਧਰ 'ਤੇ ਆਲ ਇੰਡੀਆ ਸੁਪਰੈਸਡ ਕਲਾਸਿਜ਼ ਫੈਡਰੇਸ਼ਨ ਬਣਾਈ ਹੋਈ ਸੀ, ਜਿਸ ਨੇ 'ਬੋਝਾ ਬਗਾਰ' ਖਤਮ ਕਰਾਉਣ ਲਈ ਸੰਨ 1924 ਵਿਚ ਲਾਹੌਰ ਵਿਚ ਕਈ ਰੈਲੀਆਂ ਕੀਤੀਆਂ। ਬਾਅਦ ਵਿਚ ਇਸ ਸੰਸਥਾ ਦਾ ਨਾਮ ਡੀਪਰੈਸਡ ਕਲਾਸਿਜ਼ ਮਿਸ਼ਨ ਰੱਖਿਆ ਗਿਆ। ਜਦੋਂ ਸੰਨ 1928 ਵਿਚ ਸਾਈਮਨ ਕਮਿਸ਼ਨ ਲਾਹੌਰ ਆਇਆ ਤਾਂ ਇਸ ਸੰਸਥਾ ਨੇ ਆਪਣਾ ਡੈਲੀਗੇਸ਼ਨ ਭੇਜਿਆ, ਜਿਸ ਨੇ ਸਿਰਫ ਲੈਂਡ ਅਲਾਇਨੇਸ਼ਨ ਐਕਟ ਦਾ ਵਿਰੋਧ ਕੀਤਾ। ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਗੋਰੀ ਸਰਕਾਰ ਅੱਗੇ ਜ਼ੋਰਦਾਰ ਸ਼ਬਦਾਂ ਵਿਚ ਕਿਹਾ ਕਿ ਸਾਡੀ ਗਰੀਬੀ ਅਨਪੜ੍ਹਤਾ ਅਤੇ ਪੱਛੜੇਪਣ ਦਾ ਵੱਡਾ ਕਾਰਨ ਹਿੰਦੂ ਹਨ ਜੋ ਸਾਡੀ ਤਰੱਕੀ ਵਿਚ ਰੋੜਾ ਅਟਕਾਉਂਦੇ ਹਨ। ਸਾਨੂੰ ਹਿੰਦੂਆਂ ਨਾਲੋਂ ਵੱਖਰੀ ਕੌਮ ਦਾ ਦਰਜਾ ਦਿੱਤਾ ਜਾਵੇ। ਬਾਬੂ ਜੀ ਨੇ ਸਾਈਮਨ ਕਮਿਸ਼ਨ ਤੇ ਲੋਥੀਅਨ ਕਮੇਟੀ ਅੱਗੇ ਸਪਸ਼ਟ ਕੀਤਾ ਸੀ ਕਿ ਨਾ ਅਸੀਂ ਹਿੰਦੂ ਹਾਂ ਤੇ ਨਾ ਹੀ ਮੁਸਲਮਾਨ ਹਾਂ, ਬਲਕਿ ਅਸੀਂ ਆਦਿ ਧਰਮੀ ਹਾਂ ਅਤੇ ਸਾਡੀ ਕੌਮ ਵੱਖਰੀ ਹੈ।

ਦੂਜੇ ਧਰਮਾਂ ਵਾਲਿਆਂ ਨੇ ਇਸ ਗੱਲ ਦਾ ਬਹੁਤ ਵਿਰੋਧ ਕੀਤਾ ਪਰ ਬਾਬੂ ਜੀ ਨੇ ਕੋਈ ਪਰਵਾਹ ਨਾ ਕੀਤੀ ਅਤੇ ਆਪਣੇ ਸਟੈਂਡ 'ਤੇ ਕਾਇਮ ਰਹੇ ਜਦੋਂ ਸੰਨ 1930 ਵਿਚ 'ਲੂਣ ਸਤਿਆ ਗ੍ਰਹਿ' ਕਾਂਗਰਸੀਆਂ ਵੱਲੋਂ ਚਲਾਇਆ ਗਿਆ ਤਾਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਪੰਜਾਬ ਸ਼ਾਖਾ ਨੇ ਜਦੋਂ ਇਹ ਸੱਤਿਆਗ੍ਰਹਿ ਜਲੰਧਰ ਵਿਚ ਸ਼ੁਰੂ ਕੀਤਾ ਤਾਂ ਆਦਿ ਧਰਮੀਆਂ ਨੇ ਇਸ ਦਾ ਡਟ ਕੇ ਵਿਰੋਧ ਕੀਤਾ, ਜਿਸ ਕਰਕੇ ਆਦਿ ਧਰਮੀਆਂ ਅਤੇ ਕਾਂਗਰਸੀਆਂ ਵਿਚ ਜ਼ਬਰਦਸਤ ਲੜਾਈ ਹੋਈ ਅਤੇ ਕਾਂਗਰਸੀਆਂ ਨੂੰ ਕੁਟਾਪਾ ਚਾੜ੍ਹਿਆ ਗਿਆ ਅਤੇ ਲੂਣ ਦੀਆਂ ਭੱਠੀਆਂ ਢਾਹ ਦਿੱਤੀਆਂ ਗਈਆਂ ਅਤੇ ਸਮਾਨ ਲੁੱਟਿਆ ਗਿਆ। ਇਸ ਝਗੜੇ ਨੇ ਗਾਂਧੀ ਦੀ ਨੀਂਦ ਹਰਾਮ ਕਰ ਦਿੱਤੀ। ਪੰਜਾਬ ਵਿਚ ਇਸ ਝਗੜੇ ਕਾਰਨ ਸਥਿਤੀ ਕਾਫੀ ਗੰਭੀਰ ਹੋ ਗਈ ਸੀ। ਇਹ ਇਸ ਕਰਕੇ ਕੀਤਾ ਗਿਆ ਸੀ ਕਿ ਕਾਂਗਰਸ ਨੇ ਕਦੀ ਕ੍ਰਿਆਤਮਕ ਰੂਪ ਵਿਚ ਸੱਚੇ ਦਿਲੋਂ ਕੋਈ ਹੰਭਲਾ ਨਹੀਂ ਮਾਰਿਆ ਸੀ। ਕਾਂਗਰਸ ਹਿੰਦੂਆਂ ਨੂੰ ਤਾਂ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣਾ ਚਾਹੁੰਦੀ ਸੀ ਪਰ ਆਦਿ ਧਰਮ ਮੰਡਲ ਨੇ ਜਦੋਂ ਅਛੂਤਾਂ ਦੀ ਆਜ਼ਾਦੀ ਦੀ ਗੱਲ ਛੇੜੀ ਤਾਂ ਕਾਂਗਰਸ ਨੇ ਮਨੂੰਵਾਦੀ ਬੋਲੀ ਬੋਲੀ। ਆਦਿ ਧਰਮੀਆਂ ਦਾ ਕਹਿਣਾ ਸੀ ਕਿ ਜੋ ਸਾਨੂੰ ਚੈਨ ਨਾਲ ਨਹੀਂ ਜਿਊਣ ਦਿੰਦਾ ਅਸੀਂ ਵੀ ਉਹਨਾਂ ਦਾ ਜਿਊਣਾ ਹਰਾਮ ਕਰ ਦਿਆਂਗੇ।

ਜਦੋਂ ਸੰਨ 1930-32 ਵਿਚ ਲੰਡਨ ਵਿਚ ਗੋਲਮੇਜ਼ ਕਾਨਫਰੰਸ ਹੋਈ ਤਾਂ ਅਛੂਤਾਂ ਦੀ ਨੁਮਾਇੰਦਗੀ ਐਮ. ਸੀ. ਰਾਜਾ ਨੇ ਕੀਤੀ ਅਤੇ ਉਸ ਨੇ ਅਛੂਤਾਂ ਨਾਲ ਗੱਦਾਰੀ ਕਰਕੇ ਗਾਂਧੀ ਦੇ ਹੱਕ ਵਿਚ ਵੋਟ ਪਾਈ ਜਦੋਂ ਇਸ ਗੱਲ ਦੀ ਖ਼ਬਰ ਬਾਬੂ ਮੁੱਗੋਵਾਲੀਆ ਨੂੰ ਪੁੱਜੀ ਤਾਂ ਉਹਨਾਂ ਨੇ ਤਾਰਾਂ ਦੇ ਕੇ ਡਾ. ਅੰਬੇਦਕਰ ਨੂੰ ਅਛੂਤਾਂ ਦਾ ਨੁਮਾਇੰਦਾ ਦੱਸਿਆ। ਜਦੋਂ ਡਾਕਟਰ ਅੰਬੇਦਕਰ ਸਾਹਿਬ ਨੇ ਇਸ ਕਾਨਫਰੰਸ ਵਿਚ ਅਛੂਤਾਂ ਲਈ ਵੱਖਰੀ ਕੌਮ ਦਾ ਦਰਜਾ ਅਤੇ ਵੱਖਰੇ ਚੋਣ ਹਲਕੇ ਅਲਾਟ ਕਰਾਉਣ ਬਾਰੇ ਬਹਿਸ ਕੀਤੀ ਤਾਂ ਗਾਂਧੀ ਨੇ ਇਸ ਦਾ ਡੱਟ ਕੇ ਵਿਰੋਧ ਕੀਤਾ, ਜਿਸ ਕਰਕੇ ਡਾ. ਅੰਬੇਦਕਰ ਸਾਹਿਬ ਦੀ ਮੰਗ ਪੂਰੀ ਨਾ ਹੋਈ ਅਤੇ ਕਾਨਫਰੰਸ ਵਿਚ ਡੈਡਲਾਕ ਪੈਦਾ ਹੋ ਗਿਆ। ਗਾਂਧੀ ਵਾਰ ਵਾਰ ਇਹ ਕਹਿੰਦਾ ਸੀ ਕਿ ਅਛੂਤ ਹਿੰਦੂ ਕੌਮ ਦਾ ਹਿੱਸਾ ਹਨ, ਇਸ ਲਈ ਇਹਨਾਂ ਦੀ ਗਿਣਤੀ ਹਿੰਦੂਆਂ ਵਿਚ ਕਰਕੇ ਚੋਣ ਹਲਕੇ ਬਣਾਏ ਜਾਣ ਜਦੋਂ ਇਹ ਵਾਰਤਾ ਵਿਚਾਲੇ ਹੀ ਟੁੱਟ ਗਈ ਤਾਂ ਗਾਂਧੀ ਵਾਪਸ ਭਾਰਤ ਪੁੱਜਾ ਅਤੇ ਉਸ ਨੇ ਅਛੂਤਾਂ ਦੀ ਵੱਖਰੀ ਕੌਮ ਅਤੇ ਅਛੂਤਾਂ ਲਈ ਵੱਖਰੇ ਚੋਣ ਹਲਕਿਆਂ ਵਿਰੁੱਧ 18 ਸਤੰਬਰ 1932 ਨੂੰ ਪੂਨੇ ਵਿਚ 'ਮਰਨ ਵਰਤ' ਸ਼ੁਰੂ ਕਰ ਦਿੱਤਾ, ਦੂਜੇ ਪਾਸੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਵੀ ਗਾਂਧੀ ਦੇ ਵਿਰੁੱਧ 'ਮਰਨ ਵਰਤ' ਜਲੰਧਰ ਵਿਚ ਸ਼ੁਰੂ ਕਰ ਦਿੱਤਾ ਅਤੇ ਇਹ ਐਲਾਨ ਵੀ ਕੀਤਾ ਕਿ ਜਦੋਂ ਤੱਕ ਸਰਕਾਰ ਅਛੂਤਾਂ ਨੂੰ ਵੱਖਰੀ ਕੌਮ ਦਾ ਦਰਜਾ ਨਹੀਂ ਦਿੰਦੀ ਅਤੇ ਉਹਨਾਂ ਲਈ ਵੱਖਰੇ ਚੋਣ ਹਲਕੇ ਅਲਾਟ ਨਹੀਂ ਕਰਦੀ, ਮੈਂ ਉਦੋਂ ਤੱਕ 'ਮਰਨ ਵਰਤ' ਨਹੀਂ ਛੱਡਾਂਗਾ। ਉਸ ਸਮੇਂ ਬਾਬੂ ਮੰਗੂ ਰਾਮ ਜੀ ਨੇ ਲਲਕਾਰ ਕੇ ਗਾਂਧੀ ਨੂੰ ਚੈਲੰਜ ਕੀਤਾ ਕਿ ਜੇ ਗਾਂਧੀ ਆਪਣੇ ਹਿੰਦੂਆਂ ਲਈ ਮਰਨ ਲਈ ਤਿਆਰ ਹੈ ਤਾਂ ਮੈਂ ਭੀ ਅਛੂਤਾਂ ਲਈ ਮਰਨ ਲਈ ਤਿਆਰ ਹਾਂ। ਬਾਬੂ ਮੰਗੂ ਰਾਮ ਨੇ ਸ਼ਿਮਲੇ ਜਾ ਕੇ ਕਿੰਗ ਜਾਰਜ ਦੇ ਨਾਮ ਖੁੱਲ੍ਹੀ ਚਿੱਠੀ ਲਿਖੀ ਅਤੇ ਆਪਣੀਆਂ ਮੰਗਾਂ ਪੇਸ਼ ਕੀਤੀਆਂ। ਬਾਬੂ ਜੀ ਨੇ ਲਿਖਿਆ ਕਿ ਜੇਕਰ ਅਛੂਤਾਂ ਲਈ ਪੰਜਾਬ ਵਿਚ ਵੱਖਰੇ ਚੋਣ ਹਲਕੇ ਨਾ ਬਣਾਏ ਅਤੇ ਅਛੂਤਾਂ ਨੂੰ ਵੱਖਰੀ ਕੌਮ ਦਾ ਦਰਜਾ ਨਾ ਦਿੱਤਾ ਗਿਆ ਤਾਂ ਪੰਜਾਬ ਵਿਚ ਗੜਬੜ ਫੈਲ ਜਾਵੇਗੀ ਕਿਉਂਕਿ ਪੰਜਾਬ ਦੇ ਸਾਰੇ ਅਛੂਤ ਮੇਰੇ ਨਾਲ ਹਨ ਜੋ ਮੇਰੀ ਖਾਤਰ ਮਰ ਮਿਟਣ ਲਈ ਤਿਆਰ ਹਨ।

ਪੰਜਾਬ ਦੇ ਹਾਲਾਤ ਕਾਫੀ ਵਿਗੜ ਚੁੱਕੇ ਸਨ। ਆਖਿਰਕਾਰ ਜਦੋਂ ਰਿਜ਼ਰਵੇਸ਼ਨ ਬਾਰੇ ਡਾ. ਅੰਬੇਦਕਰ ਸਾਹਿਬ ਅਤੇ ਮਹਾਤਮਾ ਗਾਂਧੀ ਵਿਚਕਾਰ ਗੱਲਬਾਤ ਹੋਈ ਤਾਂ ਡਾ. ਅੰਬੇਦਕਰ ਨੂੰ ਮਜਬੂਰ ਹੋ ਕੇ ਹਿੰਦੂਆਂ ਅਤੇ ਗਾਂਧੀ ਦੀ ਮੰਨ ਕੇ ਅਛੂਤਾਂ ਦੀ ਹਿੰਦੂਆਂ ਤੋਂ ਵੱਖਰੀ ਹੋਂਦ ਦੀ ਗੱਲ ਛੱਡਣੀ ਪਈ, ਜਿਸ ਨਾਲ ਬਾਬੂ ਜੀ ਅਤੇ ਡਾ. ਅੰਬੇਦਕਰ ਵਿਚਕਾਰ ਖਿਚਾਓ ਪੈਦਾ ਹੋ ਗਿਆ।

ਗਾਂਧੀ ਨੇ ਮਰਨ ਵਰਤ ਛੱਡ ਦਿੱਤਾ। ਇਹ ਸਮਝੌਤਾ 24 ਸਤੰਬਰ 1932 ਨੂੰ ਪੂਨਾ ਐਕਟ ਦੇ ਅਧੀਨ ਹੋਇਆ। ਗਾਂਧੀ ਨੇ ਕਿਹਾ ਕਿ ਜੇਕਰ ਅਛੂਤ ਵੱਖਰੇ ਚੋਣ ਹਲਕਿਆਂ ਦੀ ਮੰਗ ਛੱਡ ਦੇਣ ਤਾਂ ਉਹਨਾਂ ਲਈ ਜਨਰਲ ਹਲਕਿਆਂ ਵਿਚ ਰਿਜ਼ਰਵ ਸੀਟਾਂ ਦਿੱਤੀਆਂ ਜਾਣਗੀਆਂ। ਇਸ ਤਰ੍ਹਾਂ ਭਾਵੇਂ ਪੂਨਾ ਐਕਟ ਅਧੀਨ ਸਮਝੌਤਾ ਹੋ ਗਿਆ ਅਤੇ ਗਾਂਧੀ ਨੇ 'ਮਰਨ ਵਰਤ' ਛੱਡ ਦਿੱਤਾ ਪਰ ਬਾਬੂ ਮੰਗੂ ਰਾਮ ਨੇ ਮਰਨ ਵਰਤ ਨਾ ਛੱਡਿਆ ਕਿਉਂਕਿ ਇਸ ਸੰਧੀ ਵਿਚ ਕੋਈ ਗਰੰਟੀ ਨਹੀਂ ਦਿੱਤੀ ਗਈ ਸੀ ਕਿ ਪੰਜਾਬ ਵਿਚ ਅਛੂਤਾਂ ਲਈ ਕਿੰਨੀਆਂ ਸੀਟਾਂ ਰਾਖਵੀਆਂ ਕੀਤੀਆਂ ਗਈਆਂ ਹਨ। ਇਸ ਲਈ ਸਰਕਾਰ ਨੂੰ ਬਾਬੂ ਜੀ ਅੱਗੇ ਝੁਕਣਾ ਪਿਆ ਅਤੇ ਪੰਜਾਬ ਵਿਚ ਅੱਠ ਸੀਟਾਂ ਆਦਿ ਧਰਮੀਆਂ ਲਈ ਰਿਜ਼ਰਵ ਕੀਤੀਆਂ ਗਈਆਂ ਤਾਂ ਬਾਬੂ ਮੰਗੂ ਰਾਮ ਨੇ ਵਰਤ ਛੱਡਿਆ।

ਇਹ ਮਰਨ ਵਰਤ 28 ਦਿਨ ਚੱਲਿਆ ਜਦੋਂ ਤੱਕ ਪੂਨਾ ਐਕਟ ਲਿਖਤੀ ਤੌਰ 'ਤੇ ਜਲੰਧਰ ਨਹੀਂ ਪੁੱਜਿਆ ਕਿਉਂਕਿ ਬਾਬੂ ਜੀ ਦਾ ਕਹਿਣਾ ਸੀ ਕਿ ਜਿਨ੍ਹਾਂ ਲੋਕਾਂ ਨੇ ਹਜ਼ਾਰਾਂ ਸਾਲਾਂ ਤੋਂ ਸਾਨੂੰ ਜ਼ਲੀਲ ਕੀਤਾ ਹੈ, ਉਹਨਾਂ ਦੇ ਦਾਅਵੇ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ।

ਇਸ ਮੌਕੇ ਜਲੰਧਰ ਵਿਚ ਬਹੁਤ ਵੱਡੀ ਰੈਲੀ ਆਦਿ ਧਰਮੀਆਂ ਵੱਲੋਂ ਕੀਤੀ ਗਈ, ਜਿਸ ਵਿਚ ਸਾਰਾ ਪ੍ਰਬੰਧ ਸੇਠ ਕਿਸ਼ਨ ਦਾਸ ਸਾਬਕਾ ਐਮ. ਐਲ. ਏ. ਨੇ ਕੀਤਾ। ਸੰਤ ਸਵਰਨ ਦਾਸ ਬੱਲਾਂ ਵਾਲਿਆਂ ਨੇ ਬਾਬੂ ਜੀ ਨੂੰ ਜੂਸ ਪਿਲਾ ਕੇ ਵਰਤ ਤੁੜਵਾਇਆ।

ਇਸ ਤਰ੍ਹਾਂ ਬਾਬੂ ਮੰਗੂ ਰਾਮ ਜੀ ਨੇ ਹਿੰਦੂਆਂ ਵਿਚੋਂ ਅਛੂਤਾਂ ਦੀ ਵੱਖਰੀ ਕੌਮ 'ਆਦਿ ਧਰਮੀ' ਮਨਜ਼ੂਰ ਕਰਵਾ ਕੇ ਅਤੇ ਚੋਣਾਂ ਲਈ ਰਿਜ਼ਰਵ ਸੀਟਾਂ ਅਲਾਟ ਕਰਵਾ ਕੇ ਜਿੱਤ ਪ੍ਰਾਪਤ ਕੀਤੀ।

ਜਦੋਂ ਵੀ ਕੋਈ ਮਨੁੱਖਤਾਵਾਦੀ ਇਤਿਹਾਸਕਾਰ ਗਾਂਧੀ ਜੀ ਦੀ ਅਛੂਤਾਂ ਨਾਲ ਮਿੱਤਰ ਮਾਰ ਦਾ ਵਰਣਨ ਕਰੇਗਾ ਤਾਂ ਡਾ. ਅੰਬੇਦਕਰ ਦੇ ਗਾਂਧੀ ਪ੍ਰਤੀ ਕਹੇ ਇਹ ਸ਼ਬਦ ਸੱਚੇ ਸਿੱਧ ਹੋਣਗੇ ਕਿ ਜੇ ਕਿਸੇ ਦੇ ਮੂੰਹ ਵਿਚ ਰਾਮ ਰਾਮ ਅਤੇ ਬਗਲ ਵਿਚ ਛੁਰੀ ਹੋਵੇ ਅਤੇ ਉਸ ਨੂੰ ਮਹਾਤਮਾ ਕਿਹਾ ਜਾਵੇ ਤਾਂ ਮਹਾਤਮਾ ਗਾਂਧੀ ਸੱਚਮੁੱਚ ਹੀ ਮਹਾਤਮਾ ਹਨ ਪਰ ਬਾਬੂ ਮੁੱਗੋਵਾਲੀਆ ਨੂੰ ਸਦਾ ਹੀ ਆਦਿ ਧਰਮੀਆਂ ਅਤੇ ਮਨੁੱਖਤਾ ਦੇ ਅਲੰਬਰਦਾਰ ਵਜੋਂ ਜਾਣਿਆ ਅਤੇ ਸਤਿਕਾਰਿਆ ਜਾਵੇਗਾ।

**-ਚਤਰ ਸੈਨ ਮੁੱਗੋਵਾਲੀਆ**

**ਧੰਨਵਾਦ ਸਹਿਤ- "ਕੌਮੀ ਉਡਾਰੀਆਂ"**

# ਪੰਜਾਬੀ ਦਾ ਸੱਤਿਆਨਾਸ

## ਸ਼ਬਦ ਦੇ ਪੂਰਣ ਗਿਆਨ ਤੇ ਸਹੀ ਵਰਤੋਂ ਨਾਲ਼ ਲੋਕ-ਪਰਲੋਕ ਦੀਆਂ ਇੱਛਾਵਾਂ ਪੂਰੀਆਂ ਹੁੰਦੀਆਂ ਹਨ. – ਪਾਤੰਜਲੀ



ਅਮਰਜੀਤ ਚੰਦਨ

**The duties of a writer as a writer and a citizen are not the same. The only duty a writer has as a citizen is to defend language. And this is a political duty. Because, if language is corrupted, thought is corrupted.**

**– WH Auden**

*ਮੇਰੀ ਤਕਲੀਫ਼ ਇਸ ਲਿਖਤ ਦੇ ਸਿਰਲੇਖ 'ਚ ਪ੍ਰਤੱਖ ਹੈ। ਮੈਂ ਅਪਣੀ ਗੱਲ ਅਮਰੀਕੀ ਕਾਲ਼ੀ ਲਿਖਾਰਨ ਟੋਨੀ ਮੌਰੀਸਨ ਦੇ 1993 'ਚ ਨੋਬੇਲ ਇਨਾਮ ਲੈਣ ਵੇਲੇ ਕੀਤੇ ਭਾਸ਼ਣ ਨਾਲ਼ ਸ਼ੁਰੂ ਕਰਦਾ ਹਾਂ, ਜੋ ਸਾਰਾ ਬੋਲੀ ਦੇ ਸੁਹਜ ਤੇ ਕੁਹਜ ਬਾਰੇ ਹੈ. ਮੌਰੀਸਨ ਦੀ ਅੰਗਰੇਜ਼ੀ ਸੁਰ ਹੋਏ ਸਾਜ਼ ਵਾਂਙ ਹੈ – ਇਹ ਓਸੇ ਬੋਲੀ ਚ ਹੀ ਪੜ੍ਹਨ ਤੇ ਸੁਣਨ ਵਾਲ਼ੀ ਹੈ. ਪੰਜਾਬੀ 'ਚ ਉਹ ਗੱਲ ਨਹੀਂ ਬਣਨੀ; ਪਰ ਹੋਰ ਕੋਈ ਚਾਰਾ ਵੀ ਤਾਂ ਨਹੀਂ। ਭਾਸ਼ਣ ਇੰਜ ਸ਼ੁਰੂ ਹੁੰਦਾ ਹੈ।*

ਕੋਈ ਬੁੜ੍ਹੀ ਹੁੰਦੀ ਸੀ। ਅੰਨ੍ਹੀ. ਅਕਲਮੰਦ. ਦੋ ਬੱਚੇ ਇਹ ਧਾਰ ਕੇ ਬੁੜ੍ਹੀ ਕੋਲ਼ ਗਏ ਕਿ ਚਲੋ ਇਹਨੂੰ ਠਿੱਠ ਕਰੀਏ. ਮੁੰਡਾ ਕਹਿਣ ਲੱਗਾ – ਬੁੜ੍ਹੀਏ, ਮੇਰੇ ਹੱਥ ਚ ਚਿੜੀ ਐ, ਦੱਸ ਮਰੀ ਐ ਕਿ ਜੀਉਂਦੀ?– ਬੁੜ੍ਹੀ ਅੱਗੋਂ ਚੁੱਪ. ਉਹਨੂੰ ਤਾਂ ਕੁਸ਼ ਵੀ ਨਾ ਸੀ ਦੀਹਦਾ. ਮੁੰਡੇ ਨੇ ਫੇਰ ਓਹੀ ਗੱਲ ਪੁੱਛੀ. ਪਰ ਜਿਹੜੀ ਗੱਲ ਮੁੰਡਿਆਂ ਦੇ ਢਿੱਡ ਚ ਸੀ, ਉਹ ਬੁੜ੍ਹੀ ਦੇ ਨਹੁੰਆਂ ਚ ਸੀ. ਉਹ ਫੇਰ ਵੀ ਚੁੱਪ ਰਹੀ. ਮੁੰਡੇ ਹਿੜਹਿੜ ਕਰਨ ਲੱਗੇ. ਬੁੜ੍ਹੀ ਕੋਲ਼ੋਂ ਰਿਹਾ ਨਾ ਗਿਆ – ਮੈਂ ਨਾ ਜਾਣਾ, ਤੇਰੇ ਹੱਥ ਚ ਫੜੀ ਚਿੜੀ ਮਰੀ ਐ ਕਿ ਜੀਉਂਦੀ? ਪਰ ਇਹ ਹੈ ਤੇਰੇ ਹੱਥਾਂ 'ਚ ਮੌਰੀਸਨ ਦੀ ਏਸ ਬਾਤ ਦਾ ਮਤਲਬ ਇਹ ਹੈ – ਜੇ ਚਿੜੀ ਮਰੀ ਹੋਈ ਹੈ, ਜਾਂ ਤਾਂ ਤੁਹਾਨੂੰ ਲੱਭੀ ਹੀ ਮਰੀ ਹੋਈ ਸੀ ਜਾਂ ਤੁਸੀਂ ਇਹਨੂੰ ਮਾਰ ਦਿੱਤੈ. ਜੇ ਇਹ ਜੀਉਂਦੀ ਹੈ, ਤਾਂ ਤੁਸੀਂ ਹਾਲੇ ਵੀ ਇਹਨੂੰ ਮਾਰ ਸਕਦੇ ਹੋ. ਤੁਸੀਓਂ ਜਾਣੋ ਕਿ ਇਹਨੂੰ ਜੀਉਂਦੀ ਰਹਿਣ ਦੇਣੈ ਜਾਂ ਮਾਰ ਦੇਣੈ. ਇਹ ਤੁਹਾਡਾ ਹੀ ਜ਼ਿੰਮਾ ਹੈ।

ਬਾਤ ਵਿਚ ਚਿੜੀ ਬੋਲੀ ਹੈ ਤੇ ਔਰਤ ਲਿਖਾਰੀ. ਮੌਰੀਸਨ ਨੂੰ ਚਿੰਤਾ ਹੈ ਕਿ ਜਿਸ ਬੋਲੀ ਚ ਇਹ ਸੁਪਨੇ ਲੈਂਦੀ ਹੈ; ਜਿਸ ਬੋਲੀ ਦੀ ਇਹਨੂੰ ਗੁੜ੍ਹਤੀ ਮਿਲ਼ੀ ਸੀ; ਉਹ ਚਿੜੀ ਵਰਗੀ ਨੰਨ੍ਹੀ ਜਾਨ ਖਰੂਦੀਆਂ ਦੇ ਵੱਸ ਪਈ ਹੋਈ ਹੈ. ਇਹ ਇਹ ਮੰਨੀ ਬੈਠੀ ਹੈ ਕਿ ਜਦ ਅਣਗਹਿਲੀ ਨਾਲ਼, ਦੁਰਵਰਤੋਂ ਨਾਲ਼ ਤੇ ਦੁਰਕਾਰ ਨਾਲ਼ ਜਾਂ ਐਵੇਂ ਹੀ ਸ਼ੁਗਲ ਨਾਲ਼ ਬੋਲੀ ਮਰਦੀ ਹੈ, ਤਾਂ ਇਸ ਮੌਤ ਦੇ ਜ਼ਿੰਮੇਦਾਰ ਇਹਨੂੰ ਸਿਰਜਣ ਤੇ ਬਿਨਾਸਣ ਵਾਲ਼ੇ ਵੀ ਹੁੰਦੇ ਹਨ।

### ਤਰੱਕੀ ਜਾਂ ਨਿਘਾਰ

ਪੰਜਾਬੀ ਦਾ ਸਰੂਪ ਮੇਰੇ ਦੇਖਦਿਆਂ-ਦੇਖਦਿਆਂ ਪਿਛਲੇ ਵੀਹਾਂ-ਕੁ ਸਾਲਾਂ ਚ ਏਨਾ ਬਦਲ ਗਿਆ ਹੈ ਕਿ ਇਹ ਹੁਣ ਸਿਆਣੀ ਨਹੀਂ ਜਾਂਦੀ. ਪੰਜਾਬੀ ਦੇ ਉਸਤਾਦ (ਕਈ ਅਪਣੇ-ਆਪ ਨੂੰ "ਭਾਸ਼ਾ ਵਿਗਿਆਨੀ" ਅਖਵਾ ਕੇ ਖ਼ੁਸ਼ ਹੁੰਦੇ ਹਨ), 'ਕਵੀ' ਲਿਖਾਰੀ ਤੇ ਪਤ੍ਰਕਾਰ ਐਸੀ ਪੰਜਾਬੀ ਲਿਖ ਰਹੇ ਹਨ, ਜੋ ਅਸਲ ਚ ਗੁਰਮੁਖੀ ਅੱਖਰਾਂ ਚ ਲਿਖੀ ਅੰਗਰੇਜ਼ੀ ਤੇ ਹਿੰਦੀ ਹੋ ਕੇ ਰਹਿ ਗਈ ਹੈ. ਜੇ ਕੋਈ "ਅੰਗਰੇਜ਼ੀ ਹਿੰਦੀ ਦੇ ਪੰਜਾਬੀ ਵਾਕ-ਰਚਨਾ (ਸਿੰਟੈਕਸ) 'ਤੇ ਪਏ ਅਸਰ" ਬਾਰੇ ਪੀਐੱਚ ਡੀ ਥੀਸਿਸ ਲਿਖੇ, ਤਾਂ ਉਸ ਵਿਚ ਬੜੀਆਂ ਗੱਲਾਂ ਉਜਾਗਰ ਹੋਣਗੀਆਂ।

**"ਇਕ" ਦੀ ਦੁਰਵਰਤੋਂ –** ਠੇਠ ਪੰਜਾਬੀ ਦਾ ਸਰੂਪ 19ਵੀਂ ਸਦੀ ਦੇ ਅੱਧ ਚ ਬਾਈਬਲ ਦੇ ਪੰਜਾਬੀ ਵਿਚ ਛਪੇ ਉਲਥੇ ਨਾਲ਼ ਵਿਗੜਨ ਲੱਗਾ ਸੀ. ਚਾਰ-ਪੰਜ ਦਹਾਕਿਆਂ ਚ ਪੰਜਾਬੀ ਅੰਗਰੇਜ਼ੀ ਪੜ੍ਹ-ਸਿਖ ਕੇ ਜਦ ਸਾਹਿਤਕਾਰੀ ਪਤ੍ਰਕਾਰੀ ਕਰਨ ਲੱਗੇ, ਤਾਂ ਉਹ ਅਚੇਤ ਹੀ ਅਪਣੀ ਬੋਲੀ ਦਾ ਵਾਕ ਅੰਗਰੇਜ਼ੀ ਵਾਂਙ ਬੰਨ੍ਹਣ ਲੱਗੇ; ਨਾਲ਼ ਹੀ ਅੰਗਰੇਜ਼ੀ ਆਰਟੀਕਲ 'ਏ' 'ਐਨ' ਦੀ ਰੀਸੇ "ਇਕ" ਦੀ ਐਸੀ ਪੋਹਲ਼ੀ ਉੱਗੀ ਕਿ ਹੁਣ ਇਹਨੂੰ ਪੁੱਟ ਸੁੱਟਣਾ ਬੜਾ ਔਖਾ ਹੈ. ਭਾਈ ਵੀਰ ਸਿੰਘ ਦੀ ਲਿਖਤ ਤੋਂ ਲੈ ਕੇ ਅਜੋਕੀ ਹਰ ਲਿਖਤ "ਇਕ" ਦੇ ਕੋਕੜੂਆਂ ਨਾਲ਼ ਭਰੀ ਪਈ ਮਿਲ਼ਦੀ ਹੈ. ਖ਼ਾਸ ਕਰਕੇ ਅੰਮ੍ਰਿਤਾ ਪ੍ਰੀਤਮ ਤੇ ਸੰਤ ਸਿੰਘ ਸੇਖੋਂ ਦੀ ਲਿਖਤ ਵਿਚ "ਇਕ" ਦੀ ਭਰਮਾਰ ਹੁੰਦੀ ਹੈ. ਕਵਿਤਾ ਤੇ ਨਾਟਕ ਵਿਚ ਇਕ ਦੀ ਲੱਗੀ ਹਿਚਕੀ ਨਾਲ਼ ਤਾਂ ਬਹੁਤ ਬੇਸਵਾਦੀ ਹੁੰਦੀ ਹੈ. ਉਸਤਾਦ ਪਹਿਲੀ ਜਮਾਤ ਚ ਬੱਚੇ ਨੂੰ ਸਬਕ ਸਿਖਾਉਂਦਾ ਹੈ – ਦਿਸ ਇਜ਼ ਏ ਬੁਕ – ਇਹ ਇਕ ਕਿਤਾਬ ਹੈ. ਉਹ ਪੰਜਾਬੀ ਨਹੀਂ ਪੜ੍ਹਾਉਂਦਾ ਕਿ – ਇਹ ਕਿਤਾਬ ਹੈ. ਇਹ ਪੱਕੀ ਗੱਲ ਹੈ ਕਿ ਕਵੀ ਹੀ ਚੰਗੀ ਨਸਰ ਲਿਖ ਸਕਦਾ ਹੈ; ਕਵੀ ਨੂੰ ਬੋਲੀ ਦੇ ਸੰਗੀਤ ਦਾ ਵਧ ਪਤਾ ਹੁੰਦਾ ਹੈ. ਲਿਖਿਆ ਵਾਕ ਸੁਰਲਿਪੀ ਹੀ ਤਾਂ ਹੁੰਦਾ ਹੈ. ਕਵੀ ਪੂਰਨ ਸਿੰਘ ਤੋਂ ਲੈ ਕੇ ਅਜੋਕੇ ਕਹਿੰਦੇ-ਕਹਾਉਂਦੇ ਕਵੀਆਂ ਦੀ ਲਿਖਤ ਦਾ ਇਹ ਵੱਡਾ ਦੋਸ਼ ਹੈ. "ਇਕ" ਦੀ ਕਸਰ ਮੈਨੂੰ ਵੀ ਸੀ, ਪਰ ਸੰਨ 1975 ਵਿਚ ਸੁਰਜੀਤ ਹਾਂਸ ਦੀ ਦਿੱਤੀ ਮੱਤ ਮੇਰੇ ਖ਼ਾਨੇ ਪੈ ਗਈ।

ਮੈਂ "ਇਕ" ਦੇ ਵਿਪਰੀਤਸੁਰ ਦੀ ਬੀਮਾਰੀ ਦਾ "ਪਟਿਆਲ਼ੇ ਵਾਲ਼ੇ" ਪ੍ਰੋਫ਼ੈਸਰ ਪ੍ਰੀਤਮ ਸਿੰਘ ਨੂੰ ਪੁੱਛਿਆ, ਤਾਂ ਇਨ੍ਹਾਂ ਦੇ ਦਿੱਤੇ ਜਵਾਬ ਨਾਲ਼ ਮੈਂ ਬੋਲਣ ਜੋਗਾ ਨਾ ਰਿਹਾ. ਇਨ੍ਹਾਂ ਨੇ ਮੈਨੂੰ ਈਮੇਲ ਲਿਖੀ – ਮੈਂ ਹੁਣ ਤਕ "ਇਕ" ਅਚੇਤ ਹੀ ਵਰਤਦਾ ਰਿਹਾ ਹਾਂ; ਅੱਗੋਂ ਤੋਂ ਨਹੀਂ ਮੇਵਰਤਦਾ! – ਪਰ ਪ੍ਰੋਫ਼ੈਸਰ ਪ੍ਰੀਤਮ ਸਿੰਘ "ਇਕ" ਦੀ ਦੁਰਵਰਤੋਂ ਕਰਨੋਂ ਨਹੀਂ ਹਟੇ. ਇਨ੍ਹਾਂ ਤਾਂ ਪਿੱਛੇ ਜਿਹੇ ਮੈਨੂੰ ਇੰਜ ਵੀ ਝਿੜਕਿਆ ਕਿ: ਮੈਨੂੰ ਸਿਰ ਬਚਾਉਣ ਦੀ ਪਈ ਏ ਤੇ ਤੂੰ ਸਿਰ ਚੋਂ ਜੂੰਆਂ ਪਿਆ ਕੱਢਦਾ ਏਂ।

**ਵੰਨਗੀਆਂ:** ਸੇਖੋਂ ਨੇ ਸਵੈ-ਜੀਵਨੀ ਉਮਰ ਦਾ ਪੰਧ (ਗੁਰੂ ਨਾਨਕ ਦੇਵ ਯੂਨੀਵਰਸਟੀ. 1989) ਦੇ ਸਫ਼ੇ 195 ਵਿਚ "ਇਕ" ਗਿਆਰਾਂ ਵਾਰ ਬੇਲੋੜਾ ਵਰਤਿਆ ਹੈ।

ਮੈਂ ਸਰਦਾਰ ਗੁਰਦਿਆਲ ਸਿੰਘ ਨੂੰ ਮਿਲਿਆ ਜੋ ਉਸੇ ਦਿਨ ਹੀ ਨਿਸਬਿਤ ਰੋਡ ਉੱਤੇ ਇਕ ਵੱਡੇ ਸਾਰੇ ਘਰ ਤੋਂ ਐਬਟ ਰੋਡ ਉੱਤੇ ਇਕ ਕੋਠੀ ਵਿਚ ਪ੍ਰਸਥਾਨ ਕਰ ਰਿਹਾ ਸੀ. ਕੁਝ ਦਿਨਾਂ ਪਿੱਛੋਂ ਮੈਂ ਆਪਣੀ ਪਤਨੀ ਨੂੰ, ਜਿਸ ਕੋਲ ਸਾਡਾ ਦੋ ਢਾਈ ਮਹੀਨੇ ਦਾ ਇਕ ਬਾਲਕ ਸੀ, ਲਾਹੌਰ ਲੈ ਆਇਆ ਤੇ ਅਸੀਂ ਨਿਸਬਿਤ ਰੋਡ ਉੱਤੇ ਇਕ ਮਕਾਨ ਦਾ ਕੁੱਝ ਹਿੱਸਾ ਲੈ ਕੇ ਰਹਿਣ ਲੱਗ ਪਏ. ਉਥੇ ਸਾਡੇ ਘਰ ਦੀ ਸਫ਼ਾਈ ਇਕ ਬਾਲਮੀਕੀ ਯੁਵਤੀ ਪ੍ਰਕਾਸ਼ੋ ਕਰਦੀ ਸੀ. ਹਰਚਰਨ ਸਿੰਘ ਬਾਜਵਾ ਪਾਸ ਉਸਦਾ ਇਕ ਭਾਣਜਾ ਤੇ ਕੁਝ ਹੋਰ ਮੁੰਡੇ ਆ ਕੇ ਰਿਹਾ ਕਰਦੇ ਸਨ.ਥੋੜ੍ਹੇ ਦਿਨਾਂ ਪਿਛੋਂ ਹੀ ਸਾਨੂੰ ਲਾਹੌਰ ਸ਼ਹਿਰ ਦੇ ਬਾਹਰ-ਬਾਹਰ ਆਰੀਆ ਨਗਰ ਦੀ ਬਸਤੀ ਵਿਚ ਇਕ ਕੋਠੀ ਦਾ ਇਕ ਛੋਟਾ ਭਾਗ, ਦੋ ਕਮਰੇ ਇਕ ਸਟੋਰ, ਇਕ ਗੁਸਲਖਾਨਾ ਤੇ ਇਕ ਵੱਖਰੀ ਰਸੋਈ ਪੰਦਰਾਂ ਰੁਪਏ ਮਹੀਨਾ ਕਰਾਏ ਉੱਤੇ ਮਿਲ ਗਏ।

ਅੰਗਰੇਜ਼ੀ ਵਿਚ ਸੋਚਦਿਆਂ ਲਿਖੇ ਉਪਰਲੇ ਬੰਦ ਵਿਚ ਇਕ ਤੋਂ ਛੁੱਟ ਕੁਚੱਜੀ ਬੋਲੀ ਦੀ ਕਸਰ ਵੀ ਹੈ. ਇਹ ਠੇਠ ਪੰਜਾਬੀ ਵਿਚ ਇਸ ਤਰ੍ਹਾਂ ਲਿਖਿਆ ਜਾ ਸਕਦਾ ਸੀ:

ਮੈਂ ਸਰਦਾਰ ਗੁਰਦਿਆਲ ਸਿੰਘ ਨੂੰ ਮਿਲ਼ਿਆ, ਜੋ ਉਸੇ ਦਿਨ ਹੀ ਨਿਸਬਿਤ ਰੋਡ ਵਾਲ਼ਾ ਵੱਡਾ-ਸਾਰਾ ਘਰ ਛੱਡ ਕੇ ਐਬਟ ਰੋਡ ਵਾਲ਼ੀ ਕੋਠੀ ਨੂੰ ਚੱਲਿਆ ਸੀ. ਕੁਝ ਦਿਨਾਂ ਪਿੱਛੋਂ ਮੈਂ ਅਪਣੀ ਪਤਨੀ ਨੂੰ ਲਾਹੌਰ ਲੈ ਆਇਆ. ਓਦੋਂ ਉਹਦੇ ਕੁੱਛੜ ਸਾਡਾ ਦੋ-ਢਾਈ ਮਹੀਨੇ ਦਾ ਬਾਲਕ ਸੀ ਤੇ ਅਸੀਂ ਨਿਸਬਿਤ ਰੋਡ 'ਤੇ ਕਿਸੇ ਮਕਾਨ ਦੇ ਇਕ ਹਿੱਸੇ ਵਿਚ ਰਹਿਣ ਲੱਗ ਪਏ. ਉਥੇ ਸਾਡੇ ਘਰ ਦੀ ਸਫ਼ਾਈ ਬਾਲਮੀਕੀ ਕੁੜੀ ਪ੍ਰਕਾਸ਼ੋ ਕਰਦੀ ਸੀ. ਹਰਚਰਨ ਸਿੰਘ ਬਾਜਵੇ ਕੋਲ਼ ਉਹਦਾ ਭਾਣਜਾ ਤੇ ਕੁਝ ਹੋਰ ਮੁੰਡੇ ਆ ਕੇ ਰਹਿੰਦੇ ਹੁੰਦੇ ਸਨ. ਥੋੜ੍ਹੇ ਦਿਨਾਂ ਪਿੱਛੋਂ ਹੀ ਸਾਨੂੰ ਲਾਹੌਰ ਸ਼ਹਿਰ ਦੇ ਬਾਹਰਵਾਰ ਆਰੀਆ ਨਗਰ ਦੀ ਬਸਤੀ ਵਿਚ ਪੰਦਰਾਂ ਰੁਪਏ ਮਹੀਨਾ ਕਿਰਾਏ 'ਤੇ ਕੋਠੀ ਮਿਲ਼ ਗਈ; ਜਿਸ ਵਿਚ ਦੋ ਕਮਰੇ, ਸਟੋਰ, ਗ਼ੁਸਲਖ਼ਾਨਾ ਤੇ ਵੱਖਰੀ ਰਸੋਈ ਸੀ। ਸੇਖੋਂ ਨੇ ਉਮਰ ਦਾ ਪੰਧ ਵਿਚ ਹੀ ਇਹ ਫੜ੍ਹਾਂ ਮਾਰੀਆਂ ਹੋਈਆਂ ਹਨ। ਜਦ ਪੰਜਾਬ ਯੂਨੀਵਰਸਟੀ ਨੇ ਪੰਜਾਬੀ ਦੀ ਵੀ ਐਮ।ਏ। ਸ਼ੁਰੂ ਕਰ ਦਿੱਤੀ, ਤਾਂ ਮੈਂ ਖ਼ਾਲਸਾ ਕਾਲਜ ਵਿਚ ਪੰਜਾਬੀ ਦਾ ਮੁੱਖ ਅਧਿਆਪਕ ਬਣ ਗਿਆ ਜਿਸ ਪਦਵੀਂ ਨੂੰ ਮੈਂ ਉਸ ਵੇਲੇ ਅੰਗਰੇਜ਼ੀ ਦੇ ਮੁੱਖ ਅਧਿਆਪਕ ਨਾਲੋਂ ਚੰਗੇਰੀ ਸਮਝਦਾ ਸਾਂ. ਜਦੋਂ ਮੈਂ ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ ਦੀ ਆਲੋਚਨਾ ਉੱਤੇ ਭਾਸ਼ਨ ਦਿੰਦਾ ਸਾਂ ਤਾਂ ਮੈਂ ਸਮਝਦਾ ਸਾਂ ਜੋ ਉਨ੍ਹੀਵੀਂ ਸਦੀ ਵਿਚ ਆਕਸਫ਼ੋਰਡ ਤੇ ਕੈਮਬ੍ਰਿਜ ਵਿਚ ਅੰਗਰੇਜ਼ੀ ਦੇ ਅਧਿਆਪਕ ਅੰਗਰੇਜ਼ੀ ਸਾਹਿਤ ਤੇ ਭਾਸ਼ਾ ਲਈ ਕਰਦੇ ਸਨ ਤੇ ਪਿਛਲੇ ਤੀਹ ਵਰ੍ਹਿਆਂ ਵਿਚ ਜੋ ਪੰਜਾਬੀ ਆਲੋਚਨਾ ਤੇ ਅਧਿਆਪਨ ਵਿਚ ਕੰਮ ਹੋਇਆ ਹੈ, ਮੈਂ ਸਮਝਦਾ ਹਾਂ ਉਸ ਉੱਤੇ ਮੇਰਾ ਬੜਾ ਪ੍ਰਭਾਵ ਹੈ. ਪੰਜਾਬੀ ਵਿਚ ਸਾਹਿਤ ਆਲੋਚਨਾ ਦੀ ਸਿਧਾਂਤਕ ਪਰਿਪਾਟੀ ਦੀ ਸਥਾਪਨਾ ਵਿਚ, ਮੈਨੂੰ ਇਹ ਕਹਿਣ ਵਿਚ ਕੋਈ ਸੰਕੋਚ ਨਹੀਂ, ਮੇਰਾ ਪ੍ਰਭਾਵ ਸਭ ਪਾਸੇ ਮੰਨਿਆ ਗਿਆ ਹੈ। ਪੰਜਾਬੀ ਭਾਸ਼ਾ ਦੀ ਸ਼ੈਲੀ ਬਨਾਉਣ ਵਿਚ ਵੀ ਮੇਰਾ ਕੰਮ ਉਸੇ ਤਰ੍ਹਾਂ ਮੋਢੀਆਂ ਵਾਲਾ ਹੈ. ਪਹਿਲਾਂ-ਪਹਿਲਾਂ ਮੇਰਾ ਪੰਜਾਬੀ ਵਿਚ ਸੰਸਕ੍ਰਿਤ ਦੇ ਤਤਸਮ ਤੇ ਨਵੇਂ ਤਦਭਵ ਸ਼ਬਦ ਲਿਆਉਣ ਕਰਕੇ ਬਹੁਤ ਵਿਰੋਧ ਹੋਇਆ ਤੇ ਮੇਰੀ ਭਾਸ਼ਾ ਨੂੰ ਔਖੀ ਤੇ ਦੁਰਗਮ ਕਿਹਾ ਗਿਆ. ਵਿਸ਼ੇਸ਼ ਕਰਕੇ ਆਲੋਚਨਾ ਸਿਧਾਤ ਦੀ ਮੇਰੀ ਪੁਸਤਕ ਸਾਹਿਤਿਆਰਥ ਦੇ ਨਾਉਂ ਅਤੇ ਭਾਸ਼ਾ ਉਤੇ ਬਹੁਤ ਕਿੰਤੂ ਕੀਤੇ ਗਏ, ਪਰ ਮੈਨੂੰ ਇਕ ਵਿਜਯੀ ਵਾਲੀ ਖੁਸ਼ੀ ਹੈ ਕਿ ਪੰਜਾਬੀ ਭਾਸ਼ਾ ਦੀ ਸ਼ੈਲੀ ਹੁਣ ਸਰਵਤਰ ਮੇਰੇ ਵਾਲੀ ਹੈ।

(ਪੂਰਬੀ) ਪੰਜਾਬ ਯੂਨੀਵਰਸਟੀ ਨੇ ਪੰਜਾਬੀ ਦੀ ਐੱਮ ਏ ਸੰਨ 1952 ਵਿਚ ਸ਼ੁਰੂ ਕੀਤੀ ਸੀ. ਸੇਖੋਂ ਦੇ ਇਸ ਬਿਆਨ ਵਿਚ ਅਪਣੇ ਪਾਏ ਅਸਰ ਵਾਲ਼ਾ ਕੀਤਾ ਦਾਅਵਾ ਸੱਚਾ ਹੈ. ਜਿਹਨੂੰ ਇਹ ਅਪਣਾ ਮਾਣ ਸਮਝਦਾ ਹੈ, ਉਹਨੂੰ ਮੈਂ ਅਪਣੀ ਮਾਂ-ਬੋਲੀ ਨਾਲ਼ ਕੀਤੀ ਬੇਪੱਤ ਸਮਝਦਾ ਹਾਂ. ਸੇਖੋਂ ਪੰਜਾਬੀ ਦਾ ਸੱਤਿਆਨਾਸ ਕਰਨ ਵਾਲ਼ੇ ਮੋਹਰੀਆਂ ਚ ਹੈ. ਇਹਦੀ ਰੀਸੇ ਐੱਮ।ਏ। ਕਰਦਾ ਹਰ ਵਿਦਿਆਰਥੀ ਇਹਦੇ ਵਰਗੀ ਹੀ ਬੋਲੀ ਲਿਖਣ ਲਗ ਪਿਆ ਸੀ. ਹੁਣ ਪੀਐੱਚ। ਡੀ। ਦੀ ਡਿਗਰੀ ਵਾਲ਼ੇ ਕੁਚੱਜਿਆਂ ਦੇ ਇਸ ਟੱਬਰ ਦੀ ਗਿਣਤੀ ਵਧ ਕੇ ਸਾਢੇ ਤਿੰਨ ਹਜ਼ਾਰ ਤੋਂ ਵਧ ਹੋ ਗਈ ਹੈ. (ਡਾਕਟਰ) ਹਰਿਭਜਨ ਸਿੰਘ ਵਰਗੀ ਠੇਠ ਪੰਜਾਬੀ ਹੋਰ ਕੋਈ ਆਲੋਚਕ ਨਹੀਂ ਲਿਖ ਸਕਿਆ।

ਅੰਮ੍ਰਿਤਾ ਪ੍ਰੀਤਮ ਦੀ ਸਾਰੀ ਨਜ਼ਮ ਤੇ ਨਸਰ ਵਿਚ "ਇਕ" ਦੀ ਭਰਮਾਰ ਹੈ. ਵੰਨਗੀ: ਇਹਦੀ ਛੇ ਸਤਰਾਂ ਦੀ ਕਵਿਤਾ ਇਮਰੋਜ਼ ਚਿਤ੍ਰਕਾਰ ਹੈ, ਜਿਸ ਵਿਚ ਪੰਜ ਵਾਰ ਬੇਲੋੜਾ "ਇਕ" ਵਰਤਿਆ ਹੈ।

ਮੇਰੇ ਸਾਹਮਣੇ – ਈਜ਼ਲ ਦੇ ਉੱਤੇ, ਇਕ ਕੈਨਵਸ ਪਈ ਹੈ
ਕੁਝ ਇੰਜ ਜਾਪਦਾ – ਕਿ ਕੈਨਵਸ ਤੇ ਲੱਗਾ ਰੰਗ ਦਾ ਟੋਟਾ
ਇਕ ਲਾਲ ਟਾਕੀ ਬਣ ਕੇ ਹਿਲਦਾ ਹੈ
ਤੇ ਹਰ ਇਨਸਾਨ ਦੇ ਅੰਦਰ ਦਾ ਪਸ਼ੂ ਇਕ ਸਿੰਗ ਚੁੱਕਦਾ ਹੈ.
ਸਿੰਗ ਤਣਦਾ ਹੈ, ਤੇ ਹਰ ਕੂਚਾ ਗਲੀ ਬਾਜ਼ਾਰ ਇਕ 'ਰਿੰਗ' ਬਣਦਾ ਹੈ
ਤੇ ਮੇਰੀਆਂ ਪੰਜਾਬੀ ਰਗਾਂ ਵਿਚ ਇਕ ਸਪੇਨੀ ਰਵਾਇਤ ਖੌਲਦੀ...

– ਮੈਂ ਜਮ੍ਹਾ ਤੂੰ, ਨਾਗਮਣੀ ਪ੍ਰਕਾਸ਼ਨ, 1977

### ਪਤ੍ਰਕਾਰੀ ਤੇ ਸਾਹਿਤਕਾਰੀ

ਪਿਛਲੇ ਦੋ ਦਹਾਕਿਆਂ ਚ ਪੰਜਾਬੀ ਪਤ੍ਰਕਾਰੀ ਦੀ ਬੋਲੀ ਇਕਦਮ ਬਦਲ ਗਈ ਹੈ. ਚੰਡੀਗੜ੍ਹ, ਪਟਿਆਲ਼ੇ ਤੇ ਲੁਧਿਆਣੇ ਵਾਲ਼ੀਆਂ ਯੂਨੀਵਰਸਟੀਆਂ ਨੇ ਪਤ੍ਰਕਾਰੀ ਦੇ ਵਿਭਾਗ ਖੋਲ੍ਹੇ ਹੋਏ ਹਨ. ਇਨ੍ਹਾਂ ਦੇ ਸਿਖਾਏ ਬੋਲੀ ਦਾ ਅੱਗੇ ਹੋਰ ਘਾਣ ਕਰੀ ਜਾਂਦੇ ਹਨ. ਇਸ ਮਸਲੇ ਦੀ ਜੜ੍ਹ ਵੀ ਅੰਗਰੇਜ਼ੀ ਹੀ ਹੈ. ਅਖ਼ਬਾਰਾਂ ਦੀਆਂ ਤਕਰੀਬਨ ਸਾਰੀਆਂ ਖ਼ਬਰਾਂ ਅੰਗਰੇਜ਼ੀ ਤੋਂ ਉਲਥਾਈਆਂ ਹੁੰਦੀਆਂ ਹਨ. ਕੰਮ ਦੇ ਗਾੜ੍ਹ ਕਰਕੇ ਤੇ ਅਪਣੀ ਕਿਰਤ ਤੇ ਬੋਲੀ ਨਾਲ਼ ਪਿਆਰ ਨਾ ਹੋਣ ਕਰਕੇ ਖ਼ਬਰਚੀ ਵਗਾਰ ਪੂਰੀ ਕਰ-ਕਰ ਰੋਜ਼ਾਨਾ ਅਖ਼ਬਾਰ ਦਾ ਖੂਹ ਜਿੱਡਾ ਢਿੱਡ ਭਰ ਕੇ ਸੁੱਖ ਦੀ ਨੀਂਦ ਸੌਂ ਜਾਂਦੇ ਹਨ. (ਪਤ੍ਰਕਾਰ ਤੁਰਕੀ ਚ ਖ਼ਬਰਚੀ ਹੁੰਦਾ ਹੈ; ਓਵੇਂ ਜਿਵੇਂ ਪੰਜਾਬੀ ਚ ਤੁਰਕੀ ਦੇ ਸ਼ਬਦ ਮਿਸ਼ਾਲਚੀ, ਨਿਸ਼ਾਨਚੀ, ਖ਼ਜ਼ਾਨਚੀ ਵਗ਼ੈਰਾ ਸਮਾਏ ਹੋਏ ਹਨ.) ਪੰਜਾਬੀ ਖ਼ਬਰਚੀਆਂ ਤੇ ਯੂਨੀਵਰਸਟੀ ਦੇ ਉਸਤਾਦਾਂ ਦੀ ਬੋਲੀ ਭਾਵੇਂ ਰ਼ਲਦੀ-ਮਿ਼ਲਦੀ ਹੈ; ਪਰ ਅਜੋਕੀ ਅਖ਼ਬਾਰੀ ਬੋਲੀ ਦੀਆਂ ਕੁਝ ਮਿਸਾਲਾਂ ਇਹ ਹਨ:-

1) ਹਿੰਦੀ ਅਖ਼ਬਾਰਾਂ ਤੇ ਟੈਲੀਵੀਯਨ ਦੀ ਰੀਸੇ ਪੰਜਾਬੀ ਅਖ਼ਬਾਰਾਂ ਦੀਆਂ ਸੁਰਖ਼ੀਆਂ ਮਦਾਰੀ-ਜਮੂਰੇ ਵਾਂਙ ਬੋਲਦੀਆਂ ਹਨ। ਨਵੇਂ ਜ਼ਮਾਨੇ ਅਖ਼ਬਾਰ ਦੇ ਸੰਪਾਦਕ ਸਾਹਿਬਾਨ ਅਪਣੀ 'ਠੇਠ ਪੰਜਾਬੀ' ਦੀ ਅਪਣੀ ਆਪ ਵਡਿਆਈ ਕਰਦੇ ਰਹਿੰਦੇ ਹਨ. ਪਰ ਇਹ ਅਖ਼ਬਾਰ ਵੀ ਪੰਜਾਬੀ ਨੂੰ ਪਲੀਤ ਕਰਨ ਵਿਚ ਕਿਸੇ ਨਾਲ਼ੋਂ ਪਿੱਛੇ ਨਹੀਂ. ਮਦਾਰੀ-ਜਮੂਰੇ ਵਾਂਙ ਬੋਲਦੀਆਂ ਇਸ ਦੀਆਂ ਸੁਰਖ਼ੀਆਂ ਦੀ ਵੰਨਗੀ: ਕੁਝ ਵੀ ਨਹੀਂ ਸਵਾਰ ਸਕਿਆ ਅਫ਼ਗ਼ਾਨਿਸਤਾਨ ਉੱਤੇ ਪੱਛਮ ਦਾ ਕਬਜ਼ਾ; ਪੀਪੀਐੱਸ ਚੜ੍ਹਿਆ ਸਿਆਸਤ ਦੀ ਭੇਟ; ਪੰਜ ਸਾਲਾ ਬਾਲੜੀ ਨਾਲ ਕੀਤਾ ਦਰਿੰਦਿਆਂ ਬਲਾਤਕਾਰ. (ਨਵਾਂ ਜ਼ਮਾਨਾ, 9 ਸਤੰਬਰ 2007)

2) ਪੰਜਾਬੀ ਅਖ਼ਬਾਰ ਪੰਜਾਬੀ ਵਿਆਕਰਣ ਦੇ ਵਿਕਾਰੀ ਰੂਪ ਦਾ ਨਿਯਮ (ਰੂਲ ਆੱਵ ਔਬਲੀਕ ਫ਼ੌਰਮ) ਤਿਆਗ ਕੇ ਹਿੰਦੀ ਦੇ ਰੀਸੇ ਲੁਧਿਆਣੇ ਚ ਕਤਲ ਦੀ ਥਾਂ ਲੁਧਿਆਣਾ ਚ ਕਤਲ ਲਿਖਣ ਲਗ ਪਏ ਹਨ. ਪੰਜਾਬ ਦੀ ਆਵਾਜ਼ ਅਜੀਤ ਦੀ ਵੈੱਬਸਾਈਟ 'ਤੇ 20 ਮਾਰਚ 2004 ਨੂੰ ਇਹ ਖ਼ਬਰ ਲੱਗੀ:...ਕੋਟਕਪੂਰਾ ਦੇ ਨੌਜਵਾਨ ਨਾਲ ਠੱਗੀ . ਇਹ ਤਾਂ ਇਹ ਖ਼ਬਰ ਲਿਖਣ ਵਾਲ਼ਾ ਹੀ ਦਸ ਸਕਦਾ ਹੈ ਕਿ ਉਹਨੇ ਪੰਜਾਬੀ ਦਾ ਮੁਹਾਵਰਾ ਵਰਤਦਿਆਂ...ਕੋਟਕਪੂਰੇ ਦੇ ਨੌਜਵਾਨ ਨਾਲ ਠੱਗੀ ਕਿਉਂ ਨਹੀਂ ਲਿਖਿਆ? ਕਿਸੇ ਪੰਜਾਬੀ ਨੂੰ ਪੰਜਾਬੀ ਦੀ ਵਿਆਕਰਣ ਚਿਤਾਰਨ ਨਾਲ਼ੋਂ ਉਦਾਸ ਗੱਲ ਹੋਰ ਕਿਹੜੀ ਹੋਣੀ ਹੈ! ਨਿਯਮ ਤਾਂ ਇਹ ਹੈ ਕਿ ਪੰਜਾਬੀ ਦੇ ਪੁਲਿੰਗ ਸ਼ਬਦ ਦੇ ਆਖ਼ਿਰ ਚ 'ਆ' ਸੰਬੰਧਕ (ਪੋਸਟ ਪੁਜ਼ੀਸ਼ਨ) ਲਗਦਾ ਹੈ, ਤਾਂ ਆ ਤੋਂ 'ਏ' ਬਣ ਜਾਂਦਾ ਹੈ. (ਇਹ ਨੇਮ ਕੁਝ ਸ਼ਬਦਾਂ 'ਤੇ ਨਹੀਂ ਢੁੱਕਦਾ; ਜਿਵੇਂ ਪਰਮਾਤਮਾ, ਅੱਲ੍ਹਾ ਜਾਂ ਭਰਾ ਵਗ਼ੈਰਾ.) ਸ਼ਾਇਦ ਕਿਸੇ ਦਿਨ ਸਾਡੇ ਖ਼ਬਰਚੀ "ਉਹਨੂੰ ਕੁੱਤੇ ਨੇ ਵੱਢਿਆ" ਦੀ ਥਾਂ "ਉਸਨੂੰ ਕੁੱਤਾ ਨੇ ਕੱਟਿਆ" ਲਿਖਣ ਲਗ ਜਾਣ! ਹੁਣ ਅਖ਼ਬਾਰ "ਪਟਿਆਲਿਓਂ" ਆਈਆਂ ਖ਼ਬਰਾਂ ਨਹੀਂ ਛਾਪਦੇ, "ਪਟਿਆਲਾ ਤੋਂ" ਆਈਆਂ ਖ਼ਬਰਾਂ ਛਾਪਦੇ ਹਨ।

3) **ਆਮ ਗ਼ਲਤੀਆਂ:–** "ਕਹਿਣਾ ਚਾਹੁੰਦਾ ਹਾਂ" ਦੀ ਥਾਂ "ਕਹਿਣਾ ਚਾਹਵਾਂਗਾ". "ਕਰਨ ਲੱਗਾ ਹਾਂ" ਦੀ ਥਾਂ "ਕਰਨ ਜਾ ਰਿਹਾ ਹਾਂ". "ਤੁਹਾਡਾ ਇਸ ਬਾਰੇ ਕੀ ਖ਼ਿਆਲ ਹੈ? ਦੀ ਥਾਂ "ਤੁਸੀਂ ਇਸਨੂੰ ਕਿਵੇਂ ਲੈਂਦੇ ਹੋ". "ਫ਼ੈਸਲਾ ਕਰਨਾ" ਹੁਣ "ਫ਼ੈਸਲਾ ਲੈਣਾ" ਹੋ ਚੁੱਕਾ ਹੈ. ਅੰਗਰੇਜ਼ੀ ਸ਼ਬਦ ਔਨ/ਐਟ ਬਿਨਾਂ ਸੋਚਿਆਂ 'ਉੱਤੇ' ਇਸ ਤਰ੍ਹਾਂ ਬਣਾਇਆ ਹੁੰਦਾ ਹੈ – ਕਹਾਣੀ ਉੱਤੇ ਫ਼ਿਲਮ/ ਫ਼ਲਾਨੀ ਕਿਤਾਬ ਉੱਤੇ ਗੋਸ਼ਟੀ. ਬਲਵੰਤ ਗਾਰਗੀ ਨੇ ਦੇਰ ਹੋਈ ਲੇਖ ਲਿਖਿਆ ਸੀ – **ਸੁਰਿੰਦਰ ਕੌਰ ਉੱਤੇ ਫ਼ਿਲਮ**. ਮੈਂ ਇਹਨੂੰ ਚਿੱਠੀ ਲਿਖੀ ਸੀ ਕਿ ਤੁਸੀਂ ਸੁਰਿੰਦਰ ਕੌਰ ਦੀ ਫ਼ਿਲਮ ਬਣਾਈ ਹੋਣੀ ਹੈ, ਨਾ ਕਿ ਉਹਦੇ ਉੱਤੇ!

4) ਕਰਤਰੀ ਵਾਚ (ਐਕਟਿਵ ਵੌਇਸ) ਦੀ ਥਾਂ ਕਰਮਨੀ ਵਾਚ (ਪੈਸਿਵ ਵੌਇਸ) ਵਰਤਣ ਦੀ ਸਾਰਿਆਂ ਨਾਲ਼ੋਂ ਵਧ ਆਦਤ ਸੰਤੋਖ ਸਿੰਘ ਧੀਰ ਨੂੰ ਹੈ. ਮੈਂ ਇਨ੍ਹਾਂ ਨੂੰ ਇਹ ਗੱਲ ਚਿਤਾਰੀ ਵੀ ਸੀ, ਪਰ ਇਨ੍ਹਾਂ ਨੇ ਅਣਸੁਣੀ ਕਰ ਦਿੱਤੀ. ਦੋ ਕੁ ਮਿਸਾਲਾਂ ਬਥੇਰੀਆਂ ਹਨ – ਇਨ੍ਹਾਂ ਦੀਆਂ 51 ਕਹਾਣੀਆਂ ਦੀ ਕਿਤਾਬ ਦੇ ਪਹਿਲੇ ਹੀ ਬੰਦ ਦਾ ਦੂਜਾ ਵਾਕ ਹੈ – "ਮੰਗੋ ਤੇ ਕੋਈ ਇਕ ਸਵਾਰ ਆਦਿ, ਲਗਭਗ ਇਕ ਦਹਾਕਾ ਮਗਰੋਂ ਜਾ ਕੇ ਲਿਖੀਆਂ ਗਈਆਂ ਸਨ." ਮੈਂ ਇਹ ਵਾਕ ਇੰਜ ਲਿਖਦਾ – "ਮੰਗੋ ਤੇ ਕੋਈ ਇਕ ਸਵਾਰ ਤੇ ਹੋਰ ਕਹਾਣੀਆਂ ਮੈਂ ਕੋਈ ਇਕ ਦਹਾਕੇ ਮਗਰੋਂ ਜਾ ਕੇ ਲਿਖੀਆਂ ਸਨ." ਇਨ੍ਹਾਂ ਦੀਆਂ ਚੋਣਵੀਆਂ ਕਵਿਤਾਵਾਂ ਲਿਖ ਰਿਹਾ ਧੀਰ ਦੇ ਮੁਖਬੰਧ ਦਾ ਆਖ਼ਿਰੀ ਵਾਕ ਹੈ – "...ਮੇਰੇ ਵਲੋਂ ਏਥੇ ਕੁਝ ਵੀ ਆਖਿਆ ਜਾਣਾ ਵਾਜਬ ਨਹੀਂ."– ਠੇਠ ਬੋਲੀ ਚ ਇਹ ਵਾਕ ਇੰਜ ਬਣਦਾ ਹੈ – ਮੇਰਾ ਕੁਝ ਵੀ ਆਖਣਾ ਵਾਜਿਬ ਨਹੀਂ।

### ਪੰਜਾਬੀ ਵਿਚ ਅੰਗਰੇਜ਼ੀ ਦੀ 'ਬਾਈ'

ਤਕਰੀਬਨ ਸਾਰੇ ਲਿਖਾਰੀ ਇਹਦਾ ਕੁਚੱਜਾ ਅਨੁਵਾਦ ਦੁਆਰਾ ਜਾਂ ਵੱਲੋਂ ਕਰਦੇ ਹਨ. ਹਿੰਦੀ ਵਾਲ਼ਾ ਦੁਆਰਾ/ਦਵਾਰਾ ਤਾਂ ਪੰਜਾਬੀ ਦਾ ਮੁਹਾਵਰਾ ਅਸਲੋਂ ਹੀ ਨਹੀਂ ਹੈ।

**ਵੰਨਗੀ:** ਜੀਤ ਸਿੰਘ ਸੀਤਲ ਦੁਆਰਾ ਸੰਪਾਦਤ ਹੀਰ... ਪਾਠਕਾਂ ਦੀ ਸਹਾਇਤਾ ਲਈ ਪੰਜਾਬੀ ਯੂਨੀਵਰਸਟੀ ਪਟਿਆਲਾ ਵੱਲੋਂ ਦੋ ਕੋਸ਼ ਪ੍ਰਕਾਸ਼ਤ ਕੀਤੇ ਗਏ ਹਨ. ਇਕ ਫ਼ਾਰਸੀ-ਪੰਜਾਬੀ ਕੋਸ਼ (ਜੋ ਜੀਤ ਸਿੰਘ ਸੀਤਲ ਵੱਲੋਂ ਤਿਆਰ ਅਤੇ ਯੂਨੀਵਰ ਸਟੀ ਦੇ ਵਿਦਵਾਨਾਂ ਵੱਲੋਂ ਸੰਸ਼ੋਧਿਆ ਗਿਆ ਹੈ) ਅਤੇ ਦੂਜਾ 'ਪੰਜਾਬੀ ਦੇ ਪ੍ਰਸਿੱਧ ਕਿੱਸਾ-ਕਾਵਿ ਦਾ ਸ਼ਬਦ-ਕੋਸ਼' (ਵੱਲੋਂ ਡਾ ਜਗਤਾਰ ਸਿੰਘ). – ਵਾਰਿਸ ਦੇ ਅੰਗ-ਸੰਗ। ਪ੍ਰੋ। ਜੀ ਐਸ ਰਿਆਲ। ਪੰਜਾਬੀ ਟ੍ਰਿਬਿਊਨ। 24 ਜੂਨ 2007

**ਠੇਠ ਪੰਜਾਬੀ:** ਜੀਤ ਸਿੰਘ ਸੀਤਲ ਦੀ ਜੋੜੀ ਹੀਰ... ਪਾਠਕਾਂ ਦੀ ਸੌਖ ਲਈ ਪੰਜਾਬੀ ਯੂਨੀਵਰਸਟੀ ਨੇ ਦੋ ਕੋਸ਼ ਛਾਪੇ ਹਨ। ਪਹਿਲਾ ਜੀਤ ਸਿੰਘ ਸੀਤਲ ਦਾ ਤਿਆਰ ਕੀਤਾ ਯੂਨੀਵਰਸਟੀ ਦੇ ਵਿਦਵਾਨਾਂ ਦਾ ਸੋਧਿਆ 'ਫ਼ਾਰਸੀ-ਪੰਜਾਬੀ ਕੋਸ਼' ਅਤੇ ਦੂਜਾ ਡਾ ਜਗਤਾਰ ਸਿੰਘ ਦਾ 'ਪੰਜਾਬੀ ਦੇ ਪ੍ਰਸਿੱਧ ਕਿੱਸਾ-ਕਾਵਿ ਦਾ ਸ਼ਬਦ-ਕੋਸ਼'.

ਪਤਾ ਨਹੀਂ, ਭਾਸ਼ਾ-ਵਿਗਿਆਨੀ ਪ੍ਰੋਫ਼ੈਸਰ ਰਿਆਲ ਨੇ ਜੀਤ ਸਿੰਘ ਸੀਤਲ ਦੇ ਨਾਂ ਨਾਲ਼ 'ਡਾ।' ਦੀ ਉਪਾਧੀ ਕਿਉਂ ਨਹੀਂ ਲਾਈ? ਅਪਣੇ ਜਾਂ ਹੋਰਨਾਂ ਦੇ ਨਾਂ ਨਾਲ਼ ਬਿਨਾਂ ਕਿਸੇ ਗੱਲੋਂ 'ਡਾ ਪ੍ਰੋ' ਲਿਖਣ ਦੀ ਕਸਰ ਸਿਰਫ਼ ਪੰਜਾਬੀਆਂ ਨੂੰ ਹੈ. ਯੂਨੀਵਰਸਟੀਆਂ ਦੇ ਅਪਣੇ ਪਰਚਿਆਂ ਵਿਚ ਵੀ 'ਡਾ। ਪ੍ਰੋ।' ਕਿਸੇ ਖ਼ਾਸ ਪ੍ਰਸੰਗ ਵਿਚ ਲਿਖੀਦਾ ਹੈ. ਦੁਨੀਆ ਵਿਚ ਇੱਕੋ ਪੰਜਾਬੀ ਯੂਨੀਵਰਸਟੀ ਹੈ ਅਤੇ ਉਹ ਹੈ ਵੀ ਪਟਿਆਲ਼ੇ. ਇਹ ਤੱਥ ਹਰ ਕੋਈ ਜਾਣਦਾ ਹੈ. ਅਖ਼ਬਾਰਾਂ ਅਤੇ ਹਰ ਛਪੀ ਲਿਖਤ ਵਿਚ 'ਪੰਜਾਬੀ ਯੂਨੀਵਰਸਟੀ ਪਟਿਆਲਾ' ਲਿਖਣਾ ਸਹੀ ਨਹੀਂ।

ਸਾਡੇ ਆਲਸੀ ਲਿਖਾਰੀ ਜੋ ਚੰਦ ਚਾੜ੍ਹੀ ਜਾਂਦੇ ਹਨ, ਮੈਂ ਉਹਦੀਆਂ ਸੈਂਕੜੇ ਮਿਸਾਲਾਂ ਦੇ ਸਕਦਾ ਹਾਂ. ਰਹਿੰਦੀ ਕਸਰ ਪਿਛਲੇ ਦੋ ਦਹਾਕਿਆਂ ਚ ਪੋਸਟੀਆਂ (ਪੋਸਟ-ਮੌਡਰਨਿਸਟਾਂ) ਨੇ ਪੂਰੀ ਕਰ ਦਿੱਤੀ ਹੈ. ਪੰਜਾਬੀ ਸਾਹਿਤ ਦੇ ਕਿਸੇ ਡਾਕਟਰ ਵਿਦਵਾਨ ਦੀ ਲਿਖੀ ਸਾਰੀ-ਦੀ-ਸਾਰੀ ਸੰਪਾਦਕੀ ਦੀ ਵੰਨਗੀ ਤਾਂ ਮੈਂ ਦੇਣੋਂ ਰਿਹਾ, ਪਰ ਸਿਆਣਿਆਂ ਨੇ ਕਿਹਾ ਹੈ ਕਿ ਇੱਕੋ ਦਾਣੇ ਤੋਂ ਬੋਹ਼ਲ ਦਾ ਪਤਾ ਲਗ ਜਾਂਦਾ ਹੁੰਦਾ ਹੈ. ਲਓ ਪੜ੍ਹੋ ਤੇ ਜਾਣੋ ਕਿ ਮੈਂ ਕਾਹਦਾ ਰੋਣਾ ਰੋਂਦਾਂ:

ਨਵੀਂ ਪੰਜਾਬੀ ਕਵਿਤਾ ਦੇ॥ ਪ੍ਰਯੋਗ ਨਾ ਸਿਰਫ਼ ਇਸਦੇ ਵਿਧੀ-ਵਿਧਾਨ ਦੀਆਂ ਜੁਗਤਾਂ ਤੱਕ ਸੀਮਤ ਹਨ, ਸਗੋਂ ਵਿਚਾਰਧਾਰਾਈ ਧਰਾਤਲਾਂ ਸਮੇਤ, ਕਵਿਤਾ ਦੇ ਸਮੁੱਚ ਨੂੰ ਆਪਣੇ ਕਲਾਵੇ ਵਿਚ ਲੈਂਦੇ ਹੋਏ, ਅਸੀਮ ਨਵੀਆਂ ਸੰਭਾਵਨਾਵਾਂ ਦੇ ਰੂਬਰੂ ਵੀ ਹਨ. ਏਸ ਚਿੱਤਰ-ਪੱਟ ਉਤੇ ਬਿਖਰੇ ਰੰਗਾਂ ਦੀਆਂ ਸ਼ੋਖ਼ ਅਦਾਵਾਂ ਵਿੱਚ ਮਾਨਵੀ-ਰਿਸ਼ਤਿਆਂ ਦੀ ਤ੍ਰਿਸ਼ਨਗੀ ਦਾ ਉਹ ਆਲਮ ਦਰਕਾਰ ਹੈ, ਜੋ ਅਧੁਨਿਕ ਮਨੁੱਖ ਦੀ ਮਾਨਸਿਕਤਾ ਨੂੰ ਦਿਨ-ਰਾਤ ਕੁਰੇਦਦਾ ਹੈ ਅਤੇ ਨਵੀਆਂ ਤੋਂ ਨਵੀਆਂ ਸੋਚ-ਰਾਹਾਂ ਵਲ ਅਗਰਸਰ ਕਰਦਾ ਹੈ. ਨਵੀਂ ਸੋਚ ਦੀਆਂ ਨਵੀਆਂ ਉਡਾਣਾਂ ਵੱਲ ਉੱਡਦੀ ਨਵੀਂ ਮਾਨਸਿਕਤਾ, ਜਦੋਂ ਰਹਿਤਲਾਂ ਦੀਆਂ ਰਸਭਰੀਆਂ ਨਾਲ ਰਾਹਗੁਜ਼ਰ ਹੁੰਦੀ ਹੈ ਤਾਂ ਇਕ ਅਜੀਬ ਕਸ਼ਮਕਸ਼ ਪੈਦਾ ਹੁੰਦੀ ਹੈ.

**– ਕਾਵਿਲੋਕ, ਜਨਵਰੀ-ਮਾਰਚ, 2000**

ਕ੍ਰਿਸ਼ਣਾ ਸੋਬਤੀ ਨੇ ਹਿੰਦੀ-ਪੰਜਾਬੀ ਦਾ ਗੁਤਾਵਾ ਸੰਨ 1940 ਦੇ ਨੇੜੇ-ਤੇੜੇ ਕਰਨਾ ਸ਼ੁਰੂ ਕੀਤਾ ਸੀ. ਹੁਣ ਪੂਰਬੀ ਪੰਜਾਬ ਦੇ ਘਰ-ਘਰ ਬੋਲੀ ਜਾਂਦੀ ਹਿੰਦੀ ਸੁਣ ਕੇ ਸੋਬਤੀ ਵਰਗੇ ਬੜੇ ਹੁੱਬਦੇ ਹੋਣਗੇ. ਪਹਿਲਾਂ ਲਹੌਰ ਤੇ ਦਿੱਲੀ ਚ ਪੰਜਾਬ ਦੀਆਂ ਕਹਾਣੀਆਂ ਦੀਆਂ ਲੜੀਵਾਰ ਦੂਰਦਰਸ਼ਨੀ ਫ਼ਿਲਮਾਂ ਤੇ ਹੁਣ ਬੰਬਈਆ ਫ਼ਿਲਮਾਂ ਸੋਬਤੀ ਵਾਲ਼ੇ ਗੁਤਾਵੇ ਨੂੰ ਟਕਸਾਲੀ ਪੰਜਾਬੀ ਬਣਾ ਕੇ ਸਾਹ ਲੈਣਗੀਆਂ।

ਟਰੇਨ ਟੂ ਪਾਕਿਸਤਾਨ , ਪਿੰਜਰ ਅਤੇ ਭਗਤ ਸਿੰਘ ਊਧਮ ਸਿੰਘ ਵਾਲ਼ੀਆਂ ਫ਼ਿਲਮਾਂ ਵਿਚ ਪੰਜਾਬੀ-ਹਿੰਦੀ ਦੇ ਕੀਤੇ ਗੁਤਾਵੇ ਤੋਂ ਕਿਸੇ ਬੇਗ਼ੈਰਤ ਨੂੰ ਹੀ ਖ਼ੁਸ਼ੀ ਹੁੰਦੀ ਹੋਣੀ ਹੈ. ਪਹਿਲਾਂ ਪੰਜਾਬੀ ਹਿੰਦੂਆਂ ਨੂੰ ਮਿਹਣਾ ਦੇਈਦਾ ਸੀ ਕਿ ਇਹ ਪੰਜਾਬੀ ਦੇ ਸਕੇ ਨਹੀਂ ਬਣਦੇ, ਹੁਣ ਸਿੱਖਾਂ ਦੇ ਘਰੀਂ ਬੋਲੀ ਜਾਂਦੀ ਦੂਰਦਰਸ਼ਨੀ-ਹਿੰਦੀ ਦਾ ਮਿਹਣਾ ਕੌਣ ਕਿਹਨੂੰ ਦੇਵੇਗਾ? ਨਵੀਂ ਪੀੜ੍ਹੀ ਬੇਜ਼ਬਾਨ ਪੀੜ੍ਹੀ ਹੈ; ਨਾ ਇਹਨੂੰ ਪੰਜਾਬੀ ਆਉਂਦੀ ਹੈ, ਨਾ ਹਿੰਦੀ ਤੇ ਨਾ ਅੰਗਰੇਜ਼ੀ।

1960 ਦੇ ਦਹਾਕੇ ਚ ਜੋਸ਼ ਕੰਵਲ ਨੇ ਪੰਜਾਬੀ ਨੂੰ 'ਸੰਸਕ੍ਰਿਤਾਉਣ' ਵਿਰੁਧ ਫ਼ਿਰਕਾਪ੍ਰਸਤ ਮੁਹਿੰਮ ਇਹ ਆਖ ਕੇ ਸ਼ੁਰੂ ਕੀਤੀ ਸੀ ਕਿ ਇਹ ਹਿੰਦੂ ਬ੍ਰਾਹਮਣਵਾਦੀ "ਦਿੱਲੀ" ਦੀ ਕੋਈ ਬੜੀ ਵੱਡੀ ਸਾਜ਼ਿਸ਼ ਹੈ ਅਤੇ ਯੂਨੀਵਰਸਟੀਆਂ ਚ ਬੈਠੇ ਵਿਦਵਾਨਾਂ ਨੂੰ "ਉੱਤੋਂ" ਹੁਕਮ ਆਉਂਦੇ ਹਨ ਕਿ ਪੰਜਾਬੀ ਜਿੰਨੀ ਵਿਗਾੜ ਸਕਦੇ ਹੋ, ਵਿਗਾੜੋ! ਜੋਸ਼ ਤਾਂ ਹੰਢਿਆ ਹੋਇਆ

(ਬਾਕੀ ਅਗਲੇ ਸਫੇ 'ਤੇ)

# ਪੰਜਾਬੀ ਦਾ ਸੱਤਿਆਨਾਸ

(ਸਫਾ 19 ਦੀ ਬਾਕੀ)

ਸਿਆਸਤੀ ਸੀ ਅਤੇ 'ਵਿਗਿਆਨਕ ਸੋਚ' ਦਾ ਦਾਅਵੇਦਾਰ ਵੀ; ਉਹਨੂੰ ਤਾਂ ਇਹ ਪਤਾ ਹੋਣਾ ਚਾਹੀਦਾ ਸੀ ਕਿ ਪੰਜਾਬੀ ਨੂੰ 'ਸੰਸਕ੍ਰਿਤਾਉਣ ਦਾ ਕੰਮ' 1920 ਦੇ ਦਹਾਕੇ ਤੋਂ ਹੀ ਸ਼ੁਰੂ ਹੋ ਗਿਆ ਸੀ ਤੇ ਓਦੋਂ ਦਿੱਲੀ ਦੇ ਹੁਕਮਰਾਨ ਬ੍ਰਾਹਮਣ ਨਹੀਂ ਸਨ। ਓਦੋਂ ਪੰਜਾਬੀ ਸਿੱਖ ਯੂਰਪ ਦਾ ਫ਼ਲਸਫ਼ਾ ਸਣੇ ਮਾਰਕਸਵਾਦ ਦੇ ਪੰਜਾਬੀ ਬੋਲੀ ਚ ਪਰਤਾਉਣ ਲੱਗੇ ਸੀ. ਪੂਰਨ ਸਿੰਘ ਨਿਤ੍ਸ਼ੇ ਬਾਰੇ ਲਿਖ ਰਿਹਾ ਸੀ; ਧਰਮ ਅਨੰਤ ਸਿੰਘ ਅਫ਼ਲਾਤੂਨ ਬਾਰੇ ਅਤੇ ਕਿਰਤੀ ਪਰਚੇ ਦਾ ਬਾਨੀ ਸੰਤੋਖ ਸਿੰਘ ਮਾਰਕਸ ਬਾਰੇ-1926 ਚ ਕਿਰਤੀ ਪਰਚੇ ਵਿਚ ਛਪੇ ਮਾਰਕਸੀ ਸਿਧਾਂਤਕ ਲੇਖ ਤੇ ਮਗਰੋਂ ਤੇਜਾ ਸਿੰਘ ਸੁਤੰਤਰ ਤੇ ਭਾਗ ਸਿੰਘ ਦੀਆਂ ਲਾਲ ਕਮਿਉਨਿਸਟ ਪਾਰਟੀ ਦੀਆਂ ਲਿਖਤਾਂ ਪੜ੍ਹ ਕੇ ਜੋਸ਼-ਕੰਵਲ ਦੀ ਮੁਹਿੰਮ ਬੇਥਵ੍ਹੀ ਲਗਦੀ ਹੈ. ਸੰਤ ਸਿੰਘ ਸੇਖੋਂ ਜਦੋਂ ਸੰਸਕ੍ਰਿਤ ਨਾਲ਼ ਲੱਦੀ ਹੋਈ ਪੰਜਾਬੀ ਲਿਖਣ ਲੱਗਾ ਸੀ, ਓਦੋਂ ਦਿੱਲੀ ਚ ਬ੍ਰਾਹਮਣ ਰਾਜ ਨਹੀਂ ਸੀ ਕਰਦੇ।

ਪੰਜਾਬੀ ਤਾਂ ਕੀ, ਹਿੰਦੀ ਤੇ ਉਰਦੂ ਵੀ ਯੂਰਪੀ ਬੋਲੀਆਂ ਦਾ ਟਾਕਰਾ ਨਹੀਂ ਕਰ ਸਕਦੀ. ਚਾਹੀਦਾ ਤਾਂ ਇਹ ਸੀ ਕਿ ਹਰ ਨਵਾਂ ਸ਼ਬਦ ਉਹਦੀ ਜੜ੍ਹ ਤੇ ਤਾਸੀਰ ਦੇਖ ਕੇ ਘੜਿਆ ਜਾਂਦਾ, ਜਿਵੇਂ ਚੀਨੀਆਂ ਜਾਪਾਨੀਆਂ ਨੇ ਵੀਹਵੀਂ ਸਦੀ ਚ ਨਵੇਂ ਸ਼ਬਦ ਘੜੇ ਸੀ. ਹੁਣ ਦੋ ਪੰਜਾਬੀਆਂ ਹੋ ਗਈਆਂ ਹਨ - ਪੂਰਬੀ ਪੰਜਾਬ ਚ ਬੇਲੋੜੇ ਸੰਸਕ੍ਰਿਤ ਸ਼ਬਦਾਂ ਨੇ ਤੇ ਪੱਛਮੀ ਪੰਜਾਬ ਚ ਫ਼ਾਰਸੀ-ਅਰਬੀ ਨੇ ਪੰਜਾਬੀ ਦਾ ਰੂਪ ਵਿਗਾੜ ਕੇ ਰਖ ਦਿੱਤਾ ਹੈ. ਪੰਜਾਬੀ ਦੀ ਤਰੱਕੀ ਸੰਸਕ੍ਰਿਤ, ਅਰਬੀ, ਫ਼ਾਰਸੀ, ਅੰਗਰੇਜ਼ੀ ਤੇ ਹੋਰਨਾਂ ਬੋਲੀਆਂ ਦੇ ਸ਼ਬਦ ਲੈਣ ਬਿਨਾਂ ਨਹੀਂ ਹੋ ਸਕਦੀ; ਸੰਸਕ੍ਰਿਤ ਤਾਂ ਇਹਦੀ ਸਕੀ-ਸੋਧਰੀ ਹੈ. ਲੋੜ ਸਾਰੀ ਫ਼ਿਰਕੂ ਤੁਅੱਸਬ ਨੂੰ ਲਾਂਭੇ ਰਖ ਕੇ ਸਾਵੀਂ ਸਮਝ ਵਰਤਣ ਦੀ ਹੈ. ਜਿਸ ਬੋਲੀ ਦੀਆਂ ਬਾਹਵਾਂ ਜਿੰਨੀਆਂ ਖੁੱਲ੍ਹੀਆਂ ਹੋਣ, ਉਹਦਾ ਸਿਰ ਓਨਾ ਹੀ ਉੱਚਾ ਹੁੰਦਾ ਹੈ।

### ਭਾਸ਼ਾ ਬਹਤਾ ਨੀਰ


ਭਗਤ ਕਬੀਰ ਨੇ ਲਿਖਿਆ ਸੀ - ਸੰਸਕ੍ਰਿਤ ਹੈ ਕੂਪਜਲ, ਭਾਸ਼ਾ ਬਹਤਾ ਨੀਰ.... ਆਮ ਧਾਰਣਾ ਵੀ ਹੈ ਕਿ ਬੋਲੀ ਉਹ ਜਿਹਨੂੰ ਲੋਕ ਬੋਲਣ; ਕਿ ਹਰ ਬੋਲੀ ਵੇਲੇ ਨਾਲ਼ ਬਦਲਦੀ ਰਹਿੰਦੀ ਹੈ; ਜੋ ਪੰਜਾਬੀ 12ਵੀਂ ਸਦੀ ਚ ਬਾਬਾ ਫ਼ਰੀਦ ਬੋਲਦੇ ਹੋਣਗੇ, ਉਹ 15ਵੀਂ ਸਦੀ 'ਚ ਬਾਬਾ ਨਾਨਕ ਨਹੀਂ ਬੋਲਦੇ ਸੀ।

ਮੇਰੀ ਬੇਨਤੀ ਇਹ ਹੈ ਕਿ ਸਾਡੇ ਬਾਬਿਆਂ ਦੇ ਵੇਲੇ ਦੁਨੀਆ ਹੁਣ ਜਿੰਨੀ ਛੋਟੀ ਨਹੀਂ ਸੀ. ਓਦੋਂ ਅੱਜ ਵਾਂਙ ਅਖ਼ਬਾਰ, ਕਿਤਾਬਾਂ ਤੇ ਰੇਡੀਓ ਟੀਵੀ ਨਹੀਂ ਸੀ ਹੁੰਦੇ; ਨਾ ਓਦੋਂ ਕਰੋੜਾਂ ਰੁਪਏ ਰੋੜ੍ਹਦੀਆਂ ਯੂਨੀਵਰਸਟੀਆਂ ਹੁੰਦੀਆਂ ਸਨ. ਓਦੋਂ ਪੰਜਾਬੀ ਉੱਤੇ ਅੰਗਰੇਜ਼ੀ ਤੇ ਹਿੰਦੀ ਦੇ ਚਾਰੇ ਪਾਸਿਓਂ ਤਾਬੜਤੋੜ ਹਮਲੇ ਨਹੀਂ ਸੀ ਹੁੰਦੇ. ਮੈਂ ਨਿਤ ਪੰਜਾਬੀ ਨਾਲ਼ੋਂ ਵਧ ਅੰਗਰੇਜ਼ੀ ਪੜ੍ਹਦਾ ਹਾਂ। ਪਰਦੇਸ ਵਿਚ ਤਕਰੀਬਨ ਹਰ ਵੇਲੇ ਅੰਗਰੇਜ਼ੀ ਮੇਰੇ ਕੰਨੀਂ ਪੈਂਦੀ ਹੈ. ਪਰ ਮੇਰੀ ਆਤਮਾ ਪੰਜਾਬੀ ਹੈ - ਸ਼ਰਫ਼ ਵਾਂਙ ਮੈਂ ਸਦਾ ਖ਼ੈਰ ਪੰਜਾਬੀ ਦੀ ਮੰਗਦਾ ਹਾਂ. ਲਿਖਾਰੀ ਅਪਣੀ ਬੋਲੀ ਦਾ ਲੱਜਪਾਲ ਹੁੰਦਾ ਹੈ; ਬੋਲੀ ਨੂੰ ਸਿਰਫ਼ ਲਿਖਾਰੀ ਹੀ ਸੁੱਚੀ ਰਖ ਸਕਦਾ ਹੈ. ਜਿਸ ਬੋਲੀ ਦੀ ਲਾਜ ਉਹਦੇ ਲਿਖਾਰੀ ਹੀ ਰੋਲਣ ਲਗ ਜਾਣ, ਉਹਨੂੰ ਕੋਈ ਰੱਬ ਵੀ ਨਹੀਂ ਬਚਾ ਸਕਦਾ. ਸਾਡੇ ਕੋਲ਼ ਸ਼ਬਦ ਥੋਹੜੇ ਹਨ; ਮੋਤੀਆਂ ਹੀਰਿਆਂ ਤੋਂ ਵੀ ਮਹਿੰਗੇ. ਇਨ੍ਹਾਂ ਨੂੰ ਰੋਲਣਾ ਪਾਪ ਹੈ।

ਫ਼ਰਾਂਸੀਸੀਆਂ ਤੇ ਬੰਗਾਲੀਆਂ ਜਿੰਨਾ ਅਪਣੀ ਬੋਲੀ ਨੂੰ ਪਿਆਰ ਹੋਰ ਕੋਈ ਨਹੀਂ ਕਰਦਾ ਸੁਣਿਆ. ਪੈਰਿਸ ਤੇ ਕਲਕੱਤੇ ਸੁੱਚੀ ਬੋਲੀ ਦੀਆਂ ਸਭਾਵਾਂ ਬਣੀਆਂ ਹੋਈਆਂ ਹਨ।ਕੀ ਅਸੀਂ ਇਹੋ ਜਿਹੀ ਕੋਈ ਠੇਠ ਪੰਜਾਬੀ ਸਭਾ ਨਹੀਂ ਬਣਾ ਸਕਦੇ?

ਖਵਰੇ ਮੇਰੀਆਂ ਇਹ ਗੱਲਾਂ ਉਜਾੜ 'ਚ ਮਾਰੀਆਂ ਕੂਕਾਂ ਹਨ। ਫੇਰ ਸੋਚੀਦਾ ਹੈ, ਕੀ ਪਤਾ ਕਿਤੇ ਕਿਸੇ ਦੇ ਮੇਰੀ ਗੱਲ ਦਿਲ ਲੱਗ ਜਾਵੇ। ਮੇਰੇ ਆਖੇ ਅਖ਼ਬਾਰਾਂ ਵਾਲ਼ੇ ਕਿਤਾਬਾਂ ਦੀ "ਘੁੰਡ-ਚੁਕਾਈ" ਵਾਲ਼ਾ ਕੁਹਜਾ ਸ਼ਬਦ ਲਿਖਣੋਂ ਹਟ ਤਾਂ ਗਏ ਹਨ. ਨਾਲ਼ ਹੀ ਮੈਨੂੰ ਡਰ ਲਗਦਾ ਹੈ, ਕਿਤੇ ਪੰਜਾਬੀ ਦਾ ਹਾਲ ਸਾਡੇ ਕਿਸੇ ਮਿਤਰ ਦੇ ਫੁੱਫੜ ਵਾਲ਼ਾ ਨਾ ਹੋ ਜਾਏ. ਉਹ ਅਪਣੇ ਭਤੀਜੇ ਤੋਂ ਅਪਣੀ ਦਾਹੜੀ ਦੇ ਧੌਲ਼ੇ ਕਢਵਾਉਂਦਾ ਰਹਿੰਦਾ ਸੀ. ਹੁੰਦੇ-ਹੁੰਦੇ ਧੌਲ਼ੇ ਬਹੁਤ ਹੋ ਗਏ ਤੇ ਕਾਲ਼ੇ ਥੋਹੜੇ ਕੁ ਹੀ ਰਹਿ ਗਏ. ਭਤੀਜਾ ਕਹਿੰਦਾ - ਫੁੱਫੜਾ, ਹੁਣ ਤਾਂ ਸਾਰੇ ਈ ਚਿੱਟੇ ਹੋ ਗਏ; ਕਾਲ਼ੇ ਜਿਹੜੇ ਦੋ-ਚਾਰ ਰਹਿੰਦੇ ਆ, ਓਹੀਓ ਚੁਗ ਦਿੰਦਾਂ!

FURTHER READING: Politics and the English Language. Why I Write. George Orwell. Penguin. Reprint 1984.



ਸੋਲ੍ਹਵੀਂ ਸਦੀ ਈਸਵੀ ਦੇ ਅੰਤ ਵੇਲੇ ਦੀ ਗੋਇੰਦਵਾਲ਼ ਵਾਲ਼ੀ ਪੋਥੀ ਵਿਚ ਪੰਜਾਬੀ ਦੇ ਅੱਖਰ (ਯੂਨੀਵਰਸਟੀ ਆੱਵ ਕੈਲਿਫ਼ੋਰਨੀਆ ਦੇ ਪ੍ਰੋਫ਼ੈਸਰ ਗੁਰਿੰਦਰ ਸਿੰਘ ਮਾਨ ਦੀ ਕ੍ਰਿਪਾ ਨਾਲ਼ ਇਹ ਵੰਨਗੀ ਮਿਲ਼ੀ)

ਸੋਲ੍ਹਵੀਂ ਸਦੀ ਈਸਵੀ ਦੇ ਅੰਤ ਵੇਲੇ ਦੀ ਗੋਇੰਦਵਾਲ਼ ਵਾਲ਼ੀ ਪੋਥੀ ਵਿਚ ਪੰਜਾਬੀ ਦੇ ਅੱਖਰ (ਯੂਨੀਵਰਸਟੀ ਆੱਵ ਕੈਲਿਫ਼ੋਰਨੀਆ ਦੇ ਪ੍ਰੋਫ਼ੈਸਰ ਗੁਰਿੰਦਰ ਸਿੰਘ ਮਾਨ ਦੀ ਕ੍ਰਿਪਾ ਨਾਲ਼ ਇਹ ਵੰਨਗੀ ਮਿਲ਼ੀ)

**



## 'ਸਤਿਗੁਰੂ ਧੰਨਾ ਜਾਟ' ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 'ਜੋ ਜਨ ਤੁਮਰੀ ਭਗਤਿ ਕਰੰਤੇ, ਤਿੰਨ ਕੇ ਕਾਰਜ ਸਵਾਰਤਾ'



ਪ੍ਰੋ: ਐਚ.ਐਲ.ਕਪੂਰ

ਸਤਿਗੁਰੂ ਧੰਨਾ ਜੀ ਦਾ ਜਨਮ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ 53 ਸਾਲ ਪਹਿਲਾਂ 20 ਅਪ੍ਰੈਲ, 1415 ਈਸਵੀ ਨੂੰ ਪਿੰਡ ਧੂਆਂ ਕਲਾਂ (ਧੁਆਨ ਕਲਾਂ), ਨੇੜੇ ਡਿਓਲੀ ਸ਼ਹਿਰ, ਜ਼ਿਲ੍ਹਾ ਟੌਂਕ, ਰਾਜਸਥਾਨ ਵਿਖੇ ਹੋਇਆ। ਉਹਨਾਂ ਦੇ ਪਿਤਾ ਜੀ ਦਾ ਨਾਂ ਭਾਈ ਪੰਨਾ ਜੀ ਤੇ ਮਾਤਾ ਜੀ ਦਾ ਨਾਂ ਮਾਈ ਰੇਵਾ ਜੀ ਸੀ। ਇੱਥੇ ਡਾ. ਪੀਆ ਰਾਮ ਜੀ ਜਨਮ ਸਥਾਨ, ਮਿਤੀ ਤੇ ਸੰਨ ਨਾਲ ਤਾਂ ਪੂਰੀ ਤਰ੍ਹਾਂ ਸਹਿਮਤ ਹਨ ਪਰ ਮਾਤਾ-ਪਿਤਾ ਦੇ ਨਾਮ ਨਾਲ ਸਹਿਮਤ ਨਹੀਂ ਹਨ, ਉਹ ਸਤਿਗੁਰੂ ਧੰਨਾ ਜੀ ਦੇ ਪਿਤਾ ਦਾ ਨਾਮ ਸ੍ਰੀ ਰਾਮੇਸ਼ਵਰ ਹਰਚਤਵਾਲ (ਗੋਤਰ ਹਰਚਤਵਾਲ), ਹਿੰਦੂ ਜਾਟ ਤੇ ਮਾਤਾ ਜੀ ਦਾ ਨਾਮ ਗੰਗਾਵਾਈ ਜਿਹਨਾਂ ਦਾ ਗੋਤਰ ਗੜਵਾਲ ਸੀ, ਦੱਸਦੇ ਹਨ।

ਕਈ ਵਿਦਵਾਨ ਸਤਿਗੁਰੂ ਧੰਨਾ ਜੀ ਦੇ ਜਨਮ ਸਥਾਨ ਬਾਰੇ ਆਪਣੀ ਅਲੱਗ ਰਾਏ ਰੱਖਦੇ ਹਨ। ਉਹ ਕਹਿੰਦੇ ਹਨ ਕਿ ਉਹਨਾਂ ਦਾ ਜਨਮ ਜਾਟ ਹਿੰਦੂ ਪਰਿਵਾਰ 'ਚ, ਜਿਹਨਾਂ ਦਾ ਗੋਤਰ ਧਾਲੀਵਾਲ ਸੀ ਤੇ ਪਿੰਡ ਚੋਹਰੂ, ਜ਼ਿਲ੍ਹਾ ਟੌਂਕ ਰਾਜਸਥਾਨ 'ਚ ਹੋਇਆ। ਇੱਥੇ ਇਕ ਮੱਤ ਹੋਰ ਵੀ ਹੈ ਕਿ ਸਤਿਗੁਰੂ ਧੰਨਾ ਜੀ ਦਾ ਜਨਮ ਪਿੰਡ ਚੋਹਰੂ, ਤਸੀਲ ਫਾਗੂ, ਜ਼ਿਲ੍ਹਾ ਜੈਪੁਰ, ਰਾਜਸਥਾਨ ਵਿਖੇ ਬਦੀ 3 ਵਿਸਾਖ ਸੰਮਤ 1472 ਨੂੰ ਸ੍ਰੀ ਰਾਮੇਸ਼ਵਰ ਜਾਟ ਗੋਤਰ ਹਰਚਤਵਾਲ ਜੀ ਤੇ ਮਾਤਾ ਜੀ ਗੰਗਾਵਾਈ ਜੀ ਦੇ ਘਰ ਹੋਇਆ।


ਸਤਿਗੁਰੂ ਧੰਨਾ ਜੀ ਦਾ ਵਿਆਹ ਕੈਰੋਂ ਗੋਤਰ ਵਿਚ ਹੋਇਆ। ਉਹ ਅਜੇ ਬਚਪਨ ਵਿਚ ਹੀ ਸਨ ਜਦੋਂ ਉਹਨਾਂ ਦੇ ਪਿਤਾ ਅਭੈਨਗਰ, ਜਿਸ ਨੂੰ ਅੱਜਕਲ੍ਹ ਧੂਆਂ ਕਲਾਂ (ਧੁਆਨ ਕਲਾਂ) ਕਹਿੰਦੇ ਹਨ ਜੋ ਡਿਓਲੀ ਸ਼ਹਿਰ ਦੇ ਨੇੜੇ ਹੈ ਤੇ ਜ਼ਿਲ੍ਹਾ ਟੌਂਕ, ਰਾਜਿਸਥਾਨ ਹੈ, ਵਿਖੇ ਆਣ ਵੱਸੇ ਸਨ। ਸਤਿਗੁਰੂ ਧੰਨਾ ਜੀ ਆਪਣੇ ਮਾਤਾ-ਪਿਤਾ ਦੇ ਇਕਲੌਤੇ ਪੁੱਤਰ ਸਨ।

ਉਹਨਾਂ ਦਾ ਜਨਮ ਇਕ ਹਿੰਦੂ ਜਾਟ ਪਰਿਵਾਰ ਵਿਚ ਹੋਇਆ ਜੋ ਕਿਸਾਨੀ ਦਾ ਧੰਦਾ ਕਰਦੇ ਸਨ ਤੇ ਬਹੁਤ ਹੀ ਗਰੀਬ ਸਨ। ਸਤਿਗੁਰੂ ਧੰਨਾ ਜੀ ਨੂੰ ਗਰੀਬੀ ਕਾਰਨ ਕਿਸੇ ਵੀ ਸਕੂਲ ਵਿਚ ਪੜ੍ਹਨ ਜਾਣ ਦਾ ਮੌਕਾ ਨਹੀਂ ਮਿਲਿਆ। ਉਹ ਬਿਲਕੁਲ ਅਨਪੜ੍ਹ ਸਨ। ਉਹ ਬਚਪਨ ਵਿਚ ਆਪਣੇ ਪਿਤਾ ਜੀ ਨਾਲ ਖੇਤੀ ਦਾ ਧੰਦਾ ਕਰਵਾਉਂਦੇ ਸਨ ਤੇ ਅਕਸਰ ਗਊਆਂ ਆਦਿ ਨੂੰ ਵੀ ਖੇਤਾਂ ਵਿਚ ਰੋਜ਼ ਚਾਰਾ ਚਰਨ ਲਈ ਲੈ ਜਾਇਆ ਕਰਦੇ ਸਨ। ਇਸ ਪਰਿਵਾਰ ਨੇ ਆਪਣਾ ਜੀਵਨ ਨਿਰਵਾਹ ਖੇਤੀਬਾੜੀ ਕਰਕੇ ਕੀਤਾ। ਬਚਪਨ ਤੋਂ ਹੀ ਉਹ ਬਹੁਤ ਸਾਦਗੀ ਪਸੰਦ ਸਨ ਤੇ ਬੜੇ ਅਗਾਂਹ ਵਧੂ ਖਿਆਲਾਂ ਦੇ ਸਨ। ਬਚਪਨ ਤੋਂ ਹੀ ਉਹਨਾਂ ਦੀ ਸੰਗਤ ਸਾਧੂ-ਸੰਤਾਂ ਨਾਲ ਤੇ ਉਹਨਾਂ ਤੋਂ ਉਹ ਪ੍ਰਮਾਤਮਾ ਬਾਰੇ ਗਿਆਨ ਹਾਸਲ ਕਰਨ ਦੀ ਇੱਛਾ ਰੱਖਦੇ ਸਨ। ਘਰੋਂ ਅਕਸਰ ਉਹ ਆਪਣੇ ਖੇਤਾਂ ਵਿਚ ਕੰਮ ਕਰਨ ਲਈ ਰੋਜ਼ ਜਾਂਦੇ ਸਨ। ਰਸਤੇ ਵਿਚ ਇਕ ਠਾਕਰ ਦੁਆਰਾ ਸੀ। ਇਕ ਠਾਕਰ ਦੁਆਰੇ ਵਿਚ ਬਹੁਤ ਸਾਰੀਆਂ ਮੂਰਤੀਆਂ ਰੱਖੀਆਂ ਹੋਈਆਂ ਸਨ। ਇਹ ਠਾਕਰ ਦੁਆਰਾ ਇਕ ਕੱਚੇ ਤਲਾਬ ਦੇ ਕਿਨਾਰੇ ਸੀ। ਧੰਨਾ ਜੀ ਪੰਡਿਤ ਨੂੰ ਠਾਕਰਾਂ ਦੀ ਪੂਜਾ ਕਰਦੇ, ਇਸ਼ਨਾਨ ਕਰਾਉਂਦੇ ਤੇ ਘੰਟੀਆਂ ਖੜਕਾਉਂਦੇ ਰੋਜ਼ ਦੇਖਦਾ ਸੀ। ਉਥੇ ਲੋਕ ਵੀ ਰੋਜ਼ ਉਹਨਾਂ ਮੂਰਤੀਆਂ ਨੂੰ ਮੱਥਾ ਟੇਕਦੇ, ਪੂਜਾ ਕਰਦੇ ਤੇ ਭੇਟਾ ਚੜ੍ਹਾਉਂਦੇ ਸਨ। ਧੰਨਾ ਜੀ ਰੋਜ਼ ਕਾਫੀ ਦਿਨਾਂ ਤੱਕ ਇਸ ਤਰ੍ਹਾਂ ਠਾਕਰ ਦੁਆਰੇ ਜਾਂਦੇ ਤੇ ਸਭ ਕੁਝ ਦੇਖਦੇ ਰਹੇ ਪਰ ਅਨਪੜ੍ਹ ਤੇ ਗਿਆਨ ਘੱਟ ਹੋਣ ਕਰਕੇ ਉਹ ਕੁਝ ਸਮਝ ਨਾ ਸਕੇ ਕਿ ਇਹ ਲੋਕ ਤੇ ਪੰਡਿਤ ਇਸ ਤਰ੍ਹਾਂ ਕਿਉਂ ਕਰਦੇ ਹਨ। ਇਕ ਦਿਨ ਧੰਨਾ ਜੀ ਨੇ ਪੰਡਿਤ ਨੂੰ ਪੁੱਛ ਹੀ ਲਿਆ ਕਿ ਤੁਸੀਂ ਮੂਰਤੀਆਂ ਦੇ ਅੱਗੇ ਬੈਠ ਕੇ ਕੀ ਕਰਦੇ ਹੋ? ਪੰਡਿਤ ਨੇ ਕਿਹਾ, "ਮੈਂ ਠਾਕਰਾਂ ਦੀ ਸੇਵਾ ਕਰਦਾ ਹਾਂ। ਇਸ ਨਾਲ ਮੇਰੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ।" ਧੰਨਾ ਜੀ ਨੇ ਪੰਡਿਤ ਤੋਂ ਠਾਕਰ ਮੰਗ ਲਿਆ ਕਿ ਇਕ ਠਾਕਰ ਮੈਨੂੰ ਦੇ ਦਿਓ। ਪੰਡਤ ਨੇ ਧੰਨਾ ਜੀ ਤੋਂ ਪਿੱਛਾ ਛੁਡਵਾਉਣ ਲਈ ਇਕ ਪੱਥਰ ਕੱਪੜੇ ਵਿਚ ਲਪੇਟ ਕੇ ਉਨ੍ਹਾਂ ਨੂੰ ਦੇ ਦਿੱਤਾ।

ਧੰਨਾ ਜੀ ਨੇ ਘਰ ਜਾ ਕੇ ਪੱਥਰ ਨੂੰ ਠਾਕਰ ਸਮਝ ਕੇ ਇਸ਼ਨਾਨ ਕਰਾਇਆ, ਭੋਗ ਲਗਾਉਣ ਲਈ ਕਹਿਣ ਲੱਗੇ। ਉਸ ਦੀਆਂ ਮਿੰਨਤਾਂ ਕਰਨ ਲੱਗਾ। ਧੰਨਾ ਜੀ ਨੇ ਕਸਮ ਖਾਧੀ ਕਿ ਠਾਕੁਰ ਜੀ ਅਗਰ ਤੁਸੀਂ ਨਹੀਂ ਖਾਓਗੇ ਤਾਂ ਮੈਂ ਵੀ ਕੁਝ ਨਹੀਂ ਖਾਵਾਂਗਾ ਤੇ ਭੁੱਖਾ ਹੀ ਰਹਾਂਗਾ। ਧੰਨਾ ਜੀ ਦਾ ਇਹ ਪ੍ਰਣ ਦੇਖ ਕੇ ਪ੍ਰਭੂ ਪ੍ਰਗਟ ਹੋਏ ਤੇ ਰੋਟੀ ਖਾਧੀ ਤੇ ਲੱਸੀ ਵੀ ਪੀਤੀ। ਇਸ ਤਰ੍ਹਾਂ ਧੰਨਾ ਜੀ ਦਾ ਇਹ ਪ੍ਰਣ ਦੇਖ ਕੇ, ਪ੍ਰਭੂ ਪ੍ਰਗਟ ਹੋਏ ਤੇ ਰੋਟੀ ਖਾਧੀ ਤੇ ਲੱਸੀ ਵੀ ਪੀਤੀ। ਇਸ ਤਰ੍ਹਾਂ ਧੰਨਾ ਜੀ ਨੇ ਆਪਣੇ ਭੋਲੇ ਮਨ ਨਾਲ ਪੂਜਾ ਕੀਤੀ ਤੇ ਸਾਫ ਮਨ ਨਾਲ ਪੱਥਰ 'ਚੋਂ ਵੀ ਭਗਵਾਨ ਨੂੰ ਪ੍ਰਾਪਤ ਕਰ ਲਿਆ।

ਜਦੋਂ ਧੰਨਾ ਜੀ ਦੀ ਪ੍ਰਭੂ ਨਾਲ ਲਗਨ ਲੱਗੀ ਤਾਂ ਉਸ ਦੇ ਮਾਤਾ-ਪਿਤਾ ਬੁੱਢੇ ਹੋ ਚੁੱਕੇ ਸੀ ਤੇ ਉਹ ਘਰ ਵਿਚ ਉਹਨਾਂ ਦਾ ਇਕੱਲਾ ਪੁੱਤਰ ਸੀ। ਉਹਨਾਂ ਨੂੰ ਖਿਆਲ ਆਇਆ ਕਿ ਅਗਰ ਇਸ ਤਰ੍ਹਾਂ ਕਰਨ ਨਾਲ ਸਭ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ ਤਾਂ ਉਹ ਜ਼ਰੂਰ ਕਰੇਗਾ। ਇਸ ਨਾਲ ਉਸ ਦੀ ਘਰ ਦੀ ਗਰੀਬੀ ਚਲੀ ਜਾਵੇਗੀ ਤੇ ਸੁੱਖ ਦਾ ਸਾਹ ਆਵੇਗਾ। ਇਹੋ ਸੋਚ ਕੇ ਹੀ ਉਹ ਪੰਡਿਤ ਪਾਸ ਗਏ ਸੀ। ਪੰਡਿਤ ਨੇ ਪਹਿਲਾਂ ਠਾਕਰ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਜਾਟ ਇਤਨਾ ਬੁੱਧੀਮਾਨ ਨਹੀਂ ਹੈ ਜੋ ਠਾਕੁਰ ਦੀ ਪੂਜਾ ਕਰ ਸਕੇ। ਦੂਸਰਾ ਤੁਸੀਂ ਅਨਪੜ੍ਹ ਹੋ। ਤੀਸਰੀ ਗੱਲ ਇਹ ਹੈ ਕਿ ਠਾਕੁਰ ਜੀ ਮੰਦਿਰ ਤੋਂ ਬਿਨ੍ਹਾਂ ਨਹੀਂ ਰਹਿ ਸਕਦੇ ਤੇ ਨਾ ਹੀ ਪ੍ਰਸੰਨ ਹੁੰਦੇ ਹਨ। ਇਸ ਲਈ ਤੁਸੀਂ ਜ਼ਿੰਦ ਨਾ ਕਰੋ ਔਰ ਜਾਓ ਖੇਤਾਂ ਦੀ ਸੰਭਾਲ ਕਰੋ ਤੇ ਖੇਤੀ ਵਿਚ ਆਪਣਾ ਮਨ ਲਗਾਓ। ਬ੍ਰਾਹਮਣ ਦਾ ਕੰਮ ਹੈ ਪੂਜਾ-ਪਾਠ ਕਰਨਾ ਅਤੇ ਜਾਟ ਦਾ ਕੰਮ ਹੈ ਅਨਾਜ ਪੈਦਾ ਕਰਨਾ।

ਪ੍ਰੰਤੂ ਧੰਨਾ ਜੀ ਟੱਸ ਤੋਂ ਮੱਸ ਨਾ ਹੋਇਆ। ਆਪਣੀ ਪਿਟਾਈ ਦੇ ਡਰ ਤੋਂ ਪੰਡਿਤ ਨੇ ਜੋ ਸਾਲਗਰਾਮ ਮੰਦਰ ਵਿਚ ਫਾਲਤੂ ਪਿਆ ਸੀ, ਉਹ ਉਨ੍ਹਾਂ ਨੂੰ ਦੇ ਦਿੱਤਾ ਤੇ ਪਾਠ-ਪੂਜਾ ਦੀ ਵਿਧੀ ਵੀ ਸਮਝਾ ਦਿੱਤੀ। ਪੂਰੀ ਰਾਤ ਧੰਨਾ ਜੀ ਨੂੰ ਨੀਂਦ ਨਾ ਆਈ। ਉਹ ਸਾਰੀ ਰਾਤ ਸੋਚਦਾ ਰਿਹਾ ਕਿ ਉਹ ਠਾਕੁਰ ਨੂੰ ਕਿਵੇਂ ਖੁਸ਼ ਕਰੇਗਾ ਤੇ ਉਸ ਪਾਸੋਂ ਕੀ ਮੰਗੇਗਾ। ਸਵੇਰੇ ਉੱਠ ਕੇ ਧੰਨਾ ਜੀ ਨੇ ਇਸ਼ਨਾਨ ਕੀਤਾ ਤੇ ਠਾਕਰ ਨੂੰ ਇਸ਼ਨਾਨ ਕਰਵਾਇਆ। ਭਗਤੀ ਭਾਵਨਾ ਵਿਚ ਆ ਕੇ ਲੱਸੀ ਰਿੜਕੀ ਤੇ ਰੋਟੀ ਪਕਾਈ। ਧੰਨਾ ਜੀ ਨੇ ਪ੍ਰਾਰਥਨਾ ਕੀਤੀ, ਹੇ ਪ੍ਰਭੂ! ਭੋਗ ਲਗਾਓ! ਮੇਰੇ ਗਰੀਬ ਕੋਲ ਰੋਟੀ, ਲੱਸੀ ਅਤੇ ਮੱਖਣ ਹੀ ਹੈ, ਹੋਰ ਕੁਝ ਨਹੀਂ। ਜਦੋਂ ਹੋਰ ਚੀਜ਼ਾਂ ਦਿਓਗੇ ਤਾਂ ਉਹ ਵੀ ਤੁਹਾਡੇ ਅੱਗੇ ਰੱਖ ਦਿਆਂਗਾ। ਧੰਨਾ ਜੀ ਠਾਕੁਰ ਮੋਹਰੇ ਬੈਠ ਕੇ ਸਭ ਕੁਝ ਦੇਖਦੇ ਰਹੇ। ਹੁਣ ਪੱਥਰ ਭੋਜ ਕਿਸ ਤਰ੍ਹਾਂ ਖਾ ਸਕਦਾ ਸੀ? ਪੰਡਿਤ ਤਾਂ ਭੋਗ ਦਾ ਬਹਾਨਾ ਲਾ ਕੇ ਸਾਰੀ ਸਮੱਗਰੀ ਘਰ ਲੈ ਜਾਂਦਾ ਸੀ। ਪਰ ਭਲੇ ਤੇ ਭੋਲੇ- ਭਾਲੇ ਧੰਨਾ ਜੀ ਨੂੰ ਇਸ ਗੱਲ ਦਾ ਕੋਈ ਗਿਆਨ ਨਹੀਂ ਸੀ। ਧੰਨਾ ਜੀ ਵਿਆਕੁਲ ਹੋ ਕੇ ਕਹਿਣ ਲੱਗੇ- ਕੀ ਤੁਸੀਂ ਜਾਟ ਦਾ ਭੋਜਨ ਨਹੀਂ ਖਾਂਦੇ? ਪੰਡਿਤ ਦੇ ਪਾਸ ਤਾਂ ਤੁਸੀਂ ਇਤਨੀ ਦੇਰ ਨਹੀਂ ਲਾਉਂਦੇ ਸੀ। ਅਗਰ ਤੁਸੀਂ ਪ੍ਰਸ਼ਾਦ ਨਹੀਂ ਖਾਧਾ ਤਾਂ ਮੈਂ ਮਰ ਜਾਊਂਗਾ ਤੇ ਤੁਹਾਡੇ ਤੋਂ ਬਿਨਾਂ ਨਹੀਂ ਰਹੂੰਗਾ। ਪ੍ਰਮਾਤਮਾ ਜਾਣਦੇ ਸੀ ਕਿ ਇਹ ਮੇਰਾ ਸੱਚਾ-ਸੁੱਚਾ ਤੇ ਨਿਰਮਲ ਭਗਤ ਹੈ। ਇਸ ਨੂੰ ਕੋਈ ਛੱਲ-ਕਪਟ ਨਹੀਂ ਆਉਂਦਾ। ਇਸ ਲਈ ਮੈਨੂੰ ਪ੍ਰਗਟ ਹੋਣਾ ਹੀ ਪਵੇਗਾ। ਕੁਝ ਸਮਾਂ ਬੀਤਣ ਤੇ ਧੰਨਾ ਜੀ ਦੇਖਦੇ ਹਨ ਕਿ ਸ੍ਰੀ ਕ੍ਰਿਸ਼ਨ ਰੂਪ ਭਗਵਾਨ ਜੀ ਰੋਟੀ ਮੱਖਣ ਦੇ ਨਾਲ ਖਾ ਰਹੇ ਹਨ ਤੇ ਲੱਸੀ ਪੀ ਰਹੇ ਹਨ। ਭੋਜਨ ਪਾਣੀ ਤੋਂ ਬਾਅਦ ਪ੍ਰਭੂ ਬੋਲੇ ਧੰਨੇ ਜੋ ਇੱਛਾ ਹੈ ਮੰਗ ਲਓ, ਮੈਂ ਤੇਰੇ ਤੇ ਬਹੁਤ ਪ੍ਰਸੰਨ ਹਾਂ। ਧੰਨਾ ਜੀ ਨੇ ਪ੍ਰਭੂ ਨੂੰ ਹੱਥ ਜੋੜ ਕੇ ਬੇਨਤੀ ਕੀਤੀ- ਭਾਵ ਕਿਹਾ



ਕਿ- ਜੋ ਤੁਹਾਡੀ ਭਗਤੀ ਕਰਦੇ ਹਨ ਤੁਸੀਂ ਉਹਨਾਂ ਦੇ ਸਾਰੇ ਕੰਮ ਸੁਆਰ ਦਿੰਦੇ ਹੋ। ਮੈਨੂੰ ਕਣਕ, ਦਾਲ, ਘਿਓ ਆਦਿ ਦੇ ਦਿਓ। ਮੈਂ ਖੁਸ਼ ਹੋ ਜਾਵਾਂਗਾ ਅਗਰ ਤੁਸੀਂ ਮੈਨੂੰ ਕੱਪੜੇ, ਪੈਰਾਂ ਵਿਚ ਪਾਉਣ ਲਈ ਜੁੱਤੀ, ਸੱਤ ਪ੍ਰਕਾਰ ਦੇ ਅਨਾਜ, ਗਊ ਜਾਂ ਮੱਝ, ਸਵਾਰੀ ਕਰਨ ਲਈ ਘੋੜੀ ਅਤੇ ਘਰ ਦੀ ਦੇਖਭਾਲ ਕਰਨ ਲਈ ਸੁੰਦਰ ਨਾਰੀ ਦੇ ਦਿਓਗੇ ਤਾਂ।

ਧੰਨਾ ਜੀ ਦੇ ਇਹ ਬਚਨ ਸੁਣ ਕੇ ਪ੍ਰਭੂ ਹੀ ਹੱਸ ਪਏ ਤੇ ਬੋਲੇ ਇਹ ਸਭ ਵਸਤੂਆਂ ਤੁਹਾਨੂੰ ਮਿਲ ਜਾਣਗੀਆਂ।

ਪ੍ਰਭੂ ਬੋਲੇ- ਹੋਰ ਕੁਝ?

ਪ੍ਰਭੂ ਜੀ! ਮੈਂ ਜਦੋਂ ਵੀ ਤੁਹਾਨੂੰ ਯਾਦ ਕਰਾਂ ਤੁਸੀਂ ਮੈਨੂੰ ਦਰਸ਼ਨ ਦੇ ਦੇਣਾ। ਅਗਰ ਮੈਨੂੰ ਕਿਸੇ ਚੀਜ਼ ਦੀ ਲੋੜ ਪਈ ਤਾਂ ਮੈਂ ਤੁਹਾਨੂੰ ਦੱਸਾਂਗਾ।

ਸਭ ਠੀਕ ਹੈ! ਪ੍ਰਭੂ ਨੇ ਉਤਰ ਦਿੱਤਾ।

ਹੇ ਪ੍ਰਭੂ! ਧੰਨਾ ਅੱਜ ਤੋਂ ਤੇਰਾ ਸਾਰੀ ਉਮਰ ਲਈ ਸੇਵਕ ਹੋ ਗਿਆ ਹੈ। ਤੁਹਾਡੇ ਤੋਂ ਬਿਨਾਂ ਕਿਸੇ ਹੋਰ ਦਾ ਨਾਮ ਨਹੀਂ ਲਊਗਾ। ਧੰਨਾ ਜੀ ਖੁਸ਼ੀ ਵਿਚ ਦੀਵਾਨੇ ਹੋ ਗਏ। ਉਹਨਾਂ ਦੀਆਂ ਅੱਖਾਂ ਬੰਦ ਹੋ ਗਈਆਂ। ਜਦ ਅੱਖਾਂ ਖੋਲ੍ਹੀਆਂ ਤਾਂ ਪ੍ਰਭੂ ਜੀ ਉਥੇ ਨਹੀਂ ਸਨ। ਉਹ ਪੱਥਰ ਦਾ ਸਾਲਗਰਾਮ ਉਥੇ ਹੀ ਪਿਆ ਸੀ। ਧੰਨਾ ਜੀ ਨੇ ਬਰਤਨ ਵਿਚ ਪਿਆ ਪ੍ਰਸ਼ਾਦ ਖਾਧਾ ਤੇ ਉਸਨੂੰ ਤਿੰਨ ਲੋਕ ਦਾ ਗਿਆਨ ਹੋ ਗਿਆ।

ਪ੍ਰਮਾਤਮਾ ਦੇ ਦਰਸ਼ਨ ਹੋਣ ਦੇ ਕੁਝ ਦਿਨਾਂ ਬਾਅਦ ਹੀ ਧੰਨਾ ਜੀ ਦੇ ਘਰ ਸਾਰੀਆਂ ਖੁਸ਼ੀਆਂ ਆ ਗਈਆਂ। ਇਕ ਅੱਛੇ ਅਮੀਰ ਘਰ ਵਿਚ ਵਿਆਹ ਹੋ ਗਿਆ। ਉਸ ਦੇ ਖੇਤਾਂ ਵਿਚ ਬਿਨਾਂ ਕੋਈ ਬੀਜ ਬੀਜਿਆਂ ਫਸਲ ਲਹਿਰਾਉਣ ਲੱਗ ਪਈ। ਅਨਾਜ ਦੇ ਦਾਣੇ ਜੋ ਖੇਤਾਂ ਵਿਚ ਬੀਜਣੇ ਸਨ, ਉਹ ਭੁੱਖੇ ਸਾਧੂਆਂ-ਫਕੀਰਾਂ ਨੂੰ ਢਿੱਡ ਭਰਨ ਲਈ ਦੇ ਦਿੱਤੇ ਤੇ ਅਨਾਜ ਦੇ ਦਾਣੇ ਨਾ ਬੀਜਣ ਕਾਰਨ, ਖੇਤਾਂ ਵਿਚ ਤੁੰਮੇ ਉੱਗ ਪਏ ਤੇ ਜਦ ਉਹਨਾਂ ਨੂੰ ਤੋੜਿਆ ਜਾਂਦਾ ਤਾਂ ਉਸ ਵਿਚੋਂ ਅਨਾਜ ਦੇ ਦਾਣੇ ਨਿਕਲੇ, ਜਦੋਂ ਕਿ ਤੁੰਮੇ ਕੌੜੇ ਹੁੰਦੇ ਹਨ ਤੇ ਉਹਨਾਂ ਨੂੰ ਅਵਾਰਾ ਪਸ਼ੂ ਜਾਂ ਜਾਨਵਰ ਜਾਂ ਪੰਛੀ ਵੀ ਨਹੀਂ ਖਾਂਦੇ ਤੇ ਉਹਨਾਂ ਨੂੰ ਪਤਾ ਹੁੰਦਾ ਹੈ ਕਿ ਇਹ ਤੁੰਮੇ ਦਾ ਫਲ, ਕੌੜਾ ਹੁੰਦਾ ਹੈ ਆਦਿ। ਧੰਨਾ ਜੀ ਨੇ ਪ੍ਰਭੂ ਤੋਂ ਜੋ ਵੀ ਮੰਗਿਆ ਸੀ ਸਭ ਮਿਲ ਗਿਆ।

ਕਿਸੇ ਸਿਆਣੇ ਬੰਦੇ ਨੇ ਧੰਨਾ ਜੀ ਨੂੰ ਸਲਾਹ ਦਿੱਤੀ ਕਿ ਭਾਵੇਂ ਪ੍ਰਭੂ ਜੀ ਤੁਹਾਡੇ 'ਤੇ ਖੁਸ਼ ਅਤੇ ਮਿਹਰਬਾਨ ਹਨ ਪ੍ਰੰਤੂ ਫਿਰ ਵੀ ਤੁਹਾਨੂੰ ਕੋਈ ਗੁਰੂ ਜ਼ਰੂਰ ਧਾਰਨਾ ਚਾਹੀਦਾ ਹੈ। ਉਸ ਵਿਅਕਤੀ ਨੇ ਸੁਆਮੀ ਰਾਮਾਨੰਦ ਜੀ ਨੂੰ ਗੁਰੂ ਧਾਰਨ ਲਈ ਉਹਨਾਂ ਦਾ ਨਾਮ ਦੱਸਿਆ। ਇਕ ਦਿਨ ਅਚਾਨਕ ਹੀ ਉਧਰ ਸਵਾਮੀ ਰਾਮਾਨੰਦ ਜੀ ਆ ਗਏ। ਧੰਨਾ ਜੀ ਨੇ ਆਪਣੇ ਤਨੋਂ-ਮਨੋਂ ਉਹਨਾਂ ਦੀ ਸੇਵਾ ਕੀਤੀ ਤੇ ਦੀਕਸ਼ਾ ਲੈਣ ਦੀ ਮੰਗ ਕੀਤੀ। ਰਾਮਾਨੰਦ ਜੀ ਨੇ ਧੰਨਾ ਜੀ ਦੀ ਬੇਨਤੀ ਸਵੀਕਾਰ ਕਰ ਲਈ ਅਤੇ 'ਦੀਕਸ਼ਾ' ਦੇ ਕੇ ਧੰਨਾ ਜੀ ਨੂੰ ਆਪਣਾ ਚੇਲਾ ਬਣਾ ਲਿਆ। ਹੁਣ ਧੰਨਾ ਜੀ 'ਰਾਮ ਨਾਮ' ਦਾ ਸਿਮਰਨ ਕਰਨ ਲੱਗ ਪਏ। ਮੌਜ ਮਸਤੀ ਵਿਚ ਧੰਨਾ ਜੀ ਆ ਕੇ ਕਈ ਵਾਰੀ ਆਪਣੇ ਭਗਵਾਨ ਨੂੰ ਆਪਣੇ ਪਾਸ ਬੁਲਾ ਲੈਂਦੇ ਤੇ ਆਪਣੇ ਸਾਰੇ ਕੰਮ ਉਹਨਾਂ ਤੋਂ ਕਰਵਾਉਂਦੇ।

ਇਸ ਤੋਂ ਬਾਅਦ ਸਤਿਗੁਰੂ ਧੰਨਾ ਜੀ ਕਾਸ਼ੀ ਵਿਖੇ ਸੁਆਮੀ ਰਾਮਾਨੰਦ ਜੀ ਦੇ ਆਸ਼ਰਮ ਤੇ ਆ ਗਏ। ਇੱਥੇ ਸੁਆਮੀ ਰਾਮਾਨੰਦ ਜੀ ਦੀ ਸੰਗਤ ਨਾਲ ਤੇ ਹੋਰ ਸਮਕਾਲੀ ਭਗਤਾਂ ਦੀ ਸੰਗਤ ਵਿਚ ਰਹਿ ਕੇ ਰੱਬ ਦੀ ਭਗਤੀ ਵਿਚ ਜੁਟ ਗਏ। ਇੱਥੇ ਉਹਨਾਂ ਨੇ ਰਾਮਾਨੰਦ ਜੀ ਤੇ ਉਹਨਾਂ ਦੇ ਸ਼ਿਸ਼ ਤੇ ਸਮਕਾਲੀ ਭਗਤਾਂ ਦੀ ਯੋਗ ਅਗਵਾਈ ਨਾਲ ਬਹੁਤ ਭਗਤੀ ਕੀਤੀ ਤੇ ਅਧਿਆਤਮਵਾਦ ਦਾ ਗਿਆਨ ਹਾਸਲ ਕੀਤਾ। ਉਹ ਬਿਲਕੁਲ ਅਨਪੜ੍ਹ ਸਨ ਤੇ ਉਹਨਾਂ ਨੇ ਅਧਿਆਤਮਵਾਦ ਦਾ ਗਿਆਨ, ਮਾਨਵ ਸੇਵਾ ਤੇ ਸੱਚੇ ਪਰਮਾਰਥ ਦੀ ਪ੍ਰਾਪਤੀ ਦਾ ਗਿਆਨ ਵੀ ਕਾਸ਼ੀ ਵਿਖੇ ਹੀ ਰਹਿ ਕੇ ਕੀਤਾ। ਇਸ ਤਰ੍ਹਾਂ ਹੌਲੀ-ਹੌਲੀ ਉਹਨਾਂ ਦਾ ਬੌਧਿਕ ਵਿਕਾਸ ਹੁੰਦਾ ਗਿਆ ਤੇ ਨਾਲ ਦੀ ਨਾਲ ਅਧਿਆਤਮਵਾਦ ਦੇ ਰਸਤੇ ਦੀ ਵੀ ਸੋਝੀ ਆਉਂਦੀ ਗਈ ਤੇ ਇਕ ਦਿਨ ਉਹਨਾਂ ਦਾ ਨਾਮ ਉਸ ਸਮੇਂ ਦੇ ਚੋਟੀ ਦੇ ਭਗਤਾਂ ਦੀ ਕਤਾਰ ਵਿਚ ਗਿਣਿਆ ਜਾਣ ਲੱਗਾ। ਉਹ ਭਗਤ ਗੁਰੂ ਸਨ: ਸਤਿਗੁਰੂ ਕਬੀਰ ਜੀ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਸੈਣ ਜੀ, ਸਤਿਗੁਰੂ ਪੀਪਾ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਤ੍ਰੀਲੋਚਨ ਜੀ ਤੇ ਸਤਿਗੁਰੂ ਜੈਦੇਵ ਜੀ ਆਦਿਕ। ਇਹ ਸਾਰੇ ਮਹਾਂ-ਪੁਰਸ਼ ਆਰੰਭ ਵਿਚ ਸ੍ਰੀ ਕ੍ਰਿਸ਼ਨ ਜੀ ਤੇ ਬਾਅਦ ਵਿਚ ਸ੍ਰੀ ਰਾਮ ਚੰਦਰ ਜੀ ਦੇ ਉਪਾਸ਼ਕ ਸਨ ਤੇ ਮੂਰਤੀ ਪੂਜਾ ਕਰਦੇ ਸਨ। ਜਿਉਂ-ਜਿਉਂ ਇਨ੍ਹਾਂ ਨੇ ਆਪਣੇ ਮਾਨਸਿਕ ਵਿਕਾਸ ਦੇ ਪੜਾਵਾਂ ਨੂੰ ਪਾਰ ਕੀਤਾ ਤੇ ਉਸ ਨਾਲ ਇਹ ਪ੍ਰਮਾਤਮਾ ਦੀ ਹੋਂਦ ਬਾਰੇ ਸੁਤੰਤਰ ਚਿੰਤਨ ਦੀ ਦਿਸ਼ਾ ਵੱਲ ਵਧਦੇ ਗਏ। ਉਹਨਾਂ ਦਿਨਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਵੀ ਭਾਰਤ ਦਾ ਭ੍ਰਮਣ ਕਰ ਰਹੇ ਸਨ। ਉਹ ਵੇਦਾਂਤੀ ਸਨ ਤੇ ਇਕੋ ਨਿਰਾਕਾਰ ਪ੍ਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਰੱਖਦੇ ਸਨ। ਇਹਨਾਂ ਸਭ ਭਗਤਾਂ ਦੀ ਪਹਿਲਾਂ ਅਯੁੱਧਿਆ ਤੇ ਫਿਰ ਕਾਸ਼ੀ ਵਿਖੇ ਗੁਰੂ ਨਾਨਕ ਦੇਵ ਜੀ ਨਾਲ ਮੁਲਾਕਾਤ ਹੋਈ। ਸਰਗੁਣ ਤੇ ਨਿਰਗੁਣ ਵਿਚਾਰਧਾਰਾ ਤੇ ਦੋਹਾਂ ਗਰੁੱਪਾਂ ਦੀ ਖੂਬ ਚਰਚਾ ਹੋਈ ਤੇ ਅੰਤ ਨੂੰ ਸਾਰੇ ਭਗਤ ਸਾਹਿਬਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਰਗੁਣ ਵਿਚਾਰਧਾਰਾ ਨਾਲ ਸਹਿਮਤ ਹੋ ਗਏ ਤੇ ਸਭ ਭਗਤਾਂ ਨੇ ਸਰਗੁਣ ਵਿਚਾਰਧਾਰਾ ਦਾ ਰਸਤਾ ਛੱਡ ਕੇ ਮੂਰਤੀ ਪੂਜਾ ਨੂੰ ਤਿਆਗ ਕੇ ਇਕੋ ਨਿਰਾਕਾਰ ਪ੍ਰਮਾਤਮਾ ਦੀ ਹੋਂਦ ਵਿਚ, ਸੱਚੇ ਮਾਰਗ ਨੂੰ ਗ੍ਰਹਿਣ ਕਰਕੇ ਪ੍ਰਾਪਤ ਕਰਨ ਦਾ ਰਸਤਾ ਗ੍ਰਹਿਣ ਕੀਤਾ। ਇਸ ਤਰ੍ਹਾਂ ਇਹ ਸਾਰੇ ਭਗਤ ਸਾਹਿਬਾਨ ਨਿਰਾਕਾਰ ਉਪਾਸਨਾ ਵੱਲ ਪ੍ਰੀਵਰਤਿਤ ਹੋ ਗਏ। ਇਨ੍ਹਾਂ ਵਿਚ ਸਭ ਤੋਂ ਪਹਿਲਾ ਇਹ ਪ੍ਰਭਾਵ ਸਤਿਗੁਰੂ ਕਬੀਰ ਜੀ ਨੇ ਗ੍ਰਹਿਣ ਕੀਤਾ। ਇਸ ਭਗਤ ਮੰਡਲੀ ਦੀ ਅਗਵਾਈ ਉਸ ਸਮੇਂ ਸੁਆਮੀ ਰਾਮਾਨੰਦ ਜੀ ਕਰ ਰਹੇ ਸਨ ਜੋ ਉੱਤਰੀ ਭਾਰਤ ਵਿਚ 'ਰਾਮ ਨਾਮ' ਦੀ ਉਪਾਸਨਾ ਨੂੰ ਲਿਆਉਣ ਵਾਲੇ ਪ੍ਰਥਮ ਮਹਾਂਪੁਰਸ਼ ਸਨ, ਵੀ ਗੁਰੂ ਸਾਹਿਬਾਨ ਤੋਂ ਪ੍ਰਭਾਵਿਤ ਹੋ ਕੇ ਨਿਰਗੁਣਵਾਦੀ ਬਣ ਗਏ।

ਸਤਿਗੁਰੂ ਧੰਨਾ ਜੀ ਦੇ ਤਿੰਨ ਸ਼ਬਦ ਰਾਗ ਆਸਾ ਤੇ ਚੌਥਾ ਸ਼ਬਦ ਰਾਗ ਧਨਾਸਰੀ ਵਿਚ 'ਆਰਤਾ' ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹਨ। ਹੋਰਨਾਂ ਭਗਤਾਂ ਦੀ 'ਆਰਤੀ' 'ਤੇ ਧੰਨੇ ਜੀ ਦਾ 'ਆਰਤਾ'। ਧੰਨਾ ਜੀ ਆਪਣੀ ਬਾਣੀ ਵਿਚ ਦੱਸਦੇ ਹਨ ਕਿ ਉਨ੍ਹਾਂ ਨੂੰ ਪ੍ਰਮਾਤਮਾ ਦੀ ਭਾਲ ਵਿਚ ਜ਼ਮਾਨੇ ਗੁਜ਼ਰ ਗਏ, ਜੁੱਗ ਗੁਜ਼ਰ ਗਏ ਪਰ ਉਹਨਾਂ ਨੂੰ ਧੀਰਜ ਨਹੀਂ ਮਿਲਿਆ:

ਭਰਮਤ ਫਿਰਤ ਬਹੁ ਜਨਮ ਬਿਲਾਨੇ,
ਤਨੁ ਮਨੁ ਧਨੁ ਨਹੀਂ ਧੀਰੇ।

ਜੁਗਤ ਦਾ ਪਤਾ ਲੱਗਿਆ, ਜਿਸ ਤੋਂ ਵਿਸ਼ੇ ਵਿਕਾਰਾਂ, ਬੁਰਾਈਆਂ ਤੇ ਜਮ੍ਹਾਂ ਤੋਂ ਛੁਟਕਾਰਾ ਹੋਵੇ। ਮਨ ਪ੍ਰਮਾਤਮਾ ਨਾਲ ਲੱਗਣ ਦੀ ਥਾਂ ਵਿਸ਼ੇ-ਵਿਕਾਰਾਂ ਵੱਲ ਲੱਗਿਆ ਰਿਹਾ। ਗੁਰੂ ਨੇ ਗਿਆਨ ਦਿੱਤਾ, ਉਹ ਗਿਆਨ ਮਨ ਵਿਚ ਵੱਸਿਆ ਤੇ ਮਨ ਪ੍ਰਮਾਤਮਾ ਦੇ ਧਿਆਨ ਵਿਚ ਲੱਗਿਆ, ਪ੍ਰਮਾਤਮਾ ਦੀ ਪ੍ਰੇਮਾ-ਭਗਤੀ ਨੂੰ ਮੰਨਿਆ, ਪ੍ਰਮਾਤਮਾ ਦੇ ਆਤਮਕ ਸੁੱਖ ਦਾ ਰਹੱਸ ਜਾਣਿਆ, ਉਸ ਰਸ ਦੀ ਪ੍ਰਾਪਤੀ ਨਾਲ ਮਨ ਨੂੰ ਤ੍ਰਿਪਤੀ ਮਿਲੀ ਤੇ ਮੁਕਤੀ ਪ੍ਰਾਪਤ ਹੋਈ। ਉਸ ਸਰਵ ਵਿਆਪਤ ਪ੍ਰਮਾਤਮਾ ਦੀ ਜੋਤ ਜਿਸ ਵੀ ਵਿਅਕਤੀ ਦੇ ਮਨ ਵਿਚ ਵੱਸ ਜਾਂਦੀ ਹੈ, ਉਹ ਨਾ ਛਲੇ ਜਾਣ ਵਾਲੇ ਅਛੱਲ ਪ੍ਰਭੂ ਨੂੰ ਪਹਿਚਾਣ ਲੈਂਦਾ ਹੈ। ਸਤਿਗੁਰੂ ਧੰਨਾ ਜੀ ਨੇ ਧਰਤੀ ਦੇ ਸਭ ਜੀਵਾਂ ਤੇ ਕਣ-ਕਣ ਵਿਚ ਪ੍ਰਭੂ ਜੀ ਦਾ ਅਹਿਸਾਸ ਪ੍ਰਾਪਤ ਕਰ ਲਿਆ ਹੈ। ਸੰਤ ਜਨਾਂ ਨਾਲ ਮਿਲਣ 'ਤੇ ਹੀ ਸਮਾਨਤਾ ਦੀ ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ।

ਸਤਿਗੁਰੂ ਧੰਨਾ ਜੀ ਦਾ ਸ਼ਬਦ ਨਿਮਨ ਲਿਖਤ ਅਨੁਸਾਰ ਹੈ:-

ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ॥
ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭੂ ਹੀਰੇ॥੧॥ ਰਹਾਉ॥
ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨਾ ਜਾਨਿਆ॥
ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ॥੧॥
ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ॥
ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ॥੨॥
ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ॥
ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ॥੩॥
ਜੋਤਿ ਸਮਾਇ ਸਮਾਨੀ ਜਾ ਕ, ਅਛਲੀ ਪ੍ਰਭੁ ਪਹਿਚਾਨਿਆ।
ਧੰਨੈ ਧਨੁ ਪਾਇਆ ਧਰਣੀਧਰ ਮਿਲਿ ਜਨ ਸੰਤ ਸਮਾਨਿਆ॥੪॥ (ਰਾਗ ਆਸਾ ਧੰਨਾ ਜੀ)

ਦੂਸਰੇ ਸ਼ਬਦ ਵਿਚ ਆਤਮ ਸਥਿਰਤਾ ਦਾ ਗਿਆਨ ਹੈ। ਨਾਲ ਹੀ ਪਰਮ ਦਯਾਲ ਦਮੋਦਰ (ਪ੍ਰਮਾਤਮਾ ਨੂੰ) ਚੇਤਨ ਦੀ ਪ੍ਰੇਰਨਾ ਦਿੱਤੀ ਹੈ। ਦ੍ਰਿਸ਼ਟਾਂਤ ਦੇ ਕੇ ਦੱਸਿਆ ਹੈ। ਮਾਤਾ ਦੇ ਸਰੀਰ ਵਿਚ, ਪੇਟ ਦੀ ਅਗਨੀ ਤੇ ਪਾਣੀ ਅੰਦਰ ਜੋ ਪ੍ਰਮਾਤਮਾ ਆਹਾਰ ਦੇ ਕੇ ਰੱਖਦਾ ਹੈ, ਉਹ ਸਮਰੱਥ ਹੈ। ਭਾਵਨਾ ਬੜੀ ਸ਼ਕਤੀਸ਼ਾਲੀ ਵਸਤੂ ਹੈ। ਕੁੰਮੀ ਭਾਵ 'ਕਛੁਕੁੰਮੀ' ਪਾਣੀ ਵਿਚ ਰਹਿੰਦੀ ਹੈ। ਉਸ ਦੇ ਬੱਚੇ ਬਾਹਰ ਰੇਤੇ ਵਿਚ ਪਏ ਪਲਦੇ ਹਨ। ਨਾ ਕੁੰਮੀ ਆਪਣਾ ਦੁੱਧ ਪਿਲਾਉਂਦੀ ਹੈ, ਨਾ ਬੱਚਿਆਂ ਦੇ ਖੰਭ ਹੁੰਦੇ ਹਨ, ਕਿ ਉਹ ਉੱਡ ਕੇ ਆਪਣੀ ਖੁਰਾਕ ਲੈ ਸਕਣ, ਉਥੇ ਵੀ ਉਹਨਾਂ ਨੂੰ ਅਹਿਸਾਸ ਜਿਉਂਦਾ ਰੱਖਦਾ ਹੈ। ਉਸ ਪੂਰਨ ਸਰਵ ਵਿਆਪੀ ਪ੍ਰਮਾਤਮਾ ਦੀ ਲੀਲਾ ਵੱਲ ਦੇਖੋ ਤੇ ਸਮਝ ਤੇ ਉਸ ਨੂੰ ਮਨ ਵਿਚ ਰੱਖੋ।

ਪੱਥਰ ਵਿਚ ਇਕ ਕੀੜਾ ਹੁੰਦਾ ਹੈ। ਉਸ ਲਈ ਕਿਸੇ ਤਰ੍ਹਾਂ ਦੇ ਭੋਜਨ ਦਾ ਕੋਈ ਰਾਹ ਨਹੀਂ ਹੁੰਦਾ, ਉਸ ਦੀ ਉਥੇ ਵੀ ਪਾਲਣਾ ਹੁੰਦੀ ਹੈ। ਸਤਿਗੁਰੂ ਧੰਨਾ ਜੀ ਕਹਿੰਦੇ ਹਨ, ਉਹ ਸਭ ਥਾਂ ਪੂਰਨ ਹੈ। ਉਸ ਦੇ ਹੋ ਜਾਣ ਤੋਂ 'ਮਤ ਰੇ ਜੀਅ ਡਰਾਹੀ' ਜਿੰਦੇ ਮਤ ਡਰ; ਸ਼ਬਦ ਨਿਮਨ-ਲਿਖਤ ਅਨੁਸਾਰ ਹੈ:

ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ ਬਿਬਹਿ ਨਾ ਜਾਨਸਿ ਕੋਈ॥
ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ॥੧॥ ਰਹਾਉ॥
ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ॥
ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ॥੧॥
ਕੁੰਮੀ ਜਲ ਮਾਹਿ, ਤਨ ਤਿਸੁ ਬਾਹਰਿ, ਪੰਖ ਖੀਰੁ ਤਿਨ ਨਾਹੀ॥
ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ॥੨॥
ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ॥
ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ॥੩॥(ਰਾਗ ਆਸਾ ਧੰਨਾ ਜੀ)

ਸਤਿਗੁਰੂ ਧੰਨਾ ਜੀ ਦਾ ਨਿਮਨ-ਲਿਖਤ ਤੀਸਰਾ ਸ਼ਬਦ ਜੋ ਰਾਗ ਆਸਾ ਵਿਚ ਹੀ ਹੈ। ਇਸ ਸ਼ਬਦ ਦੀ ਗੁਰੂ ਅਰਜਨ ਦੇਵ ਜੀ ਨੇ 'ਗੁਰੂ ਗ੍ਰੰਥ ਸਾਹਿਬ' ਦੀ ਸੰਪਾਦਨਾ ਕਰਨ ਵੇਲੇ ਸੋਧ ਕਰਕੇ ਮਹਲਾ 5 ਵਾਂ ਲਿਖਿਆ ਹੈ। ਜੇਕਰ ਮੂਲ ਰੂਪ ਵਿਚ ਇਹ ਸਾਰਾ ਸ਼ਬਦ ਧੰਨਾ ਜੀ ਦਾ ਹੁੰਦਾ ਤਾਂ ਗੁਰੂ ਅਰਜਨ ਦੇਵ ਜੀ ਜੋ ਸੱਚ ਦੇ ਰੂਪ ਸਨ, ਉਹ ਕਦੇ ਵੀ ਇਸ 'ਤੇ ਮ:5 ਨਾ ਲਿਖਦੇ। ਜੇਕਰ ਸਾਰਾ ਸ਼ਬਦ ਮੂਲ ਰੂਪ ਵਿਚ ਗੁਰੂ ਜੀ ਦਾ ਹੁੰਦਾ ਤਾਂ ਮ: 5 ਦੇ ਸ਼ਬਦਾਂ ਵਿਚ ਦਰਜ ਹੁੰਦਾ। ਬਾਣੀ ਦਾ ਆਰੰਭਕ ਲੇਖ 'ਆਸਾ ਬਾਣੀ ਭਗਤ ਧੰਨੇ ਜੀ ਕੀ' ਮਹਲਾ 5 ਸਿਰਲੇਖ ਵੀ ਇਹੋ ਸੂਚਿਤ ਕਰਦਾ ਹੈ, 'ਗੋਬਿੰਦ ਗੋਬਿੰਦ ਗੋਬਿੰਦ ਸੰਗ' ਵਾਲੇ ਸ਼ਬਦ ਦਾ ਵਿਚਾਰ ਧੰਨਾ ਜੀ ਦਾ ਹੈ। ਗੁਰੂ ਅਰਜਨ ਦੇਵ ਜੀ ਨੇ ਧੰਨੇ ਜੀ ਦੇ ਸ਼ਬਦ ਪ੍ਰਤੀ ਕੁਝ ਸੰਸ਼ੋਧਨੀ ਅੰਸ਼ ਮਿਲਾ ਕੇ ਆਪਣੀ ਛੋਹ ਦੀ ਸੂਚਨਾ ਮਹਲਾ 5 ਰਾਹੀਂ ਦਿੱਤੀ ਹੈ; ਨਾ ਕਿ ਸਾਰਾ ਸ਼ਬਦ ਮਹਲਾ 5 ਦਾ ਹੈ?

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥੧॥ ਰਹਾਉ॥
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥੧॥
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥
ਪਰਗਟੁ ਹੋਆ ਸਾਧ ਸੰਗਿ ਹਰ ਦਰਸਨੁ ਪਾਇਆ॥੨॥
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥
ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥੩॥
ਇਹ ਬਿਧਿ ਸੁਨਿਕੈ ਜਾਟਰੋ ਉਠਿ ਭਗਤੀ ਲਾਗਾ॥

(ਬਾਕੀ ਅਗਲੇ ਸਫੇ ਤੇ)

### ਬਸਪਾ ਦੇ ਸੂਬਾ ਸਕੱਤਰ ਪ੍ਰਵੀਨ ਬੰਗਾ ਨਾਲ ਵਿਸ਼ੇਸ਼ ਮੁਲਾਕਾਤ

# ਬਹੁਜਨਾਂ ਦੇ ਹਿੱਤ ਨੀਲੇ ਝੰਡੇ ਹੇਠ ਹੀ ਸੁਰਖਿੱਅਤ-ਬੰਗਾ

ਸੇਧ ਸਾਰ



ਸੁਰਜੀਤ ਮਜਾਰੀ
91+98721-93237

**ਬਹੁਜਨ** ਸਮਾਜ ਪਾਰਟੀ ਦੀ ਸਥਾਪਨਾ ਤੋਂ ਲੈ ਕੇ ਬਹੁਜਨ ਅੰਦੋਲਨ 'ਚ ਯੋਗਦਾਨ ਪਾਉਣ ਵਾਲਿਆਂ 'ਚ ਸ਼ੁਮਾਰ ਪ੍ਰਵੀਨ ਬੰਗਾ ਸਮਾਜਿਕ ਪ੍ਰੀਵਰਤਨ ਦੇ ਅੰਦੋਲਨ 'ਚ ਨਿਰੰਤਰ ਸੇਵਾਵਾਂ ਨਿਭਾਉਂਦੇ ਆ ਰਹੇ ਹਨ। ਉਹ ਜੁਆਨੀ ਵਰੇਸ ਤੋਂ ਪਾਰਟੀ ਬਾਨੀ ਬਾਬੂ ਕਾਂਸ਼ੀ ਰਾਮ ਦੇ ਕਾਫ਼ਲੇ ਦਾ ਹਿੱਸਾ ਬਣ ਕੇ ਤੁਰੇ ਹੋਏ ਹਨ। ਇਸ ਮਿਸ਼ਨ ਤਹਿਤ ਪ੍ਰਵੀਨ ਬੰਗਾ ਬਹੁਜਨ ਸਟੂਡੈਂਟ ਫਰੰਟ ਦੇ ਸੂਬਾ ਜਨਰਲ ਸਕੱਤਰ, ਲੋਕ ਸਭਾ ਹਲਕਾ ਆਨੰਦਪੁਰ ਸਾਹਿਬ ਦੇ ਇੰਚਾਰਜ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਅਤੇ ਦੋਆਬਾ ਜੋਨ ਦੇ ਇੰਚਾਰਜ, ਸੂਬਾ ਮੀਡੀਆ ਇੰਚਾਰਜ ਵਜੋਂ ਸੇਵਾਵਾਂ ਨਿਭਾ ਚੁੱਕੇ ਹਨ। 2003 'ਚ ਉਹਨਾਂ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਜਿੱਤੀ ਅਤੇ 2007 'ਚ ਬੰਗਾ ਵਿਧਾਨ ਸਭਾ ਹਲਕੇ ਤੋਂ ਪਾਰਟੀ ਨੇ ਉਹਨਾਂ ਨੂੰ ਉਮੀਦਵਾਰ ਬਣਾਇਆ। ਇਸ ਸੰਘਰਸ਼ 'ਚ ਉਹਨਾਂ ਦੀ ਜੀਵਨ ਸਾਥੀ ਜਸਵਿੰਦਰ ਕੌਰ ਬੰਗਾ ਦਾ ਨਿੱਘਾ ਸਹਿਯੋਗ ਰਿਹਾ ਜਿਹਨਾਂ ਨੂੰ ਵੀ ਜ਼ਿਲ੍ਹੇ ਦੇ ਸੱਭ ਤੋਂ ਵੱਡੇ ਪਿੰਡ ਖੋਥੜਾਂ ਦੇ ਸਰਪੰਚ ਬਣਨ ਦਾ ਮਾਣ ਮਿਲ ਚੁੱਕਾ ਹੈ। ਵਿਅਕਤੀਗਤ ਤੌਰ 'ਤੇ ਪ੍ਰਵੀਨ ਬੰਗਾ ਹਲਕੇ ਅੰਦਰ ਹਲਕਾ ਵਾਸੀਆਂ ਦੇ ਦੁੱਖ ਸੁੱਖ 'ਚ ਸ਼ਰੀਕ ਹੋਣ ਵਜੋਂ ਜਾਣੇ ਜਾਂਦੇ ਹਨ




ਬਸਪਾ ਦੀ ਸੂਬਾ ਪੱਧਰੀ ਮੀਟਿੰਗ 'ਚ ਸਟੇਟ ਸਕੱਤਰ ਦਾ ਐਲਾਨ ਕਰਦੇ ਹੋਏ ਪੰਜਾਬ ਚੰਗੀਗੜ੍ਹ ਹਰਿਆਣਾ ਦੇ ਇੰਚਾਰਜ ਰਣਧੀਰ ਸਿੰਘ ਬੈਨੀਪਾਲ, ਵਿਪਨ ਕੁਮਾਰ, ਪੰਜਾਬ ਪ੍ਰਧਾਨ ਡਾ. ਜਸਵੀਰ ਸਿੰਘ ਗੜ੍ਹੀ।



ਪ੍ਰਵੀਨ ਬੰਗਾ



ਬਸਪਾ ਦੇ ਨਵ ਨਿਯੁਕਤ ਸੂਬਾ ਸਕੱਤਰ ਪ੍ਰਵੀਨ ਬੰਗਾ ਆਪਣੇ ਜੱਦੀ ਪਿੰਡ ਖੋਥੜਾਂ ਵਿਖੇ ਬਾਬੂ ਕਾਂਸ਼ੀ ਰਾਮ ਤੇ ਡਾ. ਅੰਬੇਡਕਰ ਯਾਦਗਾਰੀ ਸਮਾਰਕ 'ਤੇ ਪਿੰਡ ਵਾਸੀਆਂ ਨਾਲ

ਅਤੇ ਹਲਕੇ ਦੇ ਹਰ ਸੰਘਰਸ਼ 'ਚ ਉਹਨਾਂ ਦੀ ਸਮੂਲੀਅਤ ਮੋਹਰੀ ਆਗੂਆਂ ਵਜੋਂ ਹੁੰਦੀ ਹੈ। ਹੁਣ ਬਸਪਾ ਵਲੋਂ ਉਹਨਾਂ ਨੂੰ ਸੂਬਾ ਸਕੱਤਰ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ ਅਤੇ ਇਸ ਸਾਰੇ ਸਫ਼ਰ ਅਤੇ ਪਾਰਟੀ ਸਰਗਰਮੀਂ ਸਬੰਧੀ ਪੇਸ਼ ਨੇ ਉਹਨਾਂ ਨਾਲ ਸਾਂਝੇ ਕੀਤੇ ਸੱਤ ਸਵਾਲ-

**-ਬਸਪਾ ਨਾਲ ਜੁੜਣ ਦਾ ਕੀ ਸਬੱਬ ਬਣਿਆਂ?**

ਬਸਪਾ ਨਾਲ ਜੁੜਣ ਦਾ ਸਬੱਬ ਦੋਆਬੇ ਦੇ ਅੰਬੇਡਕਰੀ ਪਿੰਡ 'ਚ ਪੈਦਾ ਹੋਣ ਕਰਕੇ ਜਿੱਥੋਂ ਦੇ ਬਜ਼ੁਰਗਾਂ ਨੇ ਰਿਪਬਲਿਕ ਪਾਰਟੀ ਦੇ ਅੰਦੋਲਨ 'ਚ ਹਿੱਸਾ ਪਾਇਆ ਸੀ। ਇਵੇਂ ਮੇਰੇ ਪਿਤਾ ਸ੍ਰੀ ਮਲਕੀਅਤ ਰਾਮ ਬੰਗਾ ਜੀ ਦਾ 1982 ਤੋਂ ਬਾਮਸੇਫ਼ ਦੇ ਮੈਂਬਰ ਹੋਣ ਨਾਤੇ ਵੀ ਇਸ ਅੰਦੋਲਨ ਨਾਲ ਜੁੜਣ ਦਾ ਸਬੱਬ ਬਣਿਆਂ। ਕਹਿਣ ਦਾ ਭਾਵ ਬਚਪਨ ਵਰੇਸੇ ਘਰ ਤੋਂ ਹੀ ਜਾਗ੍ਰਤੀ ਦਾ ਜਾਗ ਲੱਗ ਗਿਆ ਸੀ। ਇਵੇਂ 1985 ਦੀਆਂ ਚੋਣਾਂ ਦੌਰਾਨ ਲੋਕ ਸਭਾ ਹਲਕਾ ਫ਼ਿਲੌਰ ਤੋਂ ਉਮੀਦਵਾਰ ਅਮ੍ਰਿਤ ਲਾਲ ਅਤੇ ਬੰਗਾ ਤੋਂ ਵਿਧਾਨ ਸਭਾ ਦੇ ਉਮੀਦਵਾਰ ਸਤਨਾਮ ਸਿੰਘ ਕੈਂਥ ਦੀ ਚੋਣ ਮੁਹਿੰਮ 'ਚ ਸ਼ਾਮਲ ਹੋਣ ਤੋਂ ਇਸ ਚੇਟਕ ਨੇ ਪ੍ਰਤੱਖ ਰੂਪ ਧਾਰਨਾ ਸ਼ੁਰੂ ਕਰ ਦਿੱਤਾ।

**-ਪੰਜਾਬ ਅੰਦਰ ਬਾਬੂ ਕਾਂਸ਼ੀ ਰਾਮ ਦੇ ਸੁਪਨਿਆਂ ਦੀ ਸਥਾਪਤੀ 'ਚ ਖੜੋਤ ਕਿਉਂ ਆਈ?**

-ਸਾਹਿਬ ਕਾਂਸ਼ੀ ਰਾਮ ਜੀ ਦਾ ਅੰਦੋਲਨ ਜਿੱਥੇ ਇੱਕ ਰਾਜਨੀਤਿਕ ਅੰਦੋਲਨ ਹੈ ਉਸ ਤੋਂ ਪਹਿਲਾਂ ਇਹ ਇੱਕ ਸਮਾਜਿਕ ਅੰਦੋਲਨ ਹੈ। 1985 ਦੀਆਂ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਵਲੋਂ ਪੰਜਾਬ 'ਚ ਜਦੋਂ ਚੋਣਾਂ ਲੜਣ ਦਾ ਐਲਾਨ ਕੀਤਾ ਤਾਂ ਇਸ ਚੋਣ ਨੇ ਪੰਜਾਬ ਵਿੱਚ ਸਥਾਪਿਤ ਪਾਰਟੀ ਕਾਂਗਰਸ ਦੀਆਂ ਨੀਹਾਂ ਨੂੰ ਖੋਖਲਾ ਕਰਨਾ ਸ਼ੁਰੂ ਕੀਤਾ ਤਾਂ ਬੁਖਲਾਹਟ 'ਚ ਆ ਕੇ ਕਾਂਗਰਸ ਪਾਰਟੀ ਨੇ ਬਸਪਾ ਦੇ ਸਮਾਜਿਕ ਅੰਦੋਲਨ ਨੂੰ ਮਜ਼ਬੂਤ ਕਰਨ ਵਾਲੀ ਬਾਮਸੇਫ਼ 'ਤੇ ਪਹਿਲਾ ਧਾਵਾ ਬੋਲਿਆ, ਦੂਸਰਾ ਪੰਜਾਬ ਵਿੱਚ ਵਿਸ਼ੇਸ਼ ਤੌਰ 'ਤੇ ਆਦਿਧਰਮੀਂ ਅਤੇ ਵਾਲਮੀਕਿ ਭਾਈਚਾਰੇ ਵਿੱਚ ਤਰੇੜ ਪੈਦਾ ਕਰਨ ਲਈ ਸਾਜ਼ਿਸ ਰਚੀਆਂ ਜਾਣ ਲੱਗੀਆਂ ਅਤੇ ਸੰਗਠਨ ਨੂੰ ਕਮਜ਼ੋਰ ਕਰਨ ਲਈ ਆਗੂਆਂ ਨੂੰ ਵਹਿਕਾਉਣਾ ਸ਼ੁਰੂ ਕੀਤਾ। ਪਰ ਉਹ ਆਪਣੀਆਂ ਚਾਲਾਂ 'ਚ ਸਫ਼ਲ ਨਾ ਹੋ ਸਕੇ। ਇਹੀ ਕਾਰਨ ਹੈ ਕਿ ਅੱਜ ਵੀ ਬਸਪਾ ਦੇਸ਼ ਅੰਦਰ ਤੀਜੇ ਨੰਬਰ ਦੀ ਕੌਮੀ ਪਾਰਟੀ ਵਜੋਂ ਮਾਣਤਾ ਪ੍ਰਾਪਤ ਹੈ। ਸੋ ਇਸ ਨੂੰ ਕਿਸੇ ਕਿਸਮ ਦੀ ਖੜੋਤ ਨਹੀਂ ਕਿਹਾ ਜਾ ਸਕਦਾ ਅੱਜ ਸਮਾਜ 'ਚ ਇਸ ਅੰਦੋਲਨ ਦੀ ਬਦੌਲਤ ਪੂਰੀ ਚੇਤਨਾ ਹੈ। ਜਿੱਥੇ ਵੀ ਸਮਾਜ 'ਚ ਧੱਕਾ ਹੁੰਦਾ ਉੱਥੇ ਬਹੁਜਨ ਸਮਾਜ ਪਾਰਟੀ ਡਟ ਕੇ ਖੜ੍ਹਦੀ ਹੈ ਅਤੇ ਹਰ ਲੜਾਈ ਲੜਦੀ ਹੈ। ਪਿਛਲੀਆਂ ਲੋਕ ਸਭਾ ਦੀਆਂ ਚੋਣਾਂ ਦੇ ਅੰਕੜੇ ਸਾਬਤ ਕਰਦੇ ਹਨ ਕਿ ਬਸਪਾ ਨੇ ਆਪਣੀ ਖੜੋਤ ਤੋੜ ਦਿੱਤੀ ਹੈ।

**-ਬਸਪਾ ਅੰਦਰ ਰੈਲੀਆਂ ਨੂੰ ਲੈ ਕੇ ਨਤੀਜਿਆਂ ਦੇ ਭਰਮ ਕਿਉਂ ਪਾਲੇ ਜਾਂਦੇ ਹਨ?**

-ਬਹੁਜਨ ਸਮਾਜ ਪਾਰਟੀ ਆਪਣੀਆਂ ਰੈਲੀਆਂ ਆਪਣੇ ਸੀਮਤ ਸਾਧਨਾਂ ਰਾਹੀਂ ਸਮਾਜਿਕ ਅੰਦੋਲਨ ਦੀ ਪ੍ਰਾਪਤੀ ਨੂੰ ਮੁੱਖ ਰੱਖ ਕੇ ਕਰਦੀ ਹੈ। ਪਾਰਟੀ ਆਗੂ/ਵਰਕਰ ਸਮੂਹਿਕ ਤੌਰ 'ਤੇ ਪੰਜਾਬ ਦੇ ਲੋਕਾਂ ਨੂੰ ਪੰਜਾਬ ਦੇ ਸ਼ਾਸ਼ਕ ਬਣਾਉਣ ਦੇ ਨਿਸ਼ਾਨੇ ਨਾਲ ਆਪਣੇ ਪੈਸਿਆਂ ਤੇ ਆਪਣੇ ਸਾਧਨਾ ਨਾਲ ਰੈਲੀਆਂ ਨੂੰ ਸਫ਼ਲ ਕਰਦੇ ਹਨ। ਉਹ ਰੈਲੀਆਂ 'ਚ ਇਕੱਠ ਕਰਕੇ ਦੂਜੀਆਂ ਰਾਜਨੀਤਿਕ ਧਿਰਾਂ ਨੂੰ ਰਾਜਨੀਤਿਕ ਅਤੇ ਸਮਾਜਿਕ ਤੌਰ 'ਤੇ ਦ੍ਰਿੜਤਾ ਨਾਲ ਚੁਣੌਤੀ ਦਿੰਦੇ ਹਨ। ਅੱਜ ਬਹੁਜਨ ਸਮਾਜ ਬਿਨ੍ਹਾਂ ਕਿਸੇ ਡਰ ਭੈਅ ਤੇ ਲਾਲਚ ਤੋਂ ਰੈਲੀਆਂ ਹੀ ਨਹੀਂ ਸਗੋਂ ਜਮੀਨੀ ਤੌਰ 'ਤੇ ਵੀ ਅੱਗੇ ਵੱਧ ਰਿਹਾ ਹੈ। ਦੋ ਅਪਰੈਲ ਨੂੰ ਸਾਹਿਬ ਕਾਂਸੀ ਰਾਮ ਦੇ ਜੱਦੀ ਪਿੰਡ ਖਵਾਸਪੁਰ ਵਿੱਚਰ ਹੋਈ ਰੈਲੀ ਰਾਹੀਂ ਬਹੁਜਨਾਂ ਦੀ ਸ਼ਕਤੀ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ ਹੈ ਤੇ ਪੰਜਾਬ ਦੇ ਲੋਕਾਂ ਨੂੰ ਇੱਕ ਸੰਕੇਤ ਦਿੱਤਾ ਹੈ ਕਿ 2022 ਮਿਸ਼ਨ ਫ਼ਤਹਿ ਕਰਨ ਲਈ ਬਸਪਾ ਮਜ਼ਬੂਤੀ ਨਾਲ ਮੈਦਾਨ ਵਿੱਚ ਖੜ੍ਹੀ ਹੈ। ਇਸ ਰੈਲੀ ਦਾ ਇੱਕ ਹੋਰ ਖਾਸ ਪਹਿਲੂ ਸੀ ਕਿ ਪੰਜਾਬ ਦੇ ਹਰ ਵਰਗ ਨੇ ਇਸ 'ਬੇਗ਼ਮਪੁਰਾ ਪਾਤਸ਼ਾਹੀ ਬਣਾਓ' ਰੈਲੀ 'ਚ ਸ਼ਮੂਲੀਅਤ ਕੀਤੀ ਹੈ। ਸੋ ਅਜਿਹੀਆਂ ਰੈਲੀਆਂ ਨੂੰ ਨਾ ਤਾਂ ਕਿਸੇ ਨਤੀਜਿਆਂ ਦੇ ਭਰਮ ਨਾਲ ਦੇਖਿਆਂ ਜਾਂਦਾ ਸਗੋਂ ਵਿਸ਼ਵਾਸ਼ ਅਤੇ ਭਰੋਸੇ ਨਾਲ ਸਮਾਜਿਕ ਹਿੱਤਾਂ ਦੀ ਪ੍ਰਾਪਤੀ ਲਈ ਕਾਫ਼ਲਾ ਅੱਗੇ ਵੱਧ ਰਿਹਾ ਹੈ।

**ਪੰਜਾਬ ਅੰਦਰ ਗੱਠਜੋੜ ਦੀ ਰਾਜਨੀਤੀ ਨੂੰ ਠੋਸ ਰੂਪ 'ਚ ਕਿਉਂ ਨਹੀਂ ਅਪਣਾਇਆ ਜਾ ਰਿਹਾ?**

-ਬਹੁਜਨ ਸਮਾਜ ਪਾਰਟੀ ਬਹੁਜਨ ਸਮਾਜ 'ਚ ਕੁਦਰਤੀ ਸਮਝੌਤਾ ਕਰਨ ਦੀ ਸੋਚ ਰੱਖਦੀ ਹੈ। ਬਹੁਜਨ ਸਮਾਜ ਪਾਰਟੀ ਪੰਜਾਬ ਨੇ ਸਮਝੌਤੇ ਲਈ ਸਾਰੇ ਹਮਖਿਆਲੀ ਪਾਰਟੀਆਂ ਨਾਲ ਵਿਕਲਪ ਖੁੱਲ੍ਹੇ ਰੱਖੇ ਹਨ। ਹੁਣ ਪੰਜਾਬ 'ਚ ਰਾਜ ਕਰਨ ਵਾਲੀਆਂ ਪਾਰਟੀਆਂ ਅੱਜ ਪਹਿਲੀ ਵਾਰ ਦਲਿਤਾਂ ਨੂੰ ਗੁੰਮਰਾਹ ਕਰਨ ਲਈ ਉਪ ਮੁੱਖ ਮੰਤਰੀ ਦੇ ਅਹੁਦੇ ਦੇਣ ਦੀ ਗੱਲ ਕਰ ਰਹੇ ਹਨ ਇਹ ਸਭ ਬਸਪਾ ਦੀ ਵੱਧ ਰਹੀ ਤਾਕਤ ਦਾ ਨੀਤਜਾ ਹੈ। ਪੰਜਾਬ ਦੀ ਲੀਡਰਸ਼ਿਪ ਪੰਜਾਬ ਦੇ ਇੰਚਾਰਜ ਰਣਵੀਰ ਸਿੰਘ ਬੈਣੀਪਾਲ, ਵਿਪਨ ਕੁਮਾਰ ਪੰਜਾਬ ਦੇ ਪ੍ਰਧਾਨ ਡਾ. ਜਸਵੀਰ ਸਿੰਘ ਗੜ੍ਹੀ ਪੰਜਾਬ ਦੀ ਸਾਰੀ ਰਾਜਨੀਤੀ ਸਥਿਤੀ ਬਾਰੇ ਕੇਂਦਰ ਨੂੰ ਜਾਣੂ ਕਰਵਾ ਰਹੀ ਹੈ।

ਜਿਸ ਤਰ੍ਹਾਂ ਲੋਕ ਸਭਾ ਦੀਆਂ ਚੋਣਾਂ 'ਚ ਪੀਡੀਏ ਬਣਾ ਕੇ ਬਸਪਾ ਚੋਣ ਲੜੀ ਸੀ ਜਿਹਦੇ ਸਾਰਥਿਕ ਨਤੀਜੇ ਨਿਕਲੇ ਸਨ। ਇਸ ਲਈ ਬਸਪਾ ਪੰਜਾਬ ਦੀ ਇਕਾਈ ਪੂਰੀ ਤਰ੍ਹਾਂ ਆਸਵੰਦ ਹੈ। ਜਿਹੜੀ ਹਮਖਿਆਲੀ ਪਾਰਟੀ ਬਸਪਾ ਨੂੰ ਸਨਮਾਨਜਨਕ ਸੀਟਾਂ ਦੇ ਕੇ ਚੋਣ ਲੜਣ ਲਈ ਤਿਆਰ ਹਨ ਉਸ ਦੀ ਸਾਰੀ ਜਾਣਕਾਰੀ ਕੇਂਦਰ ਦੀ ਲੀਡਰਸ਼ਿਪ ਨੂੰ ਜਾਣੂ ਕਰਵਾਇਆ ਜਾਵੇਗਾ ਤਾਂ ਜੋ ਪੰਜਾਬ 'ਚ ਬਹੁਜਨ ਸਮਾਜ ਨੂੰ ਸੱਤਾਂ 'ਚ ਭਾਗੀਦਾਰ ਬਣਾਇਆ ਜਾ ਸਕੇ। ਆਖਰੀ ਫ਼ੈਸਲਾ ਬਸਪਾ ਸੁਪਰੀਮੋਂ ਕੁਮਾਰੀ ਮਾਇਆਵਤੀ ਵਲੋਂ ਲਏ ਉਚਿਤ ਫ਼ੈਸਲੇ ਮੁਤਾਬਿਕ ਹੋਵੇਗਾ।

**ਬਸਪਾ ਦੇ ਆਗੂਆਂ ਦੀ 'ਰਾਸ਼ੀ' ਆਪਸ 'ਚ ਘੱਟ ਕਿਉਂ ਮਿਲਦੀ ਆ?**

-ਅਜਿਹੀ ਕੋਈ ਗੱਲ ਨਹੀਂ ਹੈ। ਸਾਰੇ ਮਹਾਂਪੁਰਸ਼ਾਂ ਦੇ ਅੰਦੋਲਨ ਨੂੰ ਸਾਹਿਬ ਕਾਂਸੀ ਰਾਮ ਵਲੋਂ ਬਣਾਏ ਬਸਪਾ ਦੇ ਸੰਗਠਨ ਨੂੰ ਮਜ਼ਬੂਤ ਕਰ ਰਹੇ ਹਨ। ਕਈ ਵਾਰ ਕੰਮ ਕਰਨ ਦੇ ਢੰਗ 'ਚ ਫ਼ਰਕ ਹੋ ਸਕਦਾ ਹੈ ਉਦੇਸ਼ ਸਭ ਦਾ ਬਹੁਜਨ ਸਮਾਜ ਨੂੰ ਸ਼ਾਸ਼ਕ ਬਣਾਉਣਾ ਹੈ ਇਸ ਲਈ ਛੋਟੀਆਂ ਛੋਟੀਆਂ ਗੱਲਾਂ ਤੋਂ ਉਪਰ ਉੱਠ ਕੇ ਵੱਡੇ ਉਦੇਸ਼ ਦੀ ਪ੍ਰਾਪਤੀ ਲਈ ਟੀਮ ਦੇ ਰੂਪ 'ਚ ਕੰਮ ਕਰਨਾ ਚਾਹੀਦਾ ਹੈ ਤਾਂ ਕਿ ਡਾ. ਅੰਬੇਡਕਰ ਜੀ ਦੇ ਸੁਪਨਿਆਂ ਦਾ ਭਾਰਤ ਬਣਾਇਆ ਜਾ ਸਕੇ।

**ਪੰਜਾਬ 'ਚ ਬਸਪਾ ਦੀ ਸਰਕਾਰ ਬਣਨ 'ਤੇ ਪਹਿਲੇ ਫ਼ੈਸਲੇ ਕਿਹੋ ਜਿਹੇ ਹੋਣਗੇ?**

- ਬਹੁਜਨ ਸਮਾਜ ਪਾਰਟੀ ਵਲੋਂ ਆਪਣੇ ਅਜੰਡਾ ਪਹਿਲਾਂ ਤੋਂ ਸਪੱਸ਼ਟ ਰਿਹਾ। ਸਭ ਤੋਂ ਪੰਜਾਬ 'ਚ ਤੀਹ ਸਾਲ ਤੋਂ ਲਾਗੂ ਹੋ ਚੁਕੀ ਮੰਡਲ ਕਮਿਸ਼ਨ ਰਿਪੋਰਟ ਨੂੰ ਲਾਗੂ ਕਰਾਇਆ ਜਾਵੇਗਾ। ਦੂਸਰਾ ਕਿਸਾਨੀ ਤੇ ਮਜ਼ਦੂਰ ਵਰਗ ਵਿਰੋਧੀ ਕਾਨੂੰਨਾਂ ਨੂੰ ਮੁੱਢੋਂ ਰੱਦ ਕੀਤਾ ਜਾਵੇਗਾ। ਵਿਦਿਆਰਥੀਆਂ ਲਈ ਵਧੀਆ ਸਿੱਖਿਆਂ ਅਤੇ ਸੂਬਾ ਵਾਸੀਆਂ ਲਈ ਵਧੀਆ ਸਿਹਤ ਸਹੂਲਤਾਂ ਅਤੇ ਗੁੰਡਾਗਰਦੀ ਅਤੇ ਹਰ ਤਰਾਂ ਦੀ ਗੈਂਗਵਾਰ ਨੂੰ ਨੱਥ ਪਾਈ ਜਾਵੇਗੀ। ਨੀਲੇ ਕਾਰਡਾਂ ਦੀ ਰਾਜਨੀਤੀ ਤੋਂ ਉਪਰ ਉੱਠ ਕੇ ਲੋੜਵੰਦ ਲੋਕਾਂ ਨੂੰ ਸਰਕਾਰੀ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ।

**ਨਵੀਂ ਜ਼ਿੰਮੇਵਾਰੀ ਮਿਲਣ 'ਤੇ ਪਾਰਟੀ ਹਾਈਕਮਾਂਡ ਅਤੇ ਵਰਕਰਾਂ ਨਾਲ ਕਿਵੇਂ ਦੀ ਖੁਸ਼ੀ ਸਾਂਝੀ ਕਰਨੀ ਚਾਹੋਗੇ?**

-ਇਹ ਜ਼ਿੰਮੇਵਾਰੀ ਮੇਰੇ ਲਈ ਕੋਈ ਨਵੀਂ ਨਹੀਂ ਹੈ ਮੈਂ ਪਹਿਲਾਂ ਵੀ ਬਸਪਾ ਦੇ ਅੰਦੋਲਨ ਨੂੰ ਮਜ਼ਬੂਤ ਕਰਨ ਵਿੱਚ ਲੱਗਾਂ ਹੋਇਆ ਹਾਂ ਅਤੇ ਆਉਣ ਵਾਲੇ ਸਮੇਂ 'ਚ ਪੰਜਾਬ 'ਚ ਬਹੁਜਨ ਸਮਾਜ ਨੂੰ ਸ਼ਾਸ਼ਕ ਬਣਾਉਣ ਲਈ ਸਮੁੱਚੀ ਲੀਡਰਸ਼ਿਪ ਦੇ ਸਹਿਯੋਗ ਨਾਲ ਪਾਰਟੀ ਨੂੰ ਚੜ੍ਹਦੀ ਕਲਾ ਵਿੱਚ ਲਿਜਾਣ ਲਈ ਬਚਨਵੱਧ ਹਾਂ ਅਤੇ ਪਾਰਟੀ ਹਾਇਕਮਾਂਡ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਹਮੇਸ਼ਾਂ ਸਹਿਯੋਗ ਦੇਣ ਲਈ ਆਪਣੀ ਪਾਰਟੀ ਦੇ ਵਰਕਰਾਂ ਲਈ ਸ਼ੁੱਭ ਇਛਾਵਾਂ ਭੇਜਦਾ ਹਾਂ।

******

# 'ਜੋ ਜਨ ਤੁਮਰੀ ਭਗਤਿ ਕਰੰਤੇ, ਤਿੰਨ ਕੇ ਕਾਰਜ ਸਵਾਰਤਾ'

ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ।।
(ਆਸਾ ਰਾਗ ਮਹਲਾ 5. ।।੨।।)

ਸ਼ਬਦ ਦੀ ਅਖੀਰਲੀ ਤੁਕ ਵਿਚ ਵਰਤਿਆ 'ਧੰਨਾ ਵਡਭਾਗਾ' ਵਾਕ, ਸੂਚਿਤ ਕਰਦਾ ਹੈ ਕਿ ਮੂਲ ਰੂਪ ਵਿਚ ਸ਼ਬਦ ਧੰਨਾ ਜੀ ਦਾ ਹੀ ਹੈ।

ਗੋਪਾਲ ਤੇਰਾ ਆਰਤਾ।।
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ।।੧।। ਰਹਾਉ।।
ਦਾਲਿ ਸੀਧਾ ਮਾਗਉ ਘੀਉ।। ਹਮਰਾ ਖੁਸੀ ਕਰੈ ਨਿਤ ਜੀਉ।।੧।।
ਪਨੀਆ ਛਾਦਨ ਨੀਕਾ।। ਅਨਾਜ ਮਾਗਉ ਸਤ ਸੀ ਕਾ।।੧।।
ਗਊ ਭੈਸ ਮਗਾਉ ਲਾਵੇਰੀ। ਇਕ ਤਾਜਨਿ ਤੁਰੀ ਚੰਗੇਰੀ।।
ਘਰ ਕੀ ਗੀਹਨਿ ਚੰਗੀ।। ਜਨੁ ਧੰਨਾ ਲੇਵੈ ਮੰਗੀ।।੨।।੧।।(ਰਾਗ ਧਨਾਸਰੀ ਧੰਨਾ ਜੀ)

ਸਤਿਗੁਰੂ ਧੰਨਾ ਜੀ ਨੇ ਇਸ ਪਦੇ ਵਿਚ ਆਪਣੀ ਪੇਟ ਪੂਰਤੀ ਲਈ ਜ਼ਰੂਰਤਾਂ ਦੱਸ ਕੇ, ਦਾਲ, ਸੀਧਾ, ਘਿਉ ਮੰਗਿਆ ਹੈ। ਜੁੱਤੀ, ਕੱਪੜਾ, ਚੰਗੀ ਅਰਬੀ ਘੋੜੀ, ਸੋਹਣੀ ਔਰਤ ਦੀ ਮੰਗ ਕੀਤੀ ਹੈ। ਸਤ ਸੀਕਾ, ਸਤ ਵਾਰੀ ਪੈਲੀ ਵਾਹ ਕੇ ਬੀਜਿਆ ਅੰਨ, ਗਊ, ਮੱਝ, ਦੁੱਧ ਦੇਣ ਵਾਲੀ ਲਵੇਰੀ ਮੰਗੀ ਹੈ। ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਦਾ ਵੇਰਵਾ ਸਹਿਤ ਚੰਗੀ ਵਿਆਖਿਆ ਅਤੇ ਜ਼ਿੰਦਗੀ ਦੀਆਂ ਲੋੜਾਂ ਅਤੇ ਥੁੜਾਂ ਦੀ ਪੂਰਤੀ ਦਾ ਚੰਗਾ ਵੇਰਵਾ ਦਿੱਤਾ ਹੈ।

ਆਪਣੇ ਸਾਰੇ ਕਾਰਜ ਹੱਲ ਕਰਨ ਲਈ ਪ੍ਰਮਾਤਮਾ ਅੱਗੇ ਖੁੱਲ੍ਹ ਕੇ ਪੁਕਾਰ ਕੀਤੀ ਹੈ। ਇਕ ਕੇਂਦਰੀ ਨੁਕਤਾ ਹੈ- 'ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ' ਹੋਰ ਆਰਤੀਆਂ ਕਰਨ ਵਾਲੇ ਦੇਵਤੇ ਨੂੰ ਕਿਸ ਤਰ੍ਹਾਂ ਇੱਛਾ ਦੀ ਪੂਰਤੀ ਲਈ ਰਿਝਾਉਂਦੇ ਹਨ, ਇਹ ਉਹ ਜਾਨਣ। ਧੰਨੇ ਨੂੰ ਭਗਤੀ ਕਰਨ ਲਈ ਸਰੀਰ ਦੀ ਖੁਰਾਕ, ਜੀਵਨ ਜਿਊਣ ਲਈ ਨਿੱਤ ਵਰਤੋਂ ਦੀਆਂ ਚੀਜ਼ਾਂ ਦੀ ਲੋੜ ਸਭ ਤੋਂ ਪਹਿਲਾਂ ਹੈ। ਭਗਤਾਂ ਦੇ ਕਾਰਜ ਸੰਵਾਰਨ ਵਾਲੇ ਪ੍ਰਭੂ ਅੱਗੇ ਉਹਨਾਂ ਨੇ ਇਹ ਅਰਦਾਸ-ਬੇਨਤੀ ਨਿਰਸੰਕੋਚ ਹੋ ਕੇ ਕੀਤੀ ਹੈ।

ਸਤਿਗੁਰੂ ਧੰਨਾ ਜੀ ਦੀ 'ਗੁਰੂ ਗ੍ਰੰਥ ਸਾਹਿਬ' ਵਿਚਲੀ ਦਰਜ ਬਾਣੀ ਤੋਂ ਇਲਾਵਾ ਹੋਰ ਬਾਹਰਲੀ ਬਾਣੀ ਵੀ ਮਿਲਦੀ ਹੈ, ਜਿਸ ਵਿਚੋਂ ਉਹਨਾਂ ਦੇ ਨਿਰਗੁਣਵਾਦੀ ਵਿਚਾਰਾਂ ਦੀ ਸਾਫ ਝਲਕ ਦੇਖੀ ਜਾ ਸਕਦੀ ਹੈ। ਉਨ੍ਹਾਂ ਦੇ ਦੋ ਪਦਿਆਂ ਵਿਚੋਂ ਇਹ ਪਤਾ ਲੱਗਦਾ ਹੈ ਕਿ ਮਨੁੱਖ ਨੂੰ ਇਸ਼ਨਾਨ ਦਾ ਲਾਭ ਲੈਣ ਦੀ ਕਾਮਨਾ, ਤੀਰਥਾਂ ਦੇ ਭ੍ਰਮਣ ਤੋਂ ਉਲਟ, ਸ਼ੁਭ ਕਰਮਾਂ ਦੀ ਸਿੱਖਿਆ ਹੈ। ਜਿਸ ਦੇ ਅੰਗਾਂ ਵਿਚੋਂ ਅਨੁਪਮ ਬਾਸ (ਸੁਗੰਧ) ਉਠ ਰਹੀ ਹੈ। ਚੰਦਨ ਲੇਵ ਫੁੱਲ ਪੱਤੀਆਂ, ਭਾਰ ਅਠਾਰਹ ਜਿਸ ਦੇ ਰੋਮ ਮਾਤਰ ਨਹੀਂ। ਜਿਸਨੂੰ ਸਹਿਜ ਭਾਵ ਸੈਂਕੜੇ ਜੀਭਾਂ ਵਾਲਾ ਸ਼ੇਸ਼ਨਾਗ ਹਰ ਸਮੇਂ ਨਵੀਂ ਤੋਂ ਨਵੀਂ ਉਪਮਾ ਦੇ ਕੇ ਅਰਾਧਦਾ ਹੈ, ਜਿਸ ਨੂੰ ਨਾਰਦ ਸਨਕ ਸਨੰਦਨ (ਬ੍ਰਹਿਮੇ ਦੇ ਪੁੱਤਰ) ਪਵਨ ਪੁੱਤਰ (ਹਨੂਮਾਨ) ਸ਼ਿਵ, ਅਪੱਛਰਾਂ ਆਦਿ ਤਾਲ ਦੇ-ਦੇ ਕੇ ਗਾਉਂਦੇ ਹਨ। ਉਸ ਅਣਗਿਣਤੀ ਮਹਿਮਾ ਦੇ ਮਾਲਕ, ਗੋਪਾਲ, ਅਗਮ ਅਗੋਚਰ ਦੀ ਵਿਸਮਾਦੀ ਮਹਿਮਾ ਕਿੰਨੀ ਕੁ ਕਹੀ ਜਾ ਸਕਦੀ ਹੈ? ਕੌਣ ਕਹਿ ਸਕਦਾ ਹੈ? ਸਤਿਗੁਰੂ ਧੰਨਾ ਜੀ ਕਹਿੰਦੇ ਹਨ ਜਿਹਨਾਂ ਨੇ ਪ੍ਰਮਾਰਥ ਦਾ ਅਰਥ ਜਾਣ ਲਿਆ, ਉਹਨਾਂ ਨੇ ਸਹਿਜ ਵਿਚ ਆਪਣੇ ਆਪ ਨੂੰ ਸਮਾ ਲਿਆ ਹੈ। ਸਹਿਜ ਉਹਨਾਂ ਵਿਚ ਸਮਾ ਗਿਆ ਹੈ।

ਹਰਿ ਗੁਣ ਗਾਈ ਰੇ, ਹਰਿ ਗੁਣ ਗਾਈ ਰੇ, ਔਰ ਛਾਡਿ ਸਬੈ ਚਤੁਰਾਈ ਟੇਕ।
ਚਰਣ ਗੰਗਾ ਗਹਿ ਨੀਰੂ, ਪਅਿਬੰਰ ਕਿਊ ਸੋਭੈ ਤਾਸ।
ਚੰਲਨਿ ਕਿਸੋ ਕਰੋ ਹਰਿ ਲੇਪਨ, ਜਾਕੈ ਅੰਗ ਅਨੂਪਮ ਬਾਸ।
ਅਗਰ ਚੰਦਨ ਘਸਿ ਧੂਪ ਖਿਡਾਣੋ, ਕੌਣ ਬਾਸ ਮਨਿ ਰਾਗ ਰਲੀ।
ਪਤਰੀ ਪੂਰਖ ਕਿਸੈ ਬਨਿ ਆਣੋ, ਜਾਕੈ ਭਾਰ ਅਠਾਹਰ ਰੋਮਾਵਲੀ।
ਪੂਜਾ ਭਗਤਿ ਕਿਸੀ ਮਲ ਮਾਨੋ, ਜਾਕੈ ਸਨਕ ਸਨਦੰਨ ਭਗਤ ਸੁਕਾਦਿ।
ਸੇਸ ਸਹਜ ਮੁਖ ਨਾਉ ਅਰਾਧੇ, ਪਵਨ ਪੂਤ ਜਾਕੇ ਬ੍ਰਹਿਮਾਦਿ।
ਜਾਕੈ ਨਾਰਦ ਨਿਰਤ ਨੰਦਾ ਰਸ ਸੰਕਰ ਆਪ ਅਪਛਰਾ ਤੋੜੇ ਤਾਲ।
ਅਣਗਿਣਤੀ ਮਹਿਮਾ ਰਾਮ ਤੁਮਹਾਰੀ, ਮੈਂ ਕਾ ਗੁਣ ਜਾਣੂ ਗੋਪਾਲ।
ਅਬਿਅਗਤ ਅਗਮ ਬਸਮ ਕਠਿਨਾਈ ਕਹਿ ਕਹਿ ਕਹੁ ਕੀ ਲੀਉ ਜਾਈ।
ਕਹੋ ਧੰਨਾ ਅਰਥ ਪਰਮਾਰਥ, ਜਿਨਿ ਪਾਇਓ ਤਿਨਿ ਸਹਜ ਸੁਮਾਈ।

ਦੂਸਰੇ ਪਦੇ ਵਿਚ ਭੀ ਪ੍ਰਭੂ ਮਹਿਮਾ ਦਾ ਵਰਣਨ ਹੈ, ਜਿਸ ਦੇ ਗੁਣਗਾਨ ਨਾਲ ਦੁੱਖ ਹਰੇ ਜਾਂਦੇ ਹਨ।

ਊਧੋ, ਅੰਬ੍ਰੀਕ, ਸੁਦਾਮਾ, ਪ੍ਰਹਿਲਾਦ, ਨਾਮਾ, ਸਨਕਾਦਕ ਆਦਿ ਉਸਦੇ ਚਰਨਾਂ ਦੀ ਪ੍ਰਾਪਤੀ ਕਾਰਨ ਧੰਨਾ ਜੀ ਕਹਿੰਦੇ ਹਨ, ਊਧਰ ਗਏ। ਗੁਰੂ ਕ੍ਰਿਪਾ ਭਾਵ ਗੁਰ ਪ੍ਰਸਾਦਿ ਨਾਲ ਮੈਂ ਵੀ ਉਹ ਪਰਮਾ ਪਦ ਪਾਇਆ ਹੈ। ਇਹਨਾਂ ਪਦਿਆਂ ਵਿਚ ਧੰਨਾ ਜੀ ਦੇ ਵਿਚਾਰਾਂ ਦੀ ਪਕਿਆਈ ਨਜ਼ਰ ਆਉਂਦੀ ਹੈ। ਆਰੰਭਕ ਖਿਆਲਾਂ ਵਾਲੀ ਬੇਚੈਨੀ ਨਹੀਂ ਹੈ। ਪ੍ਰਭੂ ਦੇ ਗੁਣਾਂ ਦੀ ਵਡਿਆਈ ਅਨੰਦਮਈ ਸੰਗੀਤ ਵਾਂਗ ਹੈ।

'ਗੁਰੂ ਗ੍ਰੰਥ ਸਾਹਿਬ' ਦੀ ਬਾਣੀ ਗੁਰੂ ਰੂਪ ਹੈ, ਉਸਦੇ ਇਕ ਭਾਵ ਦੇ ਸ਼ਬਦ ਵਿਚਾਰਾਂ ਦੀ ਇਹੋ ਹੀ ਸਵਰ ਹੈ। ਇਕ ਅਕਾਲ ਪੂਜਾ ਦੀ ਸੇਧ ਦੇਣ ਵਾਲੀ ਹੈ।' ਇਕਾ ਬਾਣੀ ਇਕ ਗੁਰ ਇਕੋ ਸ਼ਬਦ ਵਿਚਾਰ'। 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਸਭ ਭਗਤਾਂ ਦੀ ਬਾਣੀ ਨੂੰ 'ਸ਼ਬਦ ਗੁਰੂ' ਦਾ ਦਰਜਾ ਪ੍ਰਾਪਤ ਹੈ ਤੇ ਇਹੀ ਗੱਲ ਗੁਰੂ ਸਾਹਿਬ ਦੇ 'ਸਮਾਜਿਕ ਬਰਾਬਰੀ ਦੇ ਸਿਧਾਂਤ' ਨੂੰ ਪ੍ਰਮਾਣਿਤ ਕਰਦੀ ਹੈ ਤੇ 'ਭਗਤਾਂ ਨੂੰ ਸਤਿਗੁਰੂ' ਦਾ ਦਰਜਾ ਵੀ ਪ੍ਰਦਾਨ ਕਰਦੀ ਹੈ।

ਸਤਿਗੁਰੂ ਧੰਨਾ ਜੀ ਜਿੱਥੇ ਖੇਤੀ ਕਰਦੇ ਸਨ, ਉਥੇ ਇਕ ਤਲਾਬ ਬਣਾ ਦਿੱਤਾ ਹੈ। ਜਿਸ ਦਾ ਨਾਮ 'ਮੋਤੀ ਤਲਾਬ' ਰੱਖਿਆ ਹੈ। ਆਜ਼ਾਦੀ ਤੋਂ ਬਾਅਦ ਇਸ ਨੂੰ 'ਮੋਤੀ ਨਗਰ ਧਾਮ' ਵਿਚ ਬਦਲ ਦਿੱਤਾ ਗਿਆ ਹੈ। ਅੱਜ ਵੀ ਰਾਜਿਸਥਾਨ ਵਿਚ ਇਹ ਅਖਾਣ ਬਣ ਗਿਆ ਹੈ ਕਿ ਜਦੋਂ ਲੋਕ ਆਪਣੇ ਖੇਤ ਵਿਚ ਹ਼ਲ ਚਲਾਉਂਦੇ ਹ਼ਲ ਤਾਂ ਅਕਸਰ ਸਤਿਗੁਰੂ ਧੰਨਾ ਜੀ ਨੂੰ ਯਾਦ ਕਰਦਿਆਂ ਗਾਉਂਦੇ ਹ਼ਲ:-

'ਧੰਨੇ ਜਾਟ ਕਾ ਹਰਿਸੋ ਹੇਤ,
ਬਿਨ ਬੀਜ ਕੇ ਨਿਪਜਾ ਖੇਤ।

ਸਤਿਗੁਰੂ ਧੰਨਾ ਜੀ ਨੇ ਇਕ ਮੰਦਰ ਵੀ ਬਣਵਾਇਆ, ਜਿਸ 'ਤੇ ਆਪਣੇ ਗੁਰੂ ਸੁਆਮੀ ਰਾਮਾਨੰਦ ਜੀ ਦਾ ਨਾਂ ਵੀ ਲਿਖਵਾਇਆ ਤੇ ਇਸ ਮੰਦਰ ਦੇ ਬਣਨ ਦਾ ਸਮਾਂ ਸੰਮਤ 1535 ਲਿਖਿਆ ਹੋਇਆ ਹੈ। ਸਤਿਗੁਰੂ ਧੰਨਾ ਜੀ ਦੀ ਯਾਦ ਵਿਚ ਉਹਨਾਂ ਦੇ ਜਨਮ ਸਥਾਨ ਪਿੰਡ ਧੁਆਨ (ਧੂਆਂ) ਵਿਖੇ ਇਕ ਬਹੁਤ ਹੀ ਸੁੰਦਰ 'ਗੁਰਦੁਆਰਾ ਸਾਹਿਬ' ਵੀ ਬਣਿਆ ਹੋਇਆ ਹੈ।

ਸਤਿਗੁਰੂ ਧੰਨਾ ਜੀ ਦੇ ਜੀਵਨ ਨਾਲ ਬਹੁਤ ਹੀ ਕਰਾਮਾਤਾਂ ਜੁੜੀਆਂ ਹੋਈਆਂ ਹ਼ਲ। ਇਹ ਕਰਾਮਾਤਾਂ ਦੀ ਚਰਚਾ ਅੱਜ ਵੀ ਉਹਨਾਂ ਦੇ ਪਿੰਡ ਧੁਆਨ ਕਲਾਂ ਵਿਚ ਲੋਕ ਸੁਣਾਉਂਦੇ ਹ਼ਲ ਪਰ ਇਹਨਾਂ ਨੂੰ ਯਥਾਰਥਵਾਦੀ ਨਹੀਂ ਮੰਨਿਆ ਜਾ ਸਕਦਾ। ਗੁਰਮਤਿ ਦੇ ਸਿਧਾਂਤ ਅਨੁਸਾਰ ਕਰਾਮਾਤਾਂ ਨੂੰ ਸਿੱਖ ਧਰਮ ਵਿਚ ਕੋਈ ਸਥਾਨ ਨਹੀਂ। ਇਹ ਕੇਵਲ ਉਹਨਾਂ ਦੇ ਸ਼ਰਧਾਲੂਆਂ ਵੱਲੋਂ ਹੀ ਧੰਨਾ ਜੀ ਦੇ ਜੀਵਨ ਨਾਲ ਜੋੜੀਆਂ ਗਈਆਂ ਮਿੱਥਾਂ ਹ਼ਲ। ਪੱਥਰਾਂ ਵਿਚੋਂ ਰੱਬ ਨੂੰ ਪਾਉਣਾ, ਤੁੰਮਿਆਂ ਵਿਚੋਂ ਕਣਕ ਦੇ ਦਾਣੇ ਨਿਕਲਣਾ, ਥੋੜ੍ਹੀ ਜਿਹੀ ਮਿੱਟੀ ਧੰਨਾ ਜੀ ਦੇ ਖੇਤਾਂ ਵਿਚੋਂ ਲਿਆ ਕੇ ਆਪਣੇ ਖੇਤਾਂ ਵਿਚ ਪਾਉਣਾ ਤੇ ਕਹਿਣਾ, ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਬਹੁਤ ਵਧਦੀ ਹੈ ਆਦਿਕ ਨੂੰ ਵਿਗਿਆਨਕ ਨਜ਼ਰੀਏ ਤੋਂ ਮੰਨਿਆ ਨਹੀਂ ਜਾ ਸਕਦਾ। ਧੰਨਾ ਜੀ ਤਾਂ ਇਕ ਮਹਾਨ ਕਿਰਤੀ ਸਨ ਜੋ ਖੇਤੀਬਾੜੀ ਕਰਕੇ ਆਪਣਾ ਗੁਜ਼ਾਰਾ ਕਰਦੇ ਸਨ। ਵੰਡ ਕੇ ਛਕਦੇ ਸਨ ਤੇ ਰੱਬ ਦਾ ਨਾਮ ਲੈਂਦੇ ਸਨ। 'ਗੁਰੂ ਗ੍ਰੰਥ ਸਾਹਿਬ' ਵਿਚ ਉਹਨਾਂ ਦਾ ਸਤਿਕਾਰ ਕਰਾਮਾਤਾਂ ਕਰਕੇ ਨਹੀਂ ਹੈ, ਸਗੋਂ ਉਹਨਾਂ ਦੇ ਹਿਰਦੇ ਵਿਚ ਪ੍ਰਭੂ ਦੇ ਵਾਸ ਕਰ ਜਾਣ ਕਰਕੇ ਹੈ। ਉਹਨਾਂ ਦਾ ਨਾਮ ਭਗਤੀ ਲਹਿਰ ਦੇ ਮਹਾਨ ਗੁਰੂ ਭਗਤਾਂ ਦੀ ਸੂਚੀ ਵਿਚ ਆਉਂਦਾ ਹੈ। ਉਹਨਾਂ ਦਾ ਮਾਨਸਿਕ ਵਿਕਾਸ ਸਰਗੁਣ ਧਾਰਾ ਤੋਂ ਨਿਰਗੁਣ ਦੀ ਧਾਰਾ ਵੱਲ ਵਿਕਾਸ ਕਰਦਾ ਹੈ। ਜੋ ਉਹਨਾਂ ਨੂੰ ਇਕ ਪ੍ਰਗਤੀਵਾਦੀ ਬਣਾਉਂਦਾ ਹੈ।

ਇਸੇ ਕਰਕੇ ਹੀ ਉਹ ਅਵਿਦਿਅਕ ਹੋਣ ਕਰਕੇ ਵੀ ਪਰਮ-ਪੁਰਖ ਪ੍ਰਮਾਤਮਾ ਦੀ ਪ੍ਰਾਪਤੀ ਕਰ ਲੈਂਦੇ ਹਨ। ਉਹਨਾਂ ਦੀਆਂ ਸਿੱਖਿਆਵਾਂ ਸਾਨੂੰ ਸਦਾ ਹੀ ਅੰਧੇਰੇ ਤੋਂ ਰੌਸ਼ਨੀ ਵੱਲ ਮਾਰਗ ਦਰਸ਼ਨ ਕਰਦੀਆਂ ਰਹਿਣਗੀਆਂ। ਉਹਨਾਂ ਦੇ 601 ਵੇਂ ਜਨਮ ਦਿਨ ਤੇ ਮੇਰੇ ਵੱਲੋਂ ਸਮੁੱਚੀ ਲੋਕਾਈ ਨੂੰ ਬਹੁਤ-ਬਹੁਤ ਵਧਾਈ ਹੋਵੇ ਜੀ।

# ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਆਦਿ ਧਰਮ ਅੰਦੋਲਨ



**ਫਤਿਹਜੰਗ ਸਿੰਘ**
ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ
91-98726-70278

**ਡਾ.** ਅੰਬਡਕਰ ਨੇ ਕਿਹਾ ਸੀ ਕਿ ''ਸਾਡੇ ਸਮਾਜ ਦੇ ਦੋ ਮੁੱਖ ਭਾਗ ਰਹੇ ਹਨ। ਇਕ ਰਾਜ ਕਰਨ ਵਾਲਿਆਂ ਦਾ ਹੈ ਅਤੇ ਦੂਜਾ ਉਹਨਾਂ ਦੀ ਪਰਜਾ ਦਾ। ਸਦੀਆਂ ਤੋਂ ਇਹ ਵਿਵਸਥਾ ਚਲੀ ਆ ਰਹੀ ਹੈ ਪਰ ਇਹ ਸਦੀਵੀ ਨਹੀਂ ਰਹਿਣੀ ਚਾਹੀਦੀ।'' ਇਸ ਅਵਸਥਾ ਨੂੰ ਬਦਲਣ ਲਈ ਹੀ ਬਾਬਾ ਸਾਹਿਬ ਨੇ ਤਾ-ਉਮਰ ਸੰਘਰਸ਼ ਕੀਤਾ। ਰਾਜ ਕਰਨ ਵਾਲੀ ਸ਼੍ਰੇਣੀ ਨੇ ਆਪਣੇ ਨਿੱਜੀ ਘਟੀਆ ਸਵਾਰਥਾਂ ਕਾਰਨ ਸਮਾਜ ਦੇ ਇਕ ਵੱਡੇ ਹਿੱਸੇ ਨੂੰ ਜਾਤਪਾਤ ਤੇ ਊਚ-ਨੀਚ ਦੀਆਂ ਵੰਡੀਆਂ ਪਾ ਕੇ ਲੀਰੋ ਲੀਰ ਕਰੀ ਰੱਖਿਆ, ਜਿਸ ਕਰਕੇ ਕੁਦਰਤੀ ਸਾਧਨਾਂ ਵਿਚ ਸਰਵ ਸੰਪੰਨ ਇਹ ਦੇਸ਼ ਕਮਜ਼ੋਰ ਤੇ ਗਰੀਬ ਹੀ ਬਣਿਆ ਰਿਹਾ। ਸਦੀਆਂ ਤੱਕ ਸਮਾਜ ਦੇ ਇਸ ਹਿੱਸੇ ਨੂੰ ਸ਼ੂਦਰ ਦਾ ਨਾਂ ਦੇ ਕੇ ਰੱਬ ਅਤੇ ਧਰਮ ਦੇ ਅੰਧ-ਵਿਸ਼ਵਾਸੀ ਕਰੂਰ ਡੰਡੇ ਦੇ ਜ਼ੋਰ ਨਾਲ ਅਜਿਹਾ ਲੁੱਟਿਆ ਅਤੇ ਨਚੋੜਿਆ ਗਿਆ ਕਿ ਇਸਦੇ ਵਾਸੀ ਭੁੱਲ ਹੀ ਗਏ ਕਿ ਉਹ ਵੀ ਮਨੁੱਖ ਹੀ ਹਨ। ਮਨੁੱਖਾਂ ਦੇ ਅਧਿਕਾਰ ਦੀ ਗੱਲ ਸੋਚਣੀ ਤਾਂ ਬਹੁਤ ਦੂਰ ਦੀ ਗੱਲ ਸੀ। ਅਜਿਹੀ ਹਾਲਤ ਦੇ ਝੰਬੇ ਸਮਾਜ ਦੇ ਲੋਕਾਂ ਨੂੰ ਅੱਜ ਵੀ ਆਜ਼ਾਦੀ ਤੇ ਲੋਕਰਾਜ ਸਥਾਪਤੀ ਦੀ ਲੱਗਭੱਗ ਪੌਣੀ ਸਦੀ ਆਜ਼ਾਦੀ ਜਾਂ ਮਨੁੱਖੀ ਅਧਿਕਾਰਾਂ ਦਾ ਪੂਰਨ ਅਹਿਸਾਸ ਕਰਵਾਉਣ ਵਿਚ ਅਸਫਲ ਰਹੀ ਹੈ। ਅਜਿਹੀ ਵਿਵਸਥਾ ਦੀਆਂ ਸਥਾਪਤ ਕੀਤੀਆਂ ਗਲਤ ਕਦਰਾਂ-ਕੀਮਤਾਂ ਤੇ ਖਿਲਾਫ ਜਦੋਂ ਬਾਬਾ ਸਾਹਿਬ ਸਾਰੇ ਦੇਸ਼ ਵਿਚ ਆਪਣੇ ਘੋਲ ਦੀਆਂ ਜੜ੍ਹਾਂ ਫੈਲਾ ਰਹੇ ਸਨ ਤਾਂ ਉਹਨਾਂ ਦੇ ਹੀ ਸਮਕਾਲੀ ਬਾਬੂ ਮੰਗੂ ਰਾਮ ਮੂਗੋਵਾਲੀਆ ਪੰਜਾਬ ਵਿਚ ਆਪਣੇ ਆਦਿ ਧਰਮ ਅੰਦੋਲਨ ਦੇ ਜ਼ਰੀਏ ਇਸ ਵਿਵਸਥਾ ਵਿਰੁੱਧ ਜੰਗ ਲੜ ਰਹੇ ਸਨ। ਉਹਨਾਂ ਨੇ ਬਾਬਾ ਸਾਹਿਬ ਦੇ ਘੋਲ ਦਾ ਸਮਰਥਨ ਕੀਤਾ ਤੇ ਸਮੇਂ-ਸਮੇਂ 'ਤੇ ਡਟਕੇ ਪੂਰਾ ਸਹਿਯੋਗ ਵੀ ਦਿੱਤਾ। ਇਹ ਉਹਨਾਂ ਵੱਲੋਂ ਤਿਆਰ ਕੀਤੀ ਹੋਈ ਜ਼ਮੀਨ ਹੀ ਸੀ ਜਿਸ ਵਿਚ ਬਾਬਾ ਸਾਹਿਬ ਦਾ ਅੰਦੋਲਨ ਪੰਜਾਬ ਵਿਚ ਠਾਠਾਂ ਮਾਰ ਵਧਣ ਲੱਗਾ ਸੀ।

ਇਸ ਸੰਘਰਸ਼ਸ਼ੀਲ ਸ਼ਖਸੀਅਤ ਬਾਬੂ ਮੰਗੂ ਰਾਮ ਮੂਗੋਵਾਲੀਆ ਨੇ 14 ਜਨਵਰੀ 1886 ਨੂੰ ਮੂਗੋਵਾਲ (ਹੁਸ਼ਿਆਰਪੁਰ) ਵਿਚ ਸ੍ਰੀ ਹਰਨਾਮ ਦਾਸ ਇਕ ਦਲਿਤ ਦੇ ਘਰ ਜਨਮ ਲਿਆ। ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ ਬਾਕੀ ਦੇਸ਼ ਨਾਲੋਂ ਬਹੁਤ ਦੇਰ ਬਾਅਦ ਹੋਇਆ ਸੀ। ਅੰਗਰੇਜ਼ਾਂ ਦੇ ਆਉਣ ਨਾਲ ਜੋ ਵਿੱਦਿਆ ਸਦੀਆਂ ਤੱਕ ਅਛੂਤ ਸਮਾਜ ਤੋਂ ਦੂਰ ਰਹੀ, ਉਹ ਅੰਗਰੇਜ਼ਾਂ ਕਾਰਨ ਸ਼ੁਰੂ ਤਾਂ ਤਾਂ ਹੋ ਗਏ. ਪਰ ਛੂਤਛਾਤ ਦਾ ਪਰਛਾਵਾਂ ਸਕੂਲਾਂ 'ਤੇ ਵੀ ਬੁਰੀ ਤਰ੍ਹਾਂ ਛਾਇਆ ਹੋਇਆ ਸੀ। ਬੁਰੇ ਵਿਵਹਾਰ ਦੇ ਹੁੰਦਿਆਂ ਵੀ ਬਾਬੂ ਮੰਗੂ ਰਾਮ ਵਰਗੇ ਵਿਰਲੇ ਟਾਂਵੇ ਸਕੂਲਾਂ ਵਿਚ ਦਾਖਲ ਹੋ ਹੀ ਰਹੇ ਸਨ। ਛੂਤਛਾਤ ਦਾ ਇਹ ਹਾਲ ਸੀ ਕਿ ਬਾਬੂ ਜੀ ਆਪਣਾ ਵੱਖਰਾ ਟਾਟ ਅਤੇ ਇਕ ਛਤਰੀ ਨਾਲ ਲੈ ਕੇ ਜਾਂਦੇ ਸਨ। ਗਰਮੀਆਂ ਵਿਚ ਬਾਕੀ ਵਿਦਿਆਰਥੀ ਛਾਵੇਂ ਬੈਠੇ ਹੁੰਦੇ ਪਰ ਬਾਬੂ ਮੰਗੂ ਰਾਮ ਨੇ ਧੁੱਪ ਵਿਚ ਆਪਣੀ ਛਤਰੀ ਲੈ ਕੇ ਬੈਠਣ ਲਈ ਮਜਬੂਰ ਹੁੰਦੇ। ਸਰਦੀਆਂ ਵਿਚ ਬਾਕੀ ਧੁੱਪ ਵਿਚ ਬੈਠਦੇ ਤਾਂ ਇਹਨਾਂ ਨੂੰ ਛਾਂ ਵਿਚ ਗਰਮ ਕੱਪੜਿਆਂ ਦੀ ਅਣਹੋਂਦ ਕਾਰਨ ਠੁਰ-ਠੁਰ ਕਰਦਿਆਂ ਪੜ੍ਹਨਾ ਪੈਂਦਾ। ਫਿਰ ਇਕ ਦਿਨ ਤਾਂ ਇੰਤਹਾ ਹੀ ਹੋ ਗਈ ਜਦੋਂ ਤੁਫਾਨ ਤੇ ਰਾਜਿਆਂ ਕਾਰਨ ਛਤਰੀ ਟੁੱਟ ਗਈ। ਇਹ ਦੌੜ ਕੇ ਕਮਰੇ ਅੰਦਰ ਮਨਾਹੀ ਦੇ ਬਾਵਜੂਦ ਵੀ ਜਾ ਵੜੇ। ਮਾਸਟਰ ਨੇ ਇਸ ਅਵੱਗਿਆ ਕਾਰਨ ਬਹੁਤ ਬੁਰੀ ਤਰ੍ਹਾਂ ਕੁੱਟਿਆ ਤੇ ਨਾਲ ਹੀ ਆਖ ਰਿਹਾਸੀ ਕਿ ਜੇ ਇਹ ਚਮਾਰ-ਚੂਹੜੇ ਪੜ੍ਹਨ ਲੱਗ ਪਏ ਤਾਂ ਸਾਡੀਆਂ ਜੁੱਤੀਆਂ ਕੌਣ ਕਰੇਗਾ? ਅਗਲੇ ਦਿਨ ਸਾਰੇ ਕਮਰੇ ਨੂੰ ਗੰਗਾਜਲ ਨਾਲ ਪਵਿੱਤਰ ਕੀਤਾ ਗਿਆ। ਬਾਬੂ ਮੰਗੂ ਰਾਮ ਦੇ ਦਿਲ 'ਤੇ ਗਹਿਰੀ ਸੱਟ ਲੱਗੀ। ਸਕੂਲ ਜਾਣਾ ਬੰਦ ਕਰ ਦਿੱਤਾ ਤੇ ਨਿਰਾਸ਼ ਰਹਿਣ ਲੱਗ ਪਏ।

ਉਹਨਾਂ ਦਿਨਾਂ ਵਿਚ ਬਾਹਰ ਜਾਣ ਲਈ ਪਾਸਪੋਰਟ ਜਾਂ ਵੀਜ਼ੇ ਦੀ ਲੋੜ ਨਹੀਂ ਸੀ ਹੁੰਦੀ। ਰੁਜ਼ਗਾਰ ਲਈ ਲੋਕੀ ਦੂਰ-ਦੂਰ ਤੱਕ ਦੂਜੇ ਦੇਸ਼ਾਂ ਵਿਚ ਚਲੇ ਜਾਂਦੇ ਸਨ। ਬਾਬੂ ਜੀ ਵੀ 1909 ਵਿਚ ਅਮਰੀਕਾ ਚਲੇ ਗਏ। ਉਥੇ ਲਾਲਾ ਹਰਦਿਆਲ ਨਾਲ ਮੇਲ ਹੋਇਆ ਤਾਂ ਉਹਨਾਂ ਦੀ ਗਦਰ ਪਾਰਟੀ ਲਈ ਕੰਮ ਕਰਦੇ ਰਹੇ। ਉਥੋਂ ਦੇ ਜਾਤਪਾਤ ਰਹਿਤ ਸਮਾਜ ਤੋਂ ਉਹ ਬਹੁਤ ਪ੍ਰਭਾਵਿਤ ਹੋਏ। ਫਿਰ 1915 ਵਿਚ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾ ਦੀ ਸਲਾਹ ਨਾਲ ਆਜ਼ਾਦੀ ਦੀ ਜੰਗ ਤੇਜ਼ ਕਰਨ ਲਈ ਉਹ ਚਾਰ ਸਾਥੀਆਂ ਸਮੇਤ ਜਹਾਜ਼ ਵਿਚ ਹਥਿਆਰ ਭਰ ਕੇ ਭਾਰਤ ਲਿਆ ਰਹੇ ਸਨ ਕਿ ਅਮਰੀਕਨਾਂ ਨੇ ਛਾਪਾ ਮਾਰ ਕੇ ਫੜ ਲਿਆ। ਮੌਤ ਦੀ ਸਜ਼ਾ ਹੋ ਗਈ। ਪਰ ਰਾਜ ਬਿਹਾਰੀ ਬੋਸ ਅਤੇ ਕੁਝ ਜਰਮਨਾਂ ਦੀ ਮਦਦ ਨਾਲ ਜੇਲ੍ਹ ਵਿਚੋਂ ਭੱਜ ਨਿਕਲੇ। ਮਨੀਲਾ ਤੇ ਫਿਲਪਾਈਨ ਆਦਿ ਤੋਂ ਹੁੰਦੇ ਹੋਏ ਲੁਕਦੇ ਛਿਪਦੇ 1925 ਵਿਚ ਭਾਰਤ ਪੁੱਜ ਗਏ। ਇੱਥੇ ਜਾਤਪਾਤੀ ਵਿਤਕਰਾ ਜਿਉਂ ਦੀ ਤਿਉਂ ਵੇਖ ਕੇ ਉਹ ਹੋਰ ਉਦਾਸ ਹੋ ਗਏ। ਫਿਰ ਇਕ ਦਿਨ ਇਹਨਾਂ ਦੇ ਸਾਹਮਣੇ ਇਥ ਜ਼ਿੰਮੀਦਾਰ ਦੇ ਖੇਤ ਵਿਚ ਲਾਗਿਉਂ ਇਕ ਅਛੂਤ ਨੂੰ ਖਾਲ ਵਿਚੋਂ ਪੱਠੇ ਵੱਢਣ ਕਾਰਨ ਜ਼ਿੰਮੀਦਾਰ ਵੱਲੋਂ ਉਸਨੂੰ ਬਹੁਤ ਮਾਰ ਪਈ ਜੋ ਉਹਨਾਂ ਦਿਨਾਂ ਵਿਚ ਆਮ ਹੋ ਗਈ ਸੀ। ਬਾਬੂ ਜੀ ਦਾ ਦਿਲ ਸਹਾਰ ਨਾ ਸਕਿਆ। ਨਿਰਾਸ਼ਤਾ ਵਿਚ ਪੰਜਾਬ ਤਿਆਗ ਦਿੱਤਾ। ਲਾਲਾ ਹਰਦਿਆਲ ਨੂੰ ਲਿਖਿਆ ਕਿ ਜਦੋਂ ਤੱਕ ਸਮਾਜ ਵਿਚ ਛੂਤਛਾਤ ਦਾ ਬੋਲਬਾਲਾ ਰਹੇਗਾ ਦੇਸ਼ ਕਦੇ ਵੀ ਆਜ਼ਾਂਦ ਨਹੀਂ ਹੋ ਸਕੇਗਾ। ਫਿਰ ਬੰਬਈ, ਸਿਤਾਰਾ, ਪੂਨਾ, ਨਾਗਪੁਰ, ਮਦਰਾਸ, ਕਲਕੱਤਾ, ਮਥਰਾ, ਦੇਹਰਾਦੂਨ ਆਦਿ ਥਾਵਾਂ ਤੇ ਗਏ ਅਤੇ ਵੇਖਿਆ ਕਿ ਦੇਸ਼ ਦੇ ਕਈ ਹਿੱਸਿਆਂ ਵਿਚ ਅਛੂਤ ਉਧਾਰ ਦੇ ਅੰਦੋਲਨ ਚੱਲ ਰਹੇ ਹਨ। ਮਹਾਂਰਾਸ਼ਟਰ ਵਿਚ ਡਾ. ਅੰਬੇਡਕਰ ਦੀ 'ਬਹਿਸਕ੍ਰਿਤ ਹਿਤਕਾਰਨੀ ਸਭਾ' ਦੇ ਕੰਮ ਤੋਂ ਬਹੁਤ ਪ੍ਰਭਾਵਿਤ ਹੋਏ। ਸਭਾ ਵੱਲੋਂ ਅਛੂਤ ਵਿਦਿਆਰਥੀਆਂ ਲਈ ਇਕ ਹੋਸਟਲ ਚਲਾਇਆ ਜਾ ਰਿਹਾ ਸੀ ਜਿਸ ਵਿਚ ਰਿਹਾਇਸ਼, ਖਾਣਾ ਤੇ ਕੱਪੜਾ ਮੁਫਤ ਦਿੱਤਾ ਜਾਂਦਾ ਸੀ। ਇਸਤੋਂ ਉਹ ਹੋਰ ਵੀ ਪ੍ਰਭਾਵਿਤ ਹੋ ਗਏ।

ਇਸ ਉਪਰੰਤ ਵਾਪਸ ਘਰ ਪਰਤ ਆਏ। ਪਿੰਡ-ਪਿੰਡ ਘੁੰਮ ਕੇ ਅਛੂਤ ਉਧਾ ਦੇ ਪ੍ਰੋਗਰਾਮ ਸ਼ੁਰੂ ਕੀਤੇ। ਇਹਨਾਂ ਦੀ ਸਿਖਰ ਇਹ ਸੀ ਕਿ 11-12 ਜੂਨ 1926 ਨੂੰ ਸਾਰੀਆਂ ਅਛੂਤ ਜਾਤੀਆਂ ਨਾਲ ਸਬੰਧਤ ਲੋਕਾਂ ਦੀ ਇਕ ਬਹੁਤ ਵੱਡੀ ਕਾਨਫਰੰਸ ਪਿੰਡ ਮੂਗੋਵਾਲ (ਹੁਸ਼ਿਆਰਪੁਰ) ਵਿਚ ਸੱਦੀ ਗਈ। ਇਹ ਇਕ ਨਿਵੇਕਲਾ ਤੇ ਇਨਕਲਾਬੀ ਕਦਮ ਸੀ। ਇਸ ਵਿਚ ਹਿੰਦੂ ਧਰਮ ਦੇ ਜਾਤਪਾਤੀ ਵਿਤਕਰੇ ਤੋਂ ਛੁਟਕਾਰਾ ਪਾਉਣ ਲਈ ਇਕ ਵੱਖਰੇ ਧਰਮ 'ਆਦਿ ਧਰਮ' ਦੀ ਨੀਂਹ ਰੱਖੀ ਗਈ। ਸਾਰੀਆਂ ਅਛੂਤ ਜਾਤੀਆਂ ਨੂੰ ਪ੍ਰੇਰਿਤ ਕੀਤਾ ਗਿਆ ਕਿ ਉਹ ਆਪਣੇ ਹੋਰ ਧਰਮ ਭੁਲਾ ਕੇ ਇਸ ਇਕੋ ਧਰਮ ਨੂੰ ਅਪਣਾਉਣ ਅਤੇ ਆਪਸ ਵਿਚ ਭਰਾਤਰੀ ਪ੍ਰੇਮ ਭਾਵ ਪੈਦਾ ਕਰਨ। ਹਿੰਦੂ ਧਰਮ ਵੱਲੋਂ ਫੈਲਾਏ ਅੰਧ ਵਿਸ਼ਵਾਸ, ਫਜ਼ੂਲ ਦੇ ਰਸਮੋ-ਰਿਵਾਜ਼ ਅਤੇ ਵਹਿਮਾਂ-ਭਰਮਾਂ ਨੂੰ ਤਿਲਾਂਜਲੀ ਦੇ ਕੇ ਸਾਦਾ ਤੇ ਸਹੀ ਸੋਚ ਵਾਲਾ ਜੀਵਨ ਬਤੀਤ ਕੀਤਾ ਜਾਵੇ। ਉਸ ਵਿਚ ਪਾਸ ਕੀਤੇ ਕੁੱਲ 25 ਮਤਿਆਂ ਦਾ ਨਚੋੜ ਇਸ ਤਰ੍ਹਾਂ ਸੀ,



ਆਦਿ ਧਰਮ ਮੰਡਲ ਦੀ ਸਥਾਪਨਾ ਹੋ ਚੁੱਕੀ ਹੈ, ਜਿਸਦਾ ਗ੍ਰੰਥ 'ਆਦਿ ਪ੍ਰਕਾਸ਼', ਪਵਿੱਤਰ ਸ਼ਬਦ 'ਸੋਹੰ' ਹੈ। ਹੁਣ ਸਭਨੇ ਆਪਸ ਵਿਚ ਮਿਲਣ ਉਤੇ 'ਜੈ ਗੁਰਦੇਵ' ਹੀ ਕਹਿਣਾ ਹੈ। ਇਸਦਾ ਮੁੱਖ ਦਫਤਰ ਜਲੰਧਰ ਵਿਚ ਹੋਵੇਗਾ। ਇਸਦੇ ਬਾਨੀ ਵਾਲਮੀਕ ਜੀ, ਰਵਿਦਾਸ ਜੀ, ਕਬੀਰ ਜੀ, ਨਾਮਦੇਵ ਜੀ ਹਨ। ਆਦਿ-ਧਰਮ ਵਿਚ ਸਭ ਇਕਮੁੱਠ ਹੋ ਕੇ ਭੀੜ ਪੈਣ ਤੇ ਇਕ-ਦੂਜੇ ਦੀ ਰੱਖਿਆ ਕਰਨਗੇ। ਜੋ ਗ੍ਰੰਥ ਅਤੇ ਸ਼ਾਸਤਰ ਅਛੂਤਾਂ ਨੂੰ ਗੁਲਾਮ ਦੱਸਦੇ ਹਨ ਉਹਨਾਂ ਦਾ ਬਾਈਕਾਟ ਕੀਤਾ ਜਾਵੇਗਾ। ਅਛੂਤ ਬੱਚੇ ਘੱਟੋ-ਘੱਟ ਪ੍ਰਾਇਮਰੀ ਵਿੱਦਿਆ ਜ਼ਰੂਰ ਗ੍ਰਹਿਣ ਕਰਨਗੇ। ਗਰੀਬੀ ਕਾਰਨ ਕਿਉਂਕਿ ਮਾਪੇ ਪੜ੍ਹਾਉਣ ਦੇ ਸਮਰੱਥ ਨਹੀਂ ਹਨ, ਇਸ ਲਈ ਸਿੱਖਿਆ ਮੰਤਰੀ ਲਾਹੌਰ ਨੂੰ ਵਜ਼ੀਫਿਆਂ ਅਤੇ ਗਰਾਂਟਾਂ ਆਦਿ ਦਾ ਪ੍ਰਬੰਧ ਕਰਨ ਲਈ ਆਖਿਆ ਜਾਵੇਗਾ। ਇਸੇ ਤਰ੍ਹਾਂ ਸਰਕਾਰ ਨੂੰ ਕਿਹਾ ਜਾਵੇਗਾ ਕਿ ਖਾਲੀ ਜ਼ਮੀਨਾਂ ਅਛੂਤਾਂ ਵਿਚ ਵੰਡਣ ਅਤੇ ਰਈਅਤਨਾਮਾ (ਜਿਸਦੇ ਅਧੀਨ ਅਛੂਤ ਦੇ ਮਕਾਨ ਦੀ ਜ਼ਮੀਨ 'ਤੇ ਉਸਦੀ ਮਲਕੀਅਤ ਨਹੀਂ ਸੀ ਹੁੰਦੀ), ਖਤਮ ਕਰਕੇ ਅਛੂਤਾਂ ਨੂੰ ਆਪਣੇ ਮਕਾਨਾਂ ਦੇ ਮਾਲਕ ਬਣਾਇਆ ਜਾਵੇ। ਜਨਗਣਨਾ ਵਿਚ 'ਆਦਿ ਧਰਮ' ਨੂੰ ਵੱਖ ਧਰਮ ਲਿਖਿਆ ਜਾਵੇ। ਨੌਕਰੀਆਂ, ਵਿਧਾਨ ਸਭਾਵਾਂ, ਪੁਲਿਸ ਅਤੇ ਫੌਜ ਵਿਚ ਬਣਦੀ ਨੁਮਾਇੰਦਗੀ ਦਿੱਤੀ ਜਾਵੇ। ਅਛੂਤਾਂ ਨੂੰ ਦੂਜਿਆਂ ਦੇ ਬਰਾਬਰ ਲਿਆਉਣ ਤੱਕ ਦੇਸ਼ ਨੂੰ ਸਵਰਾਜ ਨਾ ਦਿੱਤਾ ਜਾਵੇ। 'ਦਇਆ ਨੰਦ ਦਲਿਤ ਉਧਾਰ ਮੰਡਲ', 'ਪਤਿਤ ਉਧਾਰ ਮੰਡਲ', 'ਅੰਤਜ ਉਧਾਰ ਮੰਡਲ', 'ਅਛੂਤ ਉਧਾਰ ਮੰਡਲ' ਆਦਿ ਅਸਲ ਵਿਚ ਅਛੂਤਾਂ ਦੇ ਉਧਾਰ ਲਈ ਨਹੀਂ ਹਨ ਸਗੋਂ ਉਹਨਾਂ ਨਾਲ ਧੋਖਾ ਹੈ, ਇਸ ਲਈ ਇਹਨਾਂ ਨੂੰ ਸਰਕਾਰ ਸਾਡੇ ਨੁਮਾਇੰਦੇ ਨਾ ਸਮਝੇ। ਉੱਚ ਜਾਤੀਆਂ ਵੱਲੋਂ ਅਛੂਤਾਂ ਦੇ ਲਾਲ ਰੰਗ ਪਹਿਨਣ ਉਤੇ ਲੱਗੀ ਪਾਬੰਦੀ ਉਠਾਈ ਜਾਵੇ। ਮਨੂੰ ਸਿਮਰਤੀ ਵਰਗੇ ਅਛੂਤਾਂ ਨੂੰ ਗੁਲਾਮ ਮੰਨਦੇ ਗ੍ਰੰਥਾਂ ਉਤੇ ਪਾਬੰਦੀ ਲਗਾਈ ਜਾਵੇ। ਬੇਗਾਰ ਬੰਦ ਕੀਤੀ ਜਾਵੇ। ਅਜਿਹਾ ਕਰਨ ਵਾਲੀ ਸਰਕਾਰ ਦੇ ਹੀ ਅਛੂਤ ਸ਼ੁਭਚਿੰਤਕ ਰਹਿਣਗੇ।

ਇੰਝ ਆਦਿ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਦੀ ਅਗਵਾਈ ਵਿਚ 11-12 ਜੂਨ 1926 ਨੂੰ ਇਹ ਇਕ ਇਨਕਲਾਬੀ ਕਦਮ ਚੁੱਕਿਆ, ਜਿਸ ਕਰਕੇ ਆਦਿ ਧਰਮ ਇਕ ਧਰਮ ਨਾ ਹੋ ਕੇ ਜ਼ਬਰਦਸਤ ਅੰਦੋਲਨ ਦੀ ਸ਼ੁਰੂਾਤ ਹੋ ਨਿਬੜਿਆ। ਅਛੂਤਾਂ ਵਿਚ ਇਕ ਨਵਾਂ ਜੋਸ਼, ਨਵੀਂ ਉਮੰਗ ਠਾਠਾਂ ਮਾਰਨ ਲੱਗੀ। ਜਿੱਥੇ ਵੀ ਜਾਂਦੇ ਜਾਂ ਮੋਰਚਾ ਲਾਉਂਦੇ ਲਾਲ ਪੱਗਾਂ ਦਾ ਹੜ੍ਹ ਜਿਹਾ ਆ ਜਾਂਦਾ।ਵਿਰੋਧੀ ਬੁਰੀ ਤਰ੍ਹਾਂ ਘਬਰਾ ਗਏ। ਅੰਦੋਲਨ ਦੇ ਪ੍ਰਚਾਰ ਪ੍ਰਸਾਰ ਲਈ ਇਕ ਪੰਜਾਬੀ ਅਤੇ ਉਰਦੂ ਵਿਚ ਹਫਤਾਵਾਰੀ ਅਖਬਾਰ 'ਆਦਿ ਡੰਕਾ' ਸ਼ੁਰੂ ਕੀਤਾ, ਜਿਸਨੇ ਅਛੂਤਾਂ ਵਿਚ ਇਕ ਨਵੀਂ ਹੀ ਸੋਚ ਭਰ ਦਿੱਤੀ। ਅਛੂਤਾਂ ਦੀ ਬੇਗਾਰ ਵਿਰੁੱਧ ਧਰਮਸ਼ਾਲਾ (ਹਿਮਾਚਲ) ਵਿਚ ਮੋਰਚਾ ਲਾਇਆ ਗਿਆ, ਜਿਸਦੇ ਫਲਸਰੂਪ ਬੇਗਾਰ ਬੰਦ ਹੋਈ ਅਤੇ ਮਜ਼ਦੂਰੀ ਇਕ ਆਨੇ ਤੋਂ ਡੇਢ ਰੁਪਿਆ ਕਰਵਾ ਦਿੱਤੀ ਗਈ।

ਬਾਬੂ ਮੰਗੂ ਰਾਮ ਨੇ ਅਛੂਤਾਂ ਨਾਲ ਸਬੰਧਤ ਸਥਾਨਕ ਅਤੇ ਕੌਮੀ ਮੁੱਦਿਆਂ ਉਤੇ ਮੋਰਚੇ ਅਤੇ ਕਾਨਫਰੰਸਾਂ ਨਾਲ ਹਮਲਾ ਬੋਲ ਦਿੱਤਾ। 1928 ਵਿਚ ਸਾਈਮਨ ਕਮਿਸ਼ਨ ਅੱਗੇ ਡੈਪੂਟੇਸ਼ਨ ਲੈ ਕੇ ਪੇਸ਼ ਹੋਏ ਅਤੇ ਅਛੂਤਾਂ ਦੀਆਂ ਤਕਲੀਫਾਂ ਸਾਹਮਣੇ ਰੱਖੀਆਂ। ਉਹਨਾਂ ਨੇ ਕਮਿਸ਼ਨ ਨੂੰ ਅਹਿਸਾਸ ਕਰਵਾਇਆ ਕਿ ਅਛੂਤਾਂ ਨੂੰ ਕੋਈ ਹੱਕ ਨਹੀਂ ਦਿੱਤਾ ਗਿਆ, ਉਹਨਾਂ ਨੂੰ ਕੁੱਤੇ ਬਿੱਲਿਆਂ ਤੋਂ ਵੀ ਭੈੜਾ ਗਿਣਿਆ ਜਾਂਦਾ ਹੈ। ਅਛੂਤ ਵੱਖਰੇ ਧਰਮ ਦੇ ਅਨੁਆਈ ਹਨ, ਉਹਨਾਂ ਨੂੰ ਹਿੰਦੂ, ਮੁਸਲਿਮ ਜਾਂ ਇਸਾਈ ਨਾ ਸਮਝਿਆ ਜਾਵੇ ਅਤੇ ਵੱਖਰਿਆਂ ਰੱਖ ਕੇ ਹੀ ਬਰਾਬਰ ਦੇ ਅਧਿਕਾਰ ਦਿੱਤੇ ਜਾਣ। ਫਿਰ 1929 ਵਿਚ ਬਾਬੂ ਜੀ ਗਵਰਨਰ ਪੰਜਾਬ ਨੂੰ 300 ਦਾ ਜਥਾ ਲੈ ਕੇ ਉਹਨਾਂ ਨੂੰ ਜਲੰਧਰ ਆਉਣ 'ਤੇ ਮਿਲੇ ਅਤੇ ਅਛੂਤਾਂ ਨੂੰ ਦਰਪੇਸ਼ ਔਕੜਾਂ ਸਬੰਧੀ ਇਕ ਯਾਦਪੱਤਰ ਦਿੱਤਾ। 1931 ਦੀ ਮਰਦਮਸ਼ੁਮਾਰੀ ਵਿਚ ਬਾਬੂ ਜੀ ਦੇ ਅੰਦੋਲਨ ਕਰਕੇ ਵੱਖਰਾ ਧਰਮ 'ਆਦਿ ਧਰਮ' ਲਿਖਵਾਉਣ ਸਦਕਾ ਦੇਸ਼ ਦੇ 7 ਕਰੋੜ ਅਛੂਤ ਜਿਹਨਾਂ ਨੂੰ ਹਿੰਦੂ ਅਤੇ ਮੁਸਲਮਾਨਾਂ ਵਿਚ ਵੰਡਣ ਦੀ ਸਾਜਿਸ਼ ਰਚੀ ਗਈ ਸੀ, ਉਹ ਸਾਜਿਸ਼ ਫੇਲ੍ਹ ਹੋ ਗਈ।

ਬਾਬੂ ਮੰਗੂ ਰਾਮ ਨੇ ਹੁਣ ਉਹ ਮੁਕਾਮ ਹਾਸਲ ਕਰ ਲਿਆ ਸੀ ਕਿ ਪੰਜਾਬ ਦੇ ਅਛੂਤ ਉਹਨਾਂ 'ਤੇ ਅਥਾਹ ਵਿਸ਼ਵਾਸ ਕਰਨ ਲੱਗ ਪਏ, ਜਿਸ ਕਰਕੇ ਉਹ ਜਿੱਧਰ ਵੀ ਮੂੰਹ ਕਰਦੇ ਸਫਲਤਾ ਹੀ ਸਫਲਤਾ ਮਿਲਣ ਲੱਗੀ। ਉਹਨਾਂ ਦੀ ਇਕ ਬਹੁਤ ਵੱਡੀ ਪ੍ਰਾਪਤੀ ਇਹ ਵੀ ਸੀ ਕਿ ਉਹਨਾਂ ਨੇ ਡਾ. ਅੰਬੇਡਕਰ ਦੇ ਦੇ ਅੰਦੋਲਨ ਨੂੰ ਸਹੀ ਅਰਥਾਂ ਵਿਚ ਸਮਝ ਕੇ ਉਹਨਾਂ ਦਾ ਭਰਵਾਂ ਸਾਥ ਦਿੱਤਾ। ਅੰਗਰੇਜ਼ੀ ਸਰਕਾਰ ਵੱਲੋਂ ਭਾਰਤ ਦੇ ਹਕੂਮਤੀ ਢਾਂਚੇ ਵਿਚ ਕੁਝ ਵੱਡੀਆਂ ਤਬਦੀਲੀਆਂ ਕਰਨ ਦੇ ਇਰਾਦੇ ਨਾਲ ਲਾਰਡ ਲੋਥੀਅਨ ਦੀ ਪ੍ਰਧਾਨਗੀ ਹੇਠ ਫਰੈਂਚਾਈਜ਼ ਕਮੇਟੀ ਬਣਾਈ ਗਈ ਸੀ, ਜਿਸਨੇ ਹਿੰਦੂ, ਸਿੱਖ, ਇਸਾਈ, ਅਛੂਤ ਅਤੇ ਮੁਸਲਮਾਨਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਕੇ ਕੁਝ ਨਿਰਣੇ ਕਰਨੇ ਸਨ। ਅਛੂਤਾਂ ਵੱਲੋਂ ਡਾ. ਅੰਬੇਡਕਰ ਨੂੰ ਨੁਮਾਇੰਦਾ ਲਿਆ ਗਿਆ ਸੀ। ਜਦੋਂ ਇਹ ਕਮੇਟੀ ਪੰਜਾਬ ਆਈ ਤਾਂ ਅਛੂਤਾਂ ਦੀ ਨਿਘਰੀ ਹੋਈ ਭਿਆਨਕ ਹਾਲਤ ਬਿਆਨ ਕਰਨ ਲਈ 'ਆਦਿ ਧਰਮ ਮੰਡਲ' ਵੱਲੋਂ ਬਾਬੂ ਮੰਗੂ ਰਾਮ ਪ੍ਰਧਾਨ, ਉਪ ਪ੍ਰਧਾਨ ਬਾਬੂ ਹੰਸ ਰਾਜ ਤੇ ਜਨਰਲ ਸਕੱਤਰ ਹਜ਼ਾਰਾ ਰਾਮ ਦੀ ਰਹਿਨੁਮਾਈ ਵਿਚ ਮੁਲਾਕਾਤ ਲਈ ਗਏ। ਨਾਲ 10 ਮੈਂਬਰੀ ਕਮੇਟੀ ਵੀ ਸੀ। ਇਹਨਾਂ ਵੱਲੋਂ ਫਰੈਂਚਾਈਜ਼ ਕਮੇਟੀ ਦੇ ਸੁਆਲਾਂ ਦੇ ਬੜੀ ਦ੍ਰਿੜ੍ਹਤਾ ਨਾਲ ਵਿਸਥਾਰ ਵਿਚ ਢੁਕਵੇਂ ਜਵਾਬ ਦਿੱਤੇ ਗਏ ਅਤੇ ਕਮੇਟੀ ਨੂੰ ਇਹ ਮੰਨਣ ਲਈ ਮਜਬੂਰ ਕਰ ਦਿੱਤਾ ਕਿ ਅਛੂਤ ਅਸਲ ਵਿਚ ਹੀ ਹਿੰਦੂ ਧਰਮ ਦਾ ਅੰਗ ਨਹੀਂ ਹਨ। ਸਗੋਂ ਇਹ ਤਾਂ ਉਹ ਲੋਕ ਹਨ ਜੋ ਹਿੰਦੂਆਂ ਹੱਥੋਂ ਹੀ ਅਣਮਨੁੱਖੀ ਵਰਤਾਓ ਕਾਰਨ ਲਗਾਤਾਰ ਅੱਨਿਆ ਤੇ ਅੱਤਿਆਚਾਰ ਸਹਿੰਦੇ ਆ ਰਹੇ ਹਨ।

ਉਹਨਾਂ ਨੇ ਆਦਿ ਧਰਮ ਮੰਡਲ ਦੀ ਵੀ ਵੱਖਰੇ ਰੀਤੀ ਰਿਵਾਜ਼, ਵੱਖਰਾ ਧਾਰਮਿਕ ਗ੍ਰੰਥ, ਵੱਖਰੇ ਰਹਿਬਰ ਦਰਸਾ ਕੇ ਉਸਦੀ ਵੱਖਰੀ ਪਛਾਣ ਸਾਬਤ ਕਰ ਦਿੱਤੀ। ਉਹਨਾਂ ਨੇ ਅਸੈਂਬੀ ਦੀ ਚੋਣ ਲਈ ਵੋਟਰ ਦੀਆਂ ਅਛੂਤਾਂ ਦੇ ਪ੍ਰਤੀਕੂਲ ਮੁਸ਼ਕਿਲ ਸ਼ਰਤਾਂ ਬਦਲ ਕੇ ਅਛੂਤਾਂ ਦੇ ਅਨੁਕੂਲ ਬਣਾਓਣ ਲਈ ਨਵੀਆਂ ਸ਼ਰਤਾਂ ਪੇਸ਼ ਕੀਤੀਆਂ। ਪਹਿਲੀਆਂ ਸ਼ਰਤਾਂ ਅਨੁਸਾਰ ਜ਼ੈਲਦਾਰ, ਸਫੈਦਪੋਸ਼ ਜਾਂ ਘੱਟੋ ਘੱਟ ਦਸ ਏਕੜ ਦਾ ਮਾਲਕ ਜ਼ਿੰਮੀਦਾਰ ਜਾਂ ਦਸਵੀਂ ਪਾਸ ਜਾਂ ਤਿੰਨ ਹਜ਼ਾਰ ਰਿਹਾਇਸ਼ੀ ਮਕਾਨ ਦੀ ਮਲਕੀਅਤੀ ਵਾਲਾ ਜਾਂ ਟੈਕਸ ਭਰਨ ਵਾਲਾ ਹੀ ਵੋਟਰ ਬਣ ਸਕਦਾ ਸੀ। ਇਹਨਾਂ ਵਿਚੋਂ ਅਛੂਤ ਕੋਈ ਵੀ ਸ਼ਰਤ ਪੂਰੀ ਨਹੀਂ ਸੀ ਕਰਦਾ, ਜਿਸ ਕਰਕੇ ਉਸਨੂੰ ਵੋਟ ਪਾਉਣ ਦਾ ਅਧਿਕਾਰ ਹੀ ਨਹੀਂ ਸੀ।

ਨਵੀਆਂ ਸ਼ਰਤਾਂ ਵਿਚ ਪੇਸ਼ ਕੀਤਾ ਗਿਆ ਕਿ ਜਿਸਦੇ ਮਕਾਨ ਦਾ ਮਲਬਾ ਘੱਟੋ ਘੱਟ ਪੰਜਾਹ ਰੁਪਏ ਦਾ ਹੋਵੇ ਜਾਂ ਜੋ ਆਪਣੇ ਦਸਤਖਤ ਕਰ ਸਕਦਾ ਹੋਵੇ ਜਾਂ ਜੋ ਹੈਸੀਅਤ ਟੈਕਸ ਦਿੰਦਾ ਹੋਵੇ, ਉਹ ਵੋਟਰ ਬਣ ਸਕਦਾ ਹੈ।

ਬਾਬੂ ਮੰਗੂ ਰਾਮ ਜੀ ਦੀ ਇਹ ਗੱਲ ਹਮੇਸ਼ਾ ਯਾਦ ਰੱਖਣ ਯੋਗ ਹੋਵੇਗੀ ਕਿ ਜਦੋਂ 1931 ਵਿਚ ਅਛੂਤਾਂ ਨੂੰ ਹੱਕ ਦਿੱਤੇ ਜਾਣ ਲਈ ਲੰਡਨ ਵਿਚ ਦੂਜੀ ਗੋਲਮੇਜ਼ ਕਾਨਫਰੰਸ ਹੋਣ ਵਾਲੀ ਸੀ ਤਾਂ ਅਛੂਤਾਂ ਦੇ ਨੁਮਾਇੰਦੇ ਦੇ ਸਵਾਲ ਤੇ ਹੋਏ ਬਵਾਲ ਵਿਚ ਬਾਬੂ ਜੀ ਨੇ ਡਾ. ਅੰਬੇਡਕਰ ਦਾ ਡੱਟ ਕੇ ਸਾਥ ਦਿੱਤਾ। ਕਾਂਗਰਸ ਵੱਲੋਂ ਮਹਾਤਮਾ ਗਾਂਧੀ ਨੂੰ ਅਛੂਤਾਂ ਦਾ ਨੁਮਾਇੰਦਾ ਬਣਾ ਕੇ ਭੇਜਿਆ ਗਿਆ ਸੀ, ਜਦੋਂ ਕਿ ਡਾ. ਅੰਬੇਡਕਰ ਪਹਿਲੀ ਕਾਨ-ਫਰੰਸ ਵਿਚ ਅਛੂਤਾਂ ਦੀ ਵਧੀਆ ਨੁਮਾਇੰਦਗੀ ਕਰ ਚੁੱਕੇ ਸਨ ਤੇ ਹੁਣ ਫਿਰ ਅਛੂਤਾਂ ਦੇ ਨੁਮਾਇੰਦੇ ਵਜੋਂ ਪੇਸ਼ ਹੋ ਰਹੇ ਸਨ। ਝਗੜੇ ਕਾਰਨ ਫੈਸਲਾ ਵੋਟਾਂ ਤੇ ਰੱਖਿਆ ਗਿਆ। ਬਾਬੂ ਜੀ ਵੱਲੋਂ ਤੁਰੰਤ ਕਾਰਵਾਈ ਕਰਕੇ 'ਆਦਿ ਧਰਮ ਮੰਡਲ' ਵੱਲੋਂ ਥਾਂ-ਥਾਂ ਤੋਂ ਡਾ. ਅੰਬੇਡਕਰ ਹੀ ਹੈ। ਨਤੀਜੇ ਵਜੋਂ ਹੋਰ ਵੋਟਾਂ ਦੇ ਨਾਲ ਨਾਲ 'ਆਦਿ ਧਰਮ' ਦੀਆਂ ਵੋਟਾਂ ਵੀ ਪੈਣ ਕਰਕੇ ਡਾ. ਅੰਬੇਡਕਰ ਜਿੱਤ ਗਏ ਅਤੇ ਉਹਨਾਂ ਨੇ ਹੀ ਕਾਨਫਰੰਸ ਵਿਚ ਸ਼ਮੂਲੀਅਤ ਕੀਤੀ। ਗਾਂਧੀ ਅੱਗ ਬਬੂਲਾ ਹੋ ਕੇ ਭਾਰਤ ਵਾਪਸ ਪਰਤ ਆਏ। ਇਹਨਾਂ ਕਾਨਫਰੰਸਾਂ ਵਿਚ ਹੀ ਡਾ. ਅੰਬੇਡਕਰ ਨੇ ਅੰਗਰੇਜ਼ਾਂ ਨੂੰ ਆ-ਪਣੀਆਂ ਅਕੱਟ ਦਲੀਲਾਂ ਨਾਲ ਮੰਨਵਾ ਕੇ ਅਛੂਤਾਂ ਲਈ ਕਮਿਊਨਲ ਐਵਾਰਡ ਪ੍ਰਾਪਤ ਕੀਤਾ। ਇਸ ਸੰਘਰਸ਼ ਵਿਚ ਬਾਬੂ ਜੀ ਦੇ ਇਸ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਕਮਿਊਨਲ ਐਵਾਰਡ ਦੇ ਵਿਰੁੱਧ ਗਾਂਧੀ ਨੇ ਮਰਨ ਵਰਤ ਰੱਖ ਦਿੱਤਾ ਕਿ ਉਹ ਅਛੂਤਾਂ ਨੂੰ ਵੱਖਰੇ ਅਧਿਕਾਰ ਨਹੀਂ ਲੈਣ ਦੇਣਗੇ ਕਿਉਂਕਿ ਉਹ ਹਿੰਦੂ ਸਮਾਜ ਦਾ ਹੀ ਇਕ ਅੰਗ ਹਨ। ਪਰ ਡਾ. ਅੰਬੇਡਕਰ ਨੇ ਅੰਗਰੇਜ਼ਾਂ ਤੋਂ ਇਹ ਗੱਲ ਮੰਨਵਾ ਲਈ ਸੀ ਕਿ ਅਛੂਤ ਹਿੰਦੂ ਨਹੀਂ ਹਨ, ਇਹਨਾਂ ਨੂੰ ਵੱਖਰੇ ਅਧਿਕਾਰ ਦਿੱਤੇ ਜਾਣ ਕਿਉਂਕਿ ਇਹ ਇਕ ਲੰਮੇ ਸਮੇਂ ਤੋਂ ਹਿੰਦੂਆਂ ਦੇ ਹੱਥੋਂ ਹੀ ਅੱਤਿਆਚਾਰਾਂ ਦੇ ਸ਼ਿਕਾਰ ਹੁੰਦੇ ਆ ਰਹੇ ਹਨ। ਗਾਂਧੀ ਦੇ ਮਰਨ ਵਰਤ ਦੇ ਐਲਾਨ ਦੇ ਵਿਰੋਧ ਵਿਚ ਬਾਬੂ ਮੰਗੂ ਰਾਮ ਨੇ ਵੀ ਮਰਨ ਵਰਤ ਦੀ ਧਮਕੀ ਦੇ ਦਿੱਤੀ। ਬਹੁਤ ਦੇਰ ਦੀ ਜੱਦੋ ਜਹਿਦ ਤੋਂ ਬਾਅਦ ਉਪਜੇ ਅਣਸੁਖਾਵੇਂ ਹਾਲਾਤ ਕਾਰਨ ਡਾ. ਅੰਬੇਡਕਰ ਨੂੰ ਕੁਝ ਮਜ਼ਬੂਰੀਆਂ ਕਾਰਨ ਗਾਂਧੀ ਨਾਲ 'ਪੂਨਾ ਪੈਕਟ' ਕਰਨਾ ਪਿਆ।ਇਸਦੇ ਅਧੀਨ ਪੰਜਾਬ ਦੇ ਹਿੱਸੇ 'ਚ ਰਾਖਵੀਆਂ ਸੀਟਾਂ ਆਈਆਂ ਜੋ ਸਾਰੀਆਂ 'ਆਦਿ ਧਰਮ' ਵੱਲੋਂ ਜਿੱਤ ਲਈਆਂ ਗਈਆਂ।

ਬਾਬੂ ਮੰਗੂ ਰਾਮ ਜੀ ਦੀਆਂ ਘਾਲਣਾਵਾਂ ਦਾ ਜ਼ਿਕਰ ਕਰਦਿਆਂ ਬਹੁਜਨ ਨੇਤਾ ਕਾਂਸ਼ੀ ਰਾਮ ਨੇ ਵੀ ਇਕ ਵਾਰ ਆਖਿਆ ਸੀ ਕਿ ''ਬਾਬੂ ਜੀ ਵੱਲੋਂ ਚਲਾਈ ਆਦਿ ਝਰਮ ਲਹਿਰ ਦੀ ਸਮਾਜ ਨੂੰ ਦੇਣ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਮੈਨੂੰ ਉਹਨਾਂ ਬਰੇ ਬਹੁਤੀ ਜਾਣਕਾਰ ਨਹੀਂ ਸੀ ਪਰ ਬਾਅਦ ਵਿਚ ਪਤਾ ਚੱਲਿਆ ਕਿ ਉਹਨਾਂ ਨੇ ਜੰਗਲਾਂ, ਸਮੁੰਦਰਾਂ ਵਿਚ ਭੁੱਖੇ ਪਿਆਸੇ ਰਹਿ ਕੇ ਤਰ੍ਹਾਂ ਤਰ੍ਹਾਂ ਦੀਆਂ ਔਕੜਾਂ ਨਾਲ ਸਾਹਮਣਾ ਕੀਤਾ। ਜਦੋਂ ਬਾਬਾ ਸਾਹਿਬ ਡਾ. ਅੰਬੇਡਕਰ ਗੋਲਮੇਜ਼ ਕਾਨਫਰੰਸਾਂ ਵਿਚ ਸਾਡੇ ਹੱਕਾਂ ਦੀ ਲੜਾਈ ਲੜ ਰਹੇ ਸਨ ਤਾਂ ਬਾਬੂ ਮੰਗੂ ਰਾਮ ਜੀ ਪੰਜਾਬ ਤੋਂ ਇਸ ਸੰਘਰਸ਼ ਵਿਚ ਆਪਣੀ ਲਹਿਰ ਰਾਹੀਂ ਪੂਰਾ ਯੋਗਦਾਨ ਪਾ ਰਹੇ ਸਨ।'

ਕਾਂਸ਼ੀ ਰਾਮ ਜੀ ਨੇ ਇਕ ਮੌਕੇ ਤੇ ਗੱਲ ਕਰਦਿਆਂ 'ਕੌਮੀ ਉਡਾਰੀਆਂ' ਦੇ ਸੰਪਾਦਕ ਸ੍ਰੀ ਸੀ. ਐਲ. ਚੁੰਬਰ ਅਤੇ 'ਦੇਸ਼ ਦੁਆਬਾ' ਦੇ ਹੁਣ ਦੇ ਸੰਪਾਦਕ ਸ੍ਰੀ ਪੀ. ਕੇ. ਚੁੰਬਰ ਨੂੰ ਇਹ ਵੀ ਦੱਸਿਆ ਸੀ ਕਿ ''ਜੇ ਮੈਨੂੰ ਬਾਬੂ ਮੰਗੂ ਰਾਮ ਜੀ ਬਾਰੇ ਜ਼ਿਆਦਾ ਜਾਣਕਾਰੀ ਪਹਿਲਾਂ ਹੀ ਹੁੰਦੀ ਤਾਂ ਮੈਂ ਉਹਨਾਂ ਦਾ ਜ਼ਿਕਰ ਬੜੇ ਆਦਰ ਸਹਿਤ ਆਪਣੀ ਪੁਸਤਕ 'ਚਮਚਾ ਯੁੱਗ' ਵਿਚ ਜ਼ਰੂਰ ਕਰਨਾ ਸੀ।''
(ਹਵਾਲਾ ਪੰਮੀ ਲਾਲੋ ਮਜਾਰਾ ਦੀ ਪੁਸਤਕ 'ਮੈਂ ਕਾਂਸ਼ੀ ਰਾਮ ਬੋਲਦਾ ਹਾਂ- ਸਫਾ 182

ਇਸ ਤਰ੍ਹਾਂ ਬਾਬੂ ਮੰਗੂ ਰਾਮ ਜੀ ਸਾਰੀ ਉਮਰ ਸੰਘਰਸ਼ ਕਰਦਿਆਂ, ਆਪਣੇ ਸਮਾਜ ਨੂੰ ਜਾਗ੍ਰਿਤ ਕਰਦਿਆਂ, ਇਕ ਸਦੀਵੀ ਸੇਧ ਦਿੰਦਿਆਂ 94 ਸਾਲ ਦੀ ਉਮਰ ਵਿਚ 22 ਅਪ੍ਰੈਲ 1980 ਨੂੰ ਸਦੀਵੀ ਵਿਛੋੜਾ ਦੇ ਗਏ। ਪਰ ਉਹਨਾਂ ਵੱਲੋਂ ਪਾਈਆਂ ਗਈਆਂ ਪੈੜਾਂ ਮਿਟਾਈਆਂ ਨਹੀਂ ਜਾ ਸਕਣਗੀਆਂ ਜੋ ਆਉਣ ਵਾਲੇ ਪਾਂਧੀ ਨੂੰ ਹਮੇਸ਼ਾ ਦਿਸ਼ਾ ਨਿਰਦੇਸ਼ ਦਿੰਦੀਆਂ ਰਹਿਣਗੀਆਂ।

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ ਆਪਣੇ ਸੰਘਰਸ਼ ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਦੇ ਵੱਡੇ ਅੰਦੋਲਨ ਨਾਲ ਮੇਲ ਕੇ ਪੰਜਾਬ ਦੇ ਅਛੂਤਾਂ ਵਿਚ ਜੋ ਇਕ ਨਵਾਂ ਉਤਸ਼ਾਹ ਭਰਨ ਦਾ ਸ਼ਲਾਘਾਯੋਗ ਕੰਮ ਕੀਤਾ, ਉਸਨੂੰ ਕਦੇ ਭੁਲਾਇਆ ਨਹੀਂ ਜਾ ਸਕੇਗਾ। ਉਹਨਾਂ ਦੇ ਇਸ ਸੰਘਰਸ਼ ਸਦਕਾ ਹੀ ਅਜੋਕੇ ਪੰਜਾਬ ਦੇ ਦੁਆਬਾ ਖੇਤਰ ਵਿਚ ਆਦਿ ਧਰਮੀ/ਅਛੂਤਾਂ ਵਿਚ ਜੋ ਸਮਾਜਿਕ, ਧਾਰਮਿਕ, ਆਰਥਿਕ, ਵਿਦਿਅਕ ਤੇ ਨੌਕਰਸ਼ਾਹੀ ਵਿਚ ਜਾਗਰਤੀ ਨਜ਼ਰ ਆ ਰਹੀ ਹੈ ਉਸਦੇ ਪਿੱਛੋਂ ਡਾ. ਅੰ-ਬੇਡਕਰ ਦੇ ਨਾਲ ਨਾਲ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਦੇਣ ਵੀ ਖਲੋਤੀ ਨਜ਼ਰ ਆਉਂਦੀ ਹੈ।

ਬਾਬੂ ਜੀ ਦੀ ਤਿਆਰ ਕੀਤੀ ਜ਼ਮੀਨ ਵਿਚ ਜਿਵੇਂ ਡਾ. ਅੰਬੇਡਕਰ ਦਾ ਅੰਦੋਲਨ ਬੜੀ ਤੇਜ਼ੀ ਨਾਲ ਅੱਗੇ ਵਧਿਆ, ਉਵੇਂ ਹੀ ਇਸ ਜ਼ਮੀਨ ਵਿਚ ਰਿਪਬਲਿਕਨ ਪਾਰਟੀ ਆਫ ਇੰਡੀਆ ਅਤੇ ਫਿਰ ਕਾਂਸ਼ੀ ਰਾਮ ਜੀ ਦੀ 'ਬਹੁਜਨ ਲਹਿਰ' ਵੀ ਠਾਠਾਂ ਮਾਰ ਕੇ ਵਧੀਆਂ ਸਨ। ਸਲਾਮ ਹੈ ਬਾਬੂ ਜੀ ਦੇ ਉਸ ਇਨਕਲਾਬੀ ਕਦਮ ਨੂੰ ਜੋ ਉਹਨਾਂ ਨੇ 11-12 ਜੂਨ 1926 ਨੂੰ ਪੁੱਟਿਆ ਸੀ। ਅੱਜ ਵੀ ਲੋੜ ਹੈ ਉਸਤੋਂ ਸੇਧ ਲੈ ਕੇ ਅੱਗੇ ਵਧਿਆ ਜਾਵੇ।

# ਮਹਾਂਰਿਸ਼ੀ ਵਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ



ਵੱਲੋਂ ਭਾਰਤੀ ਸੰਵਿਧਾਨ ਦੇ ਰਚੇਤਾ, ਘੱਟ ਗਿਣਤੀ, ਦਲਿਤਾਂ ਅਤੇ ਔਰਤਾਂ ਦੇ ਮਸੀਹਾ, ਭਾਰਤ ਰਤਨ ਡਾ. ਬੀ. ਆਰ. ਅੰਬੇਦਕਰ ਜੀ ਦਾ ਜਨਮ ਦਿਹਾੜਾ ਮਿਤੀ 25 ਅਪ੍ਰੈਲ 2021 ਨੂੰ ਮਨਾਇਆ ਜਾਵੇਗਾ।

ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਆਪ ਸਭ ਪਰਿਵਾਰਾਂ ਸਮੇਤ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਪਹੁੰਚ ਕੇ ਭਾਰਤ ਰਤਨ ਡਾ. ਬੀ. ਆਰ. ਅੰਬੇਦਕਰ ਜੀ ਦੇ ਸੰਘਰਸ਼ਮਈ ਜੀਵਨ ਤੇ ਸਮੂਹ ਲੋਕਾਈ ਲਈ ਕੀਤੇ ਮਹਾਨ ਤੇ ਆਦੇਸ਼ ਭਰਪੂਰ ਕਾਰਜਾਂ ਬਾਰੇ ਕਲਾਕਾਰਾਂ ਤੋਂ ਗੀਤਾਂ ਰਾਹੀਂ ਤੇ ਬੁਲਾਰਿਆਂ ਤੋਂ ਉਹਨਾਂ ਦੇ ਕੀਮਤੀ ਵਿਚਾਰ ਸੁਣੋ ਅਤੇ ਆਪਣੇ ਜੀਵਨ 'ਚ ਲਾਗੂ ਕਰਨ ਦੇ ਯਤਨ ਕਰੋ ਜੀ।



## ਪ੍ਰੋਗਰਾਮ

ਮਿਤੀ 25 ਅਪ੍ਰੈਲ 2021 ਦਿਨ ਐਤਵਾਰ
ਸਵੇਰੇ 10 ਤੋਂ 12 ਵਜੇ ਤੱਕ ਪਾਠ ਸ੍ਰੀ ਯੋਗ ਵਸ਼ਿਸ਼ਟ, ਆਰਤੀ ਤੇ ਅਰਦਾਸ
12 ਵਜੇ ਤੋਂ ਸ਼ਾਮ ਤਿੰਨ ਵਜੇ ਤੱਕ ਕਲਾਕਾਰ ਤੇ ਬੁਲਾਰੇ
**ਲੰਗਰ ਸਾਰਾ ਦਿਨ ਅਤੁੱਟ ਵਰਤਣਗੇ**

ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਦੁਨੀਆਂ ਭਰ ਦੀਆਂ ਸਮੂਹ ਸੰਗਤਾਂ ਨੂੰ ਡਾ. ਬੀ. ਆਰ. ਅੰਬੇਦਕਰ ਜੀ ਦੇ ਜਨਮ ਦਿਵਸ, ਖਾਲਸਾ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

ਬੇਨਤੀ ਕਰਤਾ
ਪ੍ਰਬੰਧਕ ਕਮੇਟੀ, ਮਹਾਂਰਿਸ਼ੀ ਵਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ
Management Committee, Maharishi Valmik Sabha USA, Yuba City (CA)
84/86 Percy Ave, Yuba City, CA 95991

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ:
ਪ੍ਰਧਾਨ, ਜਗਜੀਤ ਸਿੰਘ ਗਿੱਲ 530-315-1425
ਜਨਰਲ ਸਕੱਤਰ, ਸੰਤੋਖ ਸਿੰਘ ਗਿੱਲ 530-740-3056
ਚੇਅਰਮੈਨ, ਪ੍ਰੇਮ ਲਾਲ ਸੌਂਧੀ 530-813-3877




# ਸ਼ੋਕ ਸਮਾਚਾਰ

ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਬਹੁਤ ਹੀ ਸਤਿਕਾਰਯੋਗ ਸ੍ਰੀ ਸ਼ਾਮ ਲਾਲ ਸੌਂਧੀ ਵਾਸੀ ਯੂਬਾ ਸਿਟੀ (ਕੈਲੇਫੋਰਨੀਆ) ਪਿਛਲਾ ਪਿੰਡ ਨਕੋਦਰ, ਜ਼ਿਲ੍ਹਾ ਜਲੰਧਰ ਮਿਤੀ 18 ਅਪ੍ਰੈਲ 2021 ਦਿਨ ਐਤਵਾਰ ਨੂੰ ਸਵੇਰੇ ਸਦੀਵੀ ਵਿਛੋੜਾ ਦੇ ਗਏ ਸਨ। ਉਹਨਾਂ ਦਾ ਅੰਤਿਮ ਸਸਕਾਰ ਚੈਪਲ ਆਫ ਟਵਿਨ ਸਿਟੀਜ਼, 715 ਸ਼ਾਸ਼ਤਾ ਸਟਰੀਟ, ਯੂਬਾ ਸਿਟੀ 95991 ਵਿਖੇ ਮਿਤੀ 22 ਅਪ੍ਰੈਲ 2021 ਦਿਨ ਵੀਰਵਾਰ ਨੂੰ ਸਵੇਰੇ 10 ਵਜੇ ਤੋਂ 12 ਵਜੇ ਤੱਕ ਹੋਵੇਗਾ ਅਤੇ ਅੰਤਿਮ ਅਰਦਾਸ ਮਹਾਂਰਿਸ਼ੀ ਵਾਲਮੀਕ ਟੈਂਪਲ 84/86 ਪਰਸੀ ਐਵਨਿਊ, ਯੂਬਾ ਸਿਟੀ, ਕੈਲੇਫੋਰਨੀਆ ਵਿਖੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਹਨਾਂ ਦੇ ਪੁੱਤਰ ਸੁਕੇਸ਼ ਸੌਂਧੀ 530-635-5413 ਅਤੇ ਸਵਦੇਸ਼ ਸੌਂਧੀ 530-701-9407 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਪਰਿਵਾਰ ਨਾਲ ਦੁੱਖ ਵਿਚ ਸ਼ਰੀਕ ਹੁੰਦੀ ਹੈ।

**ਅਦਾਰਾ 'ਦੇਸ਼ ਦੁਆਬਾ' ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਅਰਦਾਸ ਕਰਦਾ ਹੈ ਤੇ ਇਸ ਦੇ ਨਾਲ ਹੀ ਦੁਖੀ ਪਰਿਵਾਰ ਨਾਲ ਦਿਲੀ ਦੁੱਖ ਦਾ ਪ੍ਰਗਟਾਵਾ ਕਰਦਾ ਹੈ।**

# ਪੰਜਾਬ ਦੇ ਦਲਿਤਾਂ ਦਾ ਪਹਿਲਾ ਅੰਦੋਲਨ- ਆਦਿ ਧਰਮ



ਐਸ.ਐਲ.ਵਿਰਦੀ (ਐਡਵੋਕੇਟ)

**ਆਦਿ**-ਧਰਮ ਇਕ ਸਭਿਆਚਾਰਕ ਅੰਦੋਲਨ ਸੀ ਜੋ ਕਿ ਤੂਫਾਨ ਦੀ ਤਰ੍ਹਾਂ ਆਇਆ ਤੇ ਸਦੀਆਂ ਤੋਂ ਲਤਾੜੀਆਂ, ਅੱਖੋਂ ਓਹਲੇ ਕੀਤੀਆਂ ਦਲਿਤ ਜਾਤੀਆਂ ਦੀ ਅਣਗਿਣਤ ਔਕੜਾਂ, ਮੁਸੀਬਤਾਂ, ਬੰਗੀਆਂ ਤੇ ਕਮੀਆਂ ਨੂੰ ਉਡਾ ਕੇ ਲੈ ਗਿਆ।

ਆਦਿ-ਧਰਮ ਅੰਦੋਲਨ ਦਾ ਪਿਛੋਕੜ ਭਾਰਤੀ ਇਤਿਹਾਸ ’ਚੋਂ ਪ੍ਰੇਰਨਾ ਸਰੋਤ ਬਣਿਆ। ਸਿੰਧੂ ਘਾਟੀ ਸਭਿਅਤਾ ਤੇ ਮੋਹਨਜੋਦੜੋ-ਹੜੱਪਾ ਦੀ ਖੁਦਾਈ ’ਜਿਸ ਨੂੰ ਅਸੀਂ ਆਰੀਆ-ਅਨਾਰੀਆ, ਸੁਰ-ਅਸੁਰ, ਦੇਵ-ਦਾਨਵ, ਧਰਮ-ਅਧਰਮ, ਹਿੰਸਾ-ਅਹਿੰਸਾ ਦੇ ਯੁੱਗ ਨਾਲ ਵੀ ਪੁਕਾਰਦੇ ਹਾਂ, ’ਚੋਂ ਮਿਲੇ ਪ੍ਰਮਾਣਾਂ ਤੋਂ ਸਾਬਤ ਹੋ ਚੁੱਕਾ ਹੈ ਕਿ ਆਰੀਆ ਦੇ ਸੱਤਾਧਾਰੀ ਹੋਣ ਤੋਂ ਪਹਿਲਾਂ ਦਲਿਤ (ਅਛੂਤ) ਇਸ ਦੇਸ਼ ਦੀ ਪਰਜਾ, ਮਾਲਕ, ਮੁਖੀਏ ਤੇ ਰਾਜਾ ਸਨ। ਸਭ ਪਾਸੇ ਮਾਨਵਤਾ ਦਾ ਰਾਜ ਸੀ, ਨਾ ਜਾਤ, ਨਾ ਵਰਗ ਨਾ ਊਚ-ਨੀਚ ਦੇ ਝਗੜੇ ਸਨ।

ਆਰੀਆ ਦੇ ਸੱਤਾਧਾਰੀ ਬਣਨ ਤੋਂ ਬਾਅਦ ਦਲਿਤਾਂ ਦੀ ਗੁਲਾਮੀ ਦਾ ਇਤਿਹਾਸ ਸ਼ੁਰੂ ਹੁੰਦਾ ਹੈ। ਭਾਰਤੀ ਇਤਿਹਾਸ ’ਚ ਦੋ ਵਰਗ ਉਤਪੰਨ ਹੋਏ, ਇਕ ਸ਼ਾਸਕ (ਬ੍ਰਾਹਮਣ) ਤੇ ਦੂਸਰਾ ਸ਼ਾਸ਼ਿਤ (ਅਛੂਤ)। ਜੋ ਲੋਕ ਅਛੂਤ ਵਰਗ ’ਚ ਸਨ, ਉਹਨਾਂ ਨੂੰ ਸ਼ੂਦਰ ਕਿਹਾ ਗਿਆ। ਸਮਾਜ ਵਿਚ ਉਹਨਾਂ ਨੂੰ ਅਧਿਕਾਰਾਂ, ਅਵਸਰਾਂ, ਸਾਧਨਾਂ, ਸਿੱਖਿਆ ਤੇ ਆਤਮ ਵਿਕਾਸ ਲਈ ਸਭ ਕੁਝ ਕਰਨ ਤੋਂ ਵੰਚਿਤ ਰੱਖਿਆ ਗਿਆ। ਸ਼ਾਸਕ ਵਰਗ ਲਈ ਅਵਸਰ, ਸਾਧਨ, ਸਿੱਖਿਆ ਤੇ ਆਤਮ-ਵਿਕਾਸ ਲਈ ਸਭ ਕੁਝ ਦਿੱਤਾ ਗਿਆ। ਇਸ ਲਈ ਸ਼ਾਂਸਕ ਵਰਗ ਤਾਂ ਆਪਣੇ ਕਰ-ਕਰਮਾਂ ਨਾਲ ਅੱਗੇ ਵੱਧ ਸਕਦਾ ਸੀ। ਪਰ ਸ਼ਾਸ਼ਿਤ (ਅਛੂਤ) ਕਰ-ਕਰਮਾਂ ਦੇ ਹੁੰਦੇ ਹੋਏ ਵੀ ਅੱਗੇ ਨਹੀਂ ਵੱਧ ਸਕਦਾ ਸੀ। ਕਿਉਂਕਿ ਉਸ ਦੇ ਰਸਤੇ ਵਿਚ ਸ਼ਾਸਕ, ਵੇਦ ਗ੍ਰੰਥ ਤੇ ਸਮਾਜਿਕ ਪ੍ਰੰਪਰਾਵਾਂ ਬਹੁਤ ਵੱਡੀ ਰੁਕਾਵਟ ਸਨ। ਧਰਮ ਦੰਡ ਇਸ ਦੀ ਮਨਾਹੀ ਕਰਦਾ ਸੀ। ਇੱਥੇ ਹੀ ਬੱਸ ਨਹੀਂ, ਪੂਜਣਯੋਗ ਮੰਨੇ ਗਏ ਰਿਸ਼ੀ-ਮੁੰਨੀ ਤੇ ਦੇਵੀ-ਦੇਵਤਿਆਂ ਨੇ, ਇਹ ਸਭ ਕੁਝ ਪਿਛਲੇ ਜਨਮ ਦੇ ਪਾਪ-ਪੁੰਨ ਤੇ ਪ੍ਰਮਾਤਮਾ ਦੇ ਇਨਸਾਫ ਦੀ ਸੰਗਿਆ ਦੇ ਕੇ ਇਸ ਕੂੜ ਵਿਵਸਥਾ ਨੂੰ ਪੱਕਿਆਂ ਕਰ ਦਿੱਤਾ ਸੀ।

ਹਿੰਦੂ ਧਰਮ ਤੰਤਰ ’ਚ ਇਹਨਾਂ ਪ੍ਰਸਥਿਤੀਆਂ ਦੇ ਹੁੰਦੇ ਹੋਏ ਅਛੂਤਾਂ ਦੁਆਰਾ ਆਪਣੇ ਅਧਿਕਾਰਾਂ ਦੀ ਗੱਲ ਕਰਨਾ ਅਸੰਭਵ ਸੀ। ਇਹੀ ਵਜ੍ਹਾ ਹੈ ਕਿ ਸਾਢੇ ਤਿੰਨ ਹਜ਼ਾਰ ਸਾਲਾਂ ਤੱਕ ਸ਼ੂਦਰਾਂ ਦਾ ਕਦੇ ਵੀ ਸਮੂਹਿਕ ਜਥੇਬੰਦਕ ਅੰਦੋਲਨ ਇਸ ਕੂੜ ਵਿਵਸਥਾ ਦੇ ਖਿਲਾਫ ਨਹੀਂ ਉੱਠ ਸਕਿਆ। ਜਿਸ ਦਾ ਕਾਰਨ ਹਿੰਦੂ ਧਰਮ ਤੰਤਰ ਦੀ ਸਮਾਜਿਕ ਜਕੜ ਹੀ ਸੀ।

ਮੁਸਲਮਾਨਾਂ ਦੇ ਹਮਲਿਆਂ ਦਰਮਿਆਨ ਭਗਤੀ ਅੰਦੋਲਨ ਨੇ ਕੁਝ ਹੱਦ ਤੱਕ ਇਸ ਕੂੜ ਵਿਵਸਥਾ ਦੇ ਖਿਲਾਫ ਆਵਾਜ਼ ਉਠਾਈ ਪਰ ਉਹ ਵੀ ਇਸ ਨੂੰ ਕੋਈ ਪ੍ਰਪੱਕ ਰੂਪ ਨਾ ਦੇ ਸਕੇ, ਕਿਉਂਕਿ ਇਸਲਾਮ ਉਤੇ ਵੀ ਜਲਦੀ ਹੀ ਹਿੰਦੂ ਧਰਮ ਤੰਤਰ ਦਾ ਅਸਰ ਹੋ ਗਿਆ ਸੀ।

ਇਸਲਾਮਾਂ ਤੇ ਹਿੰਦੂਆਂ ਨੂੰ ਹਰਾਉਣ ਤੋਂ ਬਾਅਦ ਅੰਗਰੇਜ਼ ਇੱਥੋਂ ਦੇ ਸੱਤਾਧਾਰੀ ਬਣੇ, ਜੋ ਕਿ ਇਸਾਈ ਧਰਮ ਨੂੰ ਮੰਨਦੇ ਹਨ। ਉਹ ਇਸਾਈ ਪ੍ਰਜਾਤੰਤਰ ’ਚ ਵਿਸ਼ਵਾਸ ਕਰਦਾ ਹੈ। ਈਸਾ ਮਸੀਹ ਨੇ ਗਰੀਬਾਂ ਨੂੰ ਗਲੇ ਲਗਾਇਆ ਸੀ। ਇਸਾਈ ਪਿਆਰ ਤੋਂ ਦਇਆ ਦੀ ਭਾਵਨਾ ਰੱਖਦੇ ਹਨ। ਪ੍ਰੇਮ ਦਇਆ ਤੇ ਕ੍ਰੋਧ ਤੋਂ ਹੀ ਕ੍ਰਾਂਤੀ ਦਾ ਜਨਮ ਹੁੰਦਾ ਹੈ।

ਦਲਿਤਾਂ ਦੇ ਅੰਦੋਲਨਾਂ ਲਈ ਇਹ ਬਹੁਤ ਸੁਖਾਵਾਂ ਮਾਹੌਲ ਸੀ। ਡਾਕਟਰ ਅੰਬੇਦਕਰ, ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ, ਮਹਾਤਮਾ ਫੂਲੇ ਦੇ ਉਭਰਨ ’ਚ ਵੀ ਇਸਾਈ ਮਾਨਸਿਕਤਾ ਹੀ ਸੀ। ਸਮੁੱਚੇ ਸੰਸਾਰ ਤੇ ਆਪਣਾ ਪ੍ਰਭਾਵ ਛੱਡਿਆ। ਭਾਰਤ ਦੀ ਆਜ਼ਾਦੀ ਲਈ ਅਮਰੀਕਾ ’ਚ ਲਾਲਾ ਹਰਦਿਆਲ ਦੀ ਅਗਵਾਈ ’ਚ ਗਦਰ ਪਾਰਟੀ ਲੜਾਈ ਲੜ ਰਹੀ ਸੀ। ਆਦਿ-ਧਰਮ ਅੰਦੋਲਨ ਦਾ ਮੋਢੀ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਇਸੇ ਪਾਰਟੀ ਦਾ ਹੋਲ ਟਾਈਮਰ ਵਰਕਰ ਸੀ। ਕਾਮਾਗਾਟਾ ਮਾਰੂ ਕਾਂਡ ਤੋਂ ਬਾਅਦ ਲਾਲਾ ਹਰਦਿਆਲ ਨਾਲ ਸਲਾਹ ਕਰਕੇ, ਕਿ ਭਾਰਤ ਵਿਚ ਅੰਗਰੇਜ਼ਾਂ ਦੇ ਗੁਲਾਮੀ ਦੇ ਗੁਲਾਮਾਂ (ਅਛੂਤਾਂ) ਲਈ ਕੰਮ ਕੀਤਾ ਜਾਵੇ, ਨੂੰ ਮੁੱਖ ਰੱਖ ਕੇ ਗਦਰ ਪਾਰਟੀ ਤੋਂ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਨੇ ਅਸਤੀਫਾ ਦੇ ਦਿੰਤਾ ਤੇ ਭਾਰਤ ਵਾਪਸ ਆ ਕੇ ਸਾਰੇ ਭਾਰਤ ਦਾ ਘੁੰਮ-ਫਿਰ ਕੇ ਮੁਆਇਨਾ ਕੀਤਾ। ਅਛੂਤਾਂ ਤੇ ਦਲਿਤਾਂ ਦੀ ਤਰਸਯੋਗ ਸਥਿਤੀ ਨੂੰ ਮੱਦੇਨਜ਼ਰ ਰੱਖਦੇ ਹੋਏ ਉਹ ਕਾਨਪੁਰ ’ਚ ਸੁਆਮੀ ਅਛੂਤਾਨੰਦ, ਜੋ ਕਿ ਆਦਿ-ਹਿੰਦੂ ਅਖਬਾਰ ਕੱਢਦਾ ਸੀ, ਬੰਬਈ ’ਚ ਧੰਨਾ ਮੱਲ ਤੇ ਚੇਲਾ ਰਾਮ ਆਦਿ ਨਾਲ ਸਲਾਹ ਮਸ਼ਵਰਾ ਕਰਕੇ ਆਦਿ ਧਰਮ ਮਿਸ਼ਨ ਮੰਡਲ ਬਣਾਇਆ, ਆਦਿ -ਧਰਮੀ ਪ੍ਰਾਇਮਰੀ ਸਕੂਲ ਸ਼ੁਰੂ ਕੀਤਾ ਤਾਂ ਜੋ ਕਿ ਅਛੂਤ ਵਿਦਵਾਨ ਬਣ ਕੇ ਆਪਦੇ ਹੱਕਾਂ ਪ੍ਰਤੀ ਸੰਘਰਸ਼ ਕਰ ਸਕਣ। ਇਸ ਨੂੰ ਇਸਾਈ ਬੁੱਧੀਜੀਵੀਆਂ ਤੇ ਅੰਗਰੇਜ਼ ਸਰਕਾਰ ਨੇ ਉਕਸਾਇਆ ਤੇ ਮਦਦ ਕੀਤੀ।



1927 ’ਚ ਆਦਿ ਧਰਮ ਮੰਡਲ ਨੇ ਅਛੂਤ ਜਾਤੀਆਂ ਦੀ ਇਕ ਬਹੁਤ ਵੱਡੀ ਕਾਨਫਰੰਸ ਮੁਗੋਵਾਲ ਵਿਖੇ ਕੀਤੀ। ਜਿਸ ਵਿਚ ਹਜ਼ਾਰਾਂ ਦੀ ਗਿਣਤੀ ’ਚ ਵੱਖ-ਵੱਖ ਜਾਤਾਂ ਦੇ ਲੋਕ ਇਕੱਠੇ ਹੋਏ ਤੇ ਅਛੂਤਾਂ ਦੀਆਂ ਸਮੱਸਿਆਵਾਂ ਤੇ ਵਿਚਾਰ ਕੀਤਾ। ਇਸ ਕਾਨਫਰੰਸ ਨੇ ਸਾਰੇ ਭਾਰਤ ਦਾ ਤੇ ਵਿਦੇਸ਼ਾਂ ’ਚ ਰਹਿ ਰਹੇ ਭਾਰਤੀਆਂ ਦਾ ਧਿਆਨ ਪੰਜਾਬ ਦੇ ਅਛੂਤਾਂ ਤੀ ਤਰਫ ਖਿੱਚ ਲਿਆ।

ਆਦਿ-ਧਰਮ ਅੰਦੋਲਨ ਨੇ ਵਗਾਰ ਵਿਰੁੱਧ ਆਵਾਜ਼ ਉਠਾਈ। ਇਸ ਵਿਰੁੱਧ ਧਰਮਸ਼ਾਲਾ ਮੋਰਚਾ ਲਾਇਆ। ਉਥੇ 8 ਆਨੇ ਦੀ ਜੁੱਤੀ ਤੇ 2 ਆਨੇ ਦਿਹਾੜੀ ਦਿੰਦੇ ਸੀ ਤੇ ਹਰ ਘਰ ਤੇ ਕਰ ਲਾਇਆ ਹੋਇਆ ਸੀ। ਜਬਰਦਸਤੀ ਮੁਰਦਿਆਂ ਦੀਆਂ ਲਾਸ਼ਾਂ ਚੁਕਾਇਆ ਕਰਦੇ ਸਨ। ਇਸ ਸਬੰਧ ’ਚ ਡਿਪਟੀ ਕਮਿਸ਼ਨਰ ਨੂੰ ਮਿਲੇ ਤੇ ਵਗਾਰ ਬੰਦ ਕਰਵਾਈ ਤੇ ਦਿਹਾੜੀ 2 ਆਨੇ ਤੋਂ ਵਧਾ ਕੇ ਡੇਢ ਰੁਪਿਆ ਕਰਵਾਈ।

1 9 2 8 ਈ: ’ਚ ਸਾਈਮਨ ਕਮਿਸ਼ਨ ਵੱਧ ਅਧਿਕਾਰਾਂ ਲਈ ਭਾਰਤ ਆਇਆ। ਪੰਜ ਹਜ਼ਾਰ ਆਦਿ ਧਰਮ ਦੇ ਵਰਕਰ ਲਾਲ ਪੱਗਾਂ ਬੰਨ ਕੇ ਕਮਿਸ਼ਨ ਨੂੰ ਮਿਲੇ ਤੇ ਅਛੂਤਾਂ ਦੇ ਅਧਿਕਾਰਾਂ ਦੀ ਮੰਗ ਕੀਤੀ। ਅਛੂਤਾਂ ਦੇ ਆਰੀਆ ਸਮਾਜ ਵੱਲੋਂ ਢੌਂਗੀ ਨੁਮਾਇੰਦੇ ਐਮ. ਸੀ. ਰਾਜਾ ਦਾ ਬਾਈਕਾਟ ਕੀਤਾ ਤੇ ਡਾਕਟਰ ਅੰਬੇਡਕਰ ਨੂੰ ਆਪਣਾ ਸਮਰਥਨ ਦੇ ਕੇ ਨੁਮਾਇੰਦਾ ਬਣਾਇਆ। ਆਦਿ ਧਰਮ ਸਦਕੇ ਡਾ. ਅੰਬੇਡਕਰ ਆਲ ਇੰਡੀਆ ਦੇ ਨੇਤਾ ਬਣ ਗਏ।

ਭਾਰਤ ਦੀ ਆਜ਼ਾਦੀ ਲਈ ਲੰਡਨ ’ਚ ਜੋ ਗੋਲਮੇਜ਼ ਕਾਨਫਰੰਸਾਂ ਹੋ ਰਹੀਆਂ ਸੀ, ਉਥੇ ਡਾਕਟਰ ਅੰਬੇਦਕਰ ਨੂੰ ਆਪਣਾ ਨੁਮਾਇੰਦਾ ਦਰਸਾਉਣ ਲਈ 57 ਟੈਲੀਗ੍ਰਾਮਾਂ ਭੇਜੀਆਂ। ਸਿੱਟੇ ਵਜੋਂ ਬਰਤਾਨਵੀ ਸਰਕਾਰ ਨੇ ਕਮਿਊਨਲ ਅਵਾਰਡ ਦੇ ਦਿੱਤਾ। ਤਦ ਅਛੂਤਾਂ ਦੇ ਵੱਖਰੇ ਅਧਿਕਾਰਾਂ ਖਿਲਾਫ ਗਾਂਧੀ ਨੇ ਮਰਨ ਵਰਤ ਰੱਖ ਦਿੱਤਾ। ਇੱਧਰ ਗਾਂਧੀ ਦੇ ਖਿਲਾਫ ਅਛੂਤਾਂ ਦੇ ਅਧਿਕਾਰਾਂ ਲਈ ਬਾਬੂ ਮੰਗੂ ਰਾਮ ਜੀ ਮੁਗੋਵਾਲੀਆ ਪ੍ਰਧਾਨ ਆਦਿ ਧਰਮ ਨੇ ਵੀ ਜਲੰਧਰ ’ਚ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਸਿੱਟੇ ਵਜੋਂ ਪੰਜਾਬ ਦੇ ਅਛੂਤਾਂ ਨੂੰ 8 ਸੀਟਾਂ ਵਿਧਾਨ ਸਭਾਵਾਂ ਦੀਆਂ ਮਿਲੀਆਂ ਤੇ ਦੋਹਰੀ ਵੋਟ ਦਾ ਸਮਝੌਤਾ ਹੋਇਆ। 1937 ਈ: ਦੇ ਇਲੈਕਸ਼ਨ ’ਚ ਆਦਿ ਧਰਮ ਦੇ 8 ਵਿਧਾਇਕ ਬਣੇ। ਪੰਜਾਬ ’ਚ ਇਕ ਅਜਿਹਾ ਕਾਨੂੰਨ (ਦੀ ਪੰਜਾਬ ਲੈਂਡ ਐਲੀਨੀਏਬਨ ਐਕਟ) ਸੀ, ਜਿਸ ਅਨੁਸਾਰ ਅਛੂਤ ਜ਼ਮੀਨਦੇ ਮਾਲਕ ਨਹੀਂ ਬਣਸਕਦੇ ਸਨ। ਉਹ ਰਿੱਜਤਨਾਮੇ ਵਿਚ ਵੱਸਦੇ ਸੀ। ਹਿੰਦੂ ਜਦ ਚਾਹੇ ਉਹਨਾਂ ਨੂੰ ਘਰਾਂ ’ਚੋਂ ਕੱਢ ਸਕਦੇ ਸਨ। ਅਛੂਤਾਂ ਦੀ ਗੁਲਾਮਾਂ ਜਿਹੀ ਜ਼ਿੰਦਗੀ ਸੀ। ਅਛੂਤਾਂ ਨੂੰ ਇਸੇ ਕਾਰਨ ਵਗਾਰ ਦੇਣੀ ਪੈਂਦੀ ਸੀ। 1937 ’ਚ ਆਦਿ ਧਰਮ ਦੇ ਨੁਮਾਇੰਦਿਆਂ ਦਾ ਇਕ ਡੈਪੂਟੇਸ਼ਨ ਸ਼ਿਮਲੇ ਸਰ ਸਿਕੰਦਰ ਹਿਯਾਤ ਖਾਂ ਨੂੰ ਮਿਲਿਆ ਤੇ ਆਰਡਰ ਕਰਵਾ ਕੇ ਰਿਜੱਤਨਾਮੇ ਤੁੜਵਾਏ ਤੇ ਅਛੂਤਾਂ ਨੂੰ ਆਪਣੇ ਘਰਾਂ ਦੇ ਮਾਲਕ ਬਣਾਇਆ। ਇਸ ਤੋਂ ਉਪਰੰਤ ਆਦਿ ਧਰਮ ਨੇ ਛੂਆ-ਛਾਤ ਦੇ ਖਿਲਾਫ ਸਮਾਜਿਕ ਬਰਾਬਰੀ ਲਈ, ਪਿੰਡ ਘਡਰਾਵਾਂ, ਦੇਹਰਾਦੂਨ, ਨਨਕਾਣਾ ਸਾਹਿਬ, ਚੰਬਾ, ਕਾਂਗੜਾ ਆਦਿ ਉਤੇ ਮੋਰਚੇ ਲਾਏ ਤੇ ਅਛੂਤਾਂ ਨੂੰ ਬਰਾਬਰ ਹੱਕ ਦਿਵਾਏ। ’ਆਦਿ ਡੰਕਾ’ ਅਖਬਾਰ ਕੱਢਿਆ ਅਛੂਤਾਂ ਨੂੰ ਜਾਗਰਿਤ ਕਰਨ ਲਈ। ਆਦਿ ਧਰਮ ਮੰਡਲ ਜਲੰਧਰ ਸਥਾਪਤ ਕੀਤਾ, ਜਿੱਥੇ ਕਿ ਹੁਣ ਗੁਰੂ ਰਵਿਦਾਸ ਹਾਈ ਸਕੂਲ ਤੇ ਆਰਟ ਐਂਡ ਕਰਾਫਟ ਟੀਚਰਜ਼ ਟਰੇਨਿੰਗ ਸਕੂਲ ਚੱਲ ਰਿਹਾ ਹੈ। 1931, 1941, 1951 ਅਤੇ ਬਾਅਦ ਦੀਆਂ ਮਰਦਮਸ਼ੁਮਾਰੀਆਂ ’ਚ ਆਦਿ ਧਰਮੀ ਲਿਖਵਾ ਕੇ ਅਲੱਗ ਹੋਂਦ ਕਾਇਮ ਕੀਤੀ। ਆਦਿ ਧਰਮ ਅੰਦੋਲਨ ਪੰਜਾਬ ਵਿਚ ਅੰਬੇਡਕਰੀ ਅੰਦੋਲਨ ਦਾ ਧੁਰਾ ਬਣਿਆ। ਬਾਬੂ ਮੰਗੂ ਰਾਮ ਜੀ ਮੁਗੋਵਾਲੀਆ ਨੇ ਜੋ ਘਾਲਣਾਵਾਂ ਸਾਡੇ ਲਈ ਕੀਤੀਆਂ, ਉਹਨਾਂ ਲਈ ਉਹਨਾਂ ਨੂੰ ਸਦਾ ਯਾਦ ਕੀਤਾ ਜਾਵੇਗਾ। ਇੱਥੇ ਆਮ ਆਦਮੀ ਇਨਕਲਾਬ ਕਰਨ ਦੀ ਵੀ ਹਿੰਮਤ ਨਹੀਂ ਕਰਦਾ, ਸੋਚਦਾ ਵੀ ਨਹੀਂ। ਗਰੀਬ ਝੌਂਪੜੀ ਵਾਲਾ ਥੱਕ ਗਿਆ ਹੈ, ਉਸ ਦੇ ਮਨ ਨੂੰ ਯਕੀਨ ਨਹੀਂ ਆਉਂਦਾ ਕਿ ਉਹ ਵੀ ਰਾਜਾ ਬਣ ਸਕਦਾ ਹੈ। ਵਿਸ਼ਵਾਸ ਨਾ ਹੋਣ ਦਾ ਕਾਰਨ ਰਿਹਾ ਹੈ, ਉਸ ਦੇ ਨਾਲ ਪਿਛਲੇ ਦੋ ਹਜ਼ਾਰ ਸਾਲਾਂ ਤੋਂ ਲਗਾਤਾਰ ਦਗਾਬਾਜ਼ੀ। ਵਿਸ਼ਵਾਸ ਉੱਠ ਗਿਆ ਹੈ। ਦੂਸਰੇ ਦੇਸ਼ਾਂ ਵਿਚ ਖਰੂਸ਼ਚੇਵ ਭੇਡਾਂ ਬੱਕਰੀਆਂ ਚਾਰਨ ਵਾਲੇ ਦਾ ਲੜਕਾ, ਤਾਕਤ ਵਿਚ ਵੱਡਾ ਸਟਾਲਿਨ ਚਮਾਰ ਦਾ ਬੇਟਾ, ਹਿਟਲਰ ਜਰਮਨੀ ਵਾਲਾ ਕਾਰੀਗਰ ਰਾਜ ਮਿਸਤਰੀ ਦਾ ਬੇਟਾ, ਇੰਗਲੈਂਡ ਦੇ ਵੀ, ਜਿਹਨਾਂ ਨਾਲ ਹੱਥ ਮਿਲਾਉਣ ਨੂੰ ਲੋਕ ਲਾਰਾਂ ਟਪਕਾਉਂਦੇ ਹਨ, ਬੇਵਾਨ, ਮਾਰਿਸਨ ਕੋਇਲੇ ਦੀਆਂ ਖਾਣਾਂ ਵਿਚ ਮਜ਼ਦੂਰ, ਸੜਕ ਤੇ ਅਖਬਾਰ ਵੇਚਣ ਵਾਲੇ ਰਹੇ ਹਨ। ਕੀ ਦੋ ਹਜ਼ਾਰ ਸਾਲਾਂ ਵਿਚ ਸਾਡੇ ਦੇਸ਼ ਵਿਚ ਛੋਟੇ ਪੇਸ਼ੇ ਵਾਲਾ ਆਦਮੀ ਕਦੇ ਵੱਡਾ ਬਣਿਆ ਹੀ ਨਹੀਂ।

**(ਧੰਨਵਾਦ ਸਹਿਤ ਕੌਮੀ ਉਡਾਰੀਆਂ, ਜਲੰਧਰ)**

## ਬਾਲ ਗੀਤ/ ਚੜ੍ਹਦੇ ਚੜ੍ਹਾਈਆਂ

ਸਕੂਲ ਸਰਕਾਰੀ ਵਿਚ ਅਸੀਂ ਕਰਦੇ ਪੜ੍ਹਾਈਆਂ
ਜਾਈਏ ਸਾਰੇ ਨਿੱਤ ਅਸੀਂ ਚੜ੍ਹਦੇ ਚੜ੍ਹਾਈਆਂ।
ਦਿਲ ਤੇ ਦਿਮਾਗ ਸਾਡੇ ਰੌਸ਼ਨ ਬਣਾਉਂਦੇ ਨੇ
ਨਿਰਾਲੀਆਂ ਅਦਾਵਾਂ ਨਾਲ ਵਿਦਿਆ ਪੜ੍ਹਾਉਂਦੇ ਨੇ
ਅਧਿਆਪਕਾਂ ਨੇ ਰਾਹਾਂ ਦੀਆਂ ਔਕੜਾਂ ਹਟਾਈਆਂ।
ਖੇਡ ਕਲਾ ਵਿਦਿਆ 'ਚ ਮਾਰੀਏ ਉਡਾਰੀਆਂ
ਜਿੱਤ ਜਾਣਾ ਸਭ ਨੇ ਟੀਸੀਆਂ ਉਹ ਸਾਰੀਆਂ
ਕੀਮਤੀ ਜੋ ਗੱਲਾਂ ਅਸੀਂ ਮਨ 'ਚ ਵਸਾਈਆਂ।
ਹਰ ਪਾਸੇ ਮਹਿਕਦੇ ਗਿਆਨ ਦੇ ਗੁਲਾਬ ਨੇ
ਸਮਿਆਂ ਦੇ ਹਾਣੀ ਬਣੇ ਨੂਰ ਬੇਹਿਸਾਬ ਨੇ
ਅਸੀਂ ਜੁਗਤਾਂ ਜੋ ਨਵੀਆਂ ਸਭ ਅਪਣਾਈਆਂ।
ਹਿੰਮਤਾਂ ਦੇ ਨਾਲ਼ ਅਸੀਂ ਮੰਜ਼ਿਲਾਂ ਨੂੰ ਪਾਣਾ ਏ
ਪੜ੍ਹਨ ਸਕੂਲੇ ਸਰਕਾਰੀ ਵਿਚ ਜਾਣਾ ਏ
ਸਿਰਜਣ ਜਿੱਥੇ ਸਭ ਉਚੀਆਂ ਉਚਾਈਆਂ।
'ਮਾਨ' ਜਿਹੇ ਟੀਚਰਾਂ ਵਧਾਈ ਸਾਡੀ ਸ਼ਾਨ ਏ
ਮਿਹਨਤਾਂ ਦੇ ਨਾਲ਼ ਅਸੀਂ ਬਣਦੇ ਮਹਾਨ ਏ
ਸਕੂਲ ਨਾਲ ਰੱਜ ਕੇ ਪ੍ਰੀਤਾਂ ਅਸੀਂ ਪਾਈਆਂ।

**ਬਲਜਿੰਦਰ ਮਾਨ**
**91-98150-18947**



## ਮਸਲਾ ਬਿਅਦਬੀਆਂ ਦਾ!

ਵਿਚ ਕੋਰਟਾਂ ਪੇਸ਼ ਚਲਾਣ ਹੋ ਗਏ
ਲੱਗਾ ਤੀਰ ਕਮਾਣ ’ਤੇ ਕੱਸਿਆ ਏ।

ਕਾਲ਼ੇ ਨਾਗ ਦੇ ਵਾਂਗ ਹੀ ਸੱਚ ਜਾਣੋ
ਗੁਨਾਹਗਾਰਾਂ ਦੇ ਸੀਨੇ ’ਚ ਡੱਸਿਆ ਏ।

ਫੇਰ ਚੱਲੀਆਂ ਸਾਜ਼ਿਸ਼ਾਂ ‘ਸਿਟ’ ਉੱਤੇ
ਦੋਸ਼ੀ ਜਾਣਿਉਂ ਜਿਹੜਾ ਵੀ ‘ਹੱਸਿਆ’ ਏ।

ਗੱਲ ਸੁਣੀ ਦੀ ਕਿਵੇਂ ਜ਼ਮੀਰ ਵਾਲ਼ੀ
ਕੰਵਰ ਵਿਜੈ ਪ੍ਰਤਾਪ ਨੇ ਦੱਸਿਆ ਏ।

ਸਿਆਸੀ ਦਲਾਂ ਨੂੰ ਫਿਕਰ ਹੈ ਬਸ ਏਨਾ
ਵੋਟਾਂ ‘ਐਧਰੋਂ-ਓਧਰੋਂ’ ਲੱਭਦੀਆਂ ਦਾ।

ਪੈਰੋਕਾਰਾਂ ਦੇ ਦਿਲਾਂ ਨੂੰ ਹੌਲ ਪੈਂਦੇ
ਮਸਲਾ ਜਦੋਂ ਵੀ ਛਿੜੇ ਬੇਅਦਬੀਆਂ ਦਾ!



**ਤਰਲੋਚਨ ਸਿੰਘ ‘ਦੁਪਾਲ ਪੁਰ’**
001-408-915-1268

## ਗ਼ਜ਼ਲ

ਝੁੱਗੀਆਂ ਦੇ ਬੋਲ ਕਰਾਰੇ ਹੋਏ ਨੇ ।
ਰਾਹਾਂ 'ਚ ਤਾਹੀਉਂ ਅੰਗਾਰੇ ਹੋਏ ਨੇ।

ਸਾਰਾ ਹੀ ਦਿਨ ਜੋ ਵਹਾਂਦੇ ਪਸੀਨਾ,
ਰੋਟੀ ਤੋਂ ਵੀ ਉਹ ਵਿਸਾਰੇ ਹੋਏ ਨੇ ।

ਮਹਿਲਾਂ ਦਾ ਮਾਣ ਕਾਹਦਾ ਹੈ ਯਾਰੋ,
ਝੁੱਗੀਆਂ ਨੇ ਹੀ ਜੋ ਉਸਾਰੇ ਹੋਏ ਨੇ।

ਮਰਦੇ ਨਹੀਂ ਕਦੇ ਮਰਦੇ ਨਹੀਂ ਉਹ,
ਜਿਨ੍ਹਾਂ ਸਿਰ ਸੂਲੀ ਤੋਂ ਵਾਰੇ ਹੋਏ ਨੇ।

ਹੱਕਾਂ ਲਈ ਏਥੇ ਲੜਦੇ ਨਹੀਂ ਜੋ ,
ਅੰਗਾਰੇ ਉਹ ਪਾਣੀ ਦੇ ਠਾਰੇ ਹੋਏ ਨੇ।

ਸੁਣਦੇ ਨਹੀਂ ਜਿਹੜੇ ਜਨਤਾ ਦੀ ਗੱਲ
ਉਹ ਤਾਂ ਕਾਰਪੋਰੇਟਾਂ ਦੇ ਚਾਰੇ ਹੋਏ ਨੇ।

ਦਿੱਲੀ ਦੁਆਲੇ ਜੋ ਹੱਕਾਂ ਲਈ ਬੈਠੇ
ਇਰਾਦੇ ਉਨ੍ਹਾਂ ਜਿੱਤ ਦੇ ਧਾਰੇ ਹੋਏ ਨੇ।

ਵਾਰ ਗਏ ਜਾਨਾਂ ਜਿਹੜੇ ਵੀ ਕਿਰਤੀ,
ਬਿਨਾਂ ਸ਼ੱਕ ਅੰਬਰ ਦੇ ਤਾਰੇ ਹੋਏ ਨੇ।


'ਸ਼ਾਮ' ਜਿਨ੍ਹਾਂ ਕੀਤੇ ਵਾਅਦੇ ਨਾ ਪੂਰੇ,
ਉਹ ਲੋਕ-ਮਨਾਂ ਵਿਚ ਲਾਰੇ ਹੋਏ ਨੇ।



**ਸ਼ਾਮ ਸਿੰਘ**
**98141-13338**

## ਦਲਿਤ ਨੂੰ ਮੁੱਖ ਮੰਤਰੀ ਕਿਉਂ ਨਹੀਂ ਬਣਾਇਆ ਜਾ ਸਕਦਾ- ਤਿਵਾੜੀ

**ਬਲਾਚੌਰ-** ਸ੍ਰੀ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਮਨੀਸ਼ ਤਿਵਾੜੀ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਪਛਾਣ ਦੀ ਸਿਆਸਤ ਤੋਂ ਦੂਰ ਰਹਿਣ। ਅਕਾਲੀ ਦਲ ਦੀ ਸਰਕਾਰ ਆਉਣ ’ਤੇ ਦਲਿਤ ਨੂੰ ਉਪ ਮੁੱਖ ਮੰਤਰੀ ਬਣਾਉਣ ਦੇ ਬਿਆਨ ’ਤੇ ਸ੍ਰੀ ਤਿਵਾੜੀ ਨੇ ਸੁਖਬੀਰ ਨੂੰ ਸੁਆਲ ਕੀਤਾ ਕਿ ਦਲਿਤ ਨੂੰ ਸਿਰਫ਼ ਉਪ ਮੁੱਖ ਮੰਤਰੀ ਹੀ ਕਿਉਂ ਬਣਾਇਆ ਜਾਵੇਗਾ, ਮੁੱਖ ਮੰਤਰੀ ਕਿਉਂ ਨਹੀਂ? ਤਿਵਾੜੀ ਨੇ ਕਿਹਾ ਕਿ ਜਦੋਂ ਪਛਾਣ ਦੀ ਸਿਆਸਤ ਦੀ ਗੱਲ ਤੋਰੀ ਜਾਂਦੀ ਹੈ, ਤਾਂ ਸਪੱਸ਼ਟ ਤੌਰ ’ਤੇ ਲੋਕ ਪੁੱਛਣਗੇ ਕਿ ਪੱਛੜੀ ਸ਼੍ਰੇਣੀ ਨਾਲ ਸਬੰਧਤ ਕੋਈ ਵਿਅਕਤੀ ਸੂਬੇ ਦਾ ਮੁੱਖ ਮੰਤਰੀ ਕਿਉਂ ਨਹੀਂ ਬਣ ਸਕਦਾ? ਉਨ੍ਹਾਂ ਸੁਖਬੀਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਪਛਾਣ ਦੀ ਸਿਆਸਤ ਦੇਸ਼ ਤੇ ਸੱਭਿਆਚਾਰ ਲਈ ਸਮੱਸਿਆ ਬਣ ਚੁੱਕੀ ਹੈ ਅਤੇ ਇਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਤਿੰਨ ਸ਼ਬਦਾਂ ’ਤੇ ਟਿਕੀ ਪੰਜਾਬ ਦੀ ਵਿਚਾਰਧਾਰਾ ਖ਼ਿਲਾਫ਼ ਹੈ। ਸਿੱਖ ਵਿਚਾਰਧਾਰਾ ਦੇ ਸੰਸਥਾਪਕ ਗੁਰੂ ਨਾਨਕ ਦੇਵ ਨੇ ਵੀ ਸਭ ਨੂੰ ਇੱਕੋ ਨਜ਼ਰ ਨਾਲ ਦੇਖਣ ਦਾ ਸੰਦੇਸ਼ ਦਿੱਤਾ ਸੀ। ਉਨ੍ਹਾਂ ਕਿਹਾ ਕਿ ਸੂਬੇ ਦੇ ਮੋਹਰੀ ਸਥਾਨ ’ਤੇ ਕਿਸੇ ਵਿਅਕਤੀ ਦੀ ਚੋਣ ਇਸ ਆਧਾਰ ’ਤੇ ਤੈਅ ਹੋਣੀ ਚਾਹੀਦੀ ਹੈ ਕਿ ਸੂਬਾ ਤਰੱਕੀ ਕਰੇ ਅਤੇ ਲੋਕਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਹੋਵੇ। ਉਨ੍ਹਾਂ ਕਿਹਾ ਕਿ ਉਹ ਸਮਾਜਿਕ ਨਿਆਂ ’ਤੇ ਪੂਰੀ ਤਰ੍ਹਾਂ ਨਾਲ ਭਰੋਸਾ ਰੱਖਦੇ ਹਨ ਪਰ ਛੋਟੇ ਸਿਆਸੀ ਉਦੇਸ਼ਾਂ ਦੀ ਪੂਰਤੀ ਖ਼ਾਤਰ ਸਮਾਜਿਕ ਨਿਆਂ ਦੀ ਦੁਰਵਰਤੋਂ ਦੇ ਪੂਰੀ ਤਰ੍ਹਾਂ ਖ਼ਿਲਾਫ਼ ਹਨ।



### ਸ਼ਰਧਾਂਜਲੀ

# ਬਾਬੂ ਮੰਗੂ ਰਾਮ ਮੁੱਗੋਵਾਲੀਆ ਨੂੰ ਯਾਦ ਕਰਦਿਆਂ ! ਇੰਗਲੈਂਡ 'ਚ ਡਾ.ਅੰਬੇਡਕਰ ਨੂੰ ਦਲਿਤਾਂ ਦਾ ਆਗੂ ਬਣਾਉਣ ਵਿੱਚ ਅਹਿਮ ਰੋਲ

## ਆਦਿ-ਧਰਮੀ, ਬਹੁਜਨ, ਮਾਨਵਪੱਖੀ ਸੋਚ ਦੇ ਪਹਿਰੇਦਾਰਾਂ ਨੂੰ ਏਕਤਾ ਦੀ ਲੋੜ

ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ ਜਨਮ 14 ਜਨਵਰੀ 1886 ਨੂੰ ਹੋਇਆ। ਬਾਬੂ ਮੰਗੂ ਰਾਮ ਜੀ ਚੌਧਰੀ ਦੇ ਨਾਮ ਨਾਲ ਮਸ਼ਹੂਰ ਇੱਕ ਭਾਰਤੀ ਸੁਤੰਤਰਤਾ ਸੰਗਰਾਮੀ, ਪੰਜਾਬ ਦੇ ਇੱਕ ਰਾਜਨੇਤਾ ਅਤੇ ਗਦਰ ਪਾਰਟੀ ਦੇ ਸੰਸਥਾਪਕ ਮੈਂਬਰਾਂ ਵਿੱਚੋਂ ਇੱਕ ਸਨ।

1909 ਵਿੱਚ ਉਹ ਸੰਯੁਕਤ ਰਾਜ ਅਮਰੀਕਾ ਚਲੇ ਗਏ ਅਤੇ ਗਦਰ ਪਾਰਟੀ ਨਾਲ ਜੁੜ ਗਏ। 1925 ਵਿੱਚ ਭਾਰਤ ਵਾਪਸ ਆਉਣ ਤੋਂ ਬਾਅਦ ਉਹ ਅਛੂਤ (ਦਲਿਤ) ਜਾਤੀ ਦੇ ਲੋਕਾਂ ਦੇ ਨੇਤਾ ਬਣ ਗਏ ਅਤੇ ਉਹਨਾਂ ਨੂੰ ਅਛੂਤ ਹੋਣ ਦੀ ਵਿਵਸਥਾ ਦੇ ਵਿਰੋਧ ਵਿੱਚ ਇੱਕਮੁੱਠ ਕੀਤਾ। ਜਿਹਨਾਂ 'ਤੇ ਬਹੁਤ ਜੁਲਮ ਹੋ ਰਹੇ ਸਨ। ਆਦਿ-ਧਰਮ ਅੰਦੋਲਨ ਜੋ ਉਸ ਸਮੇਂ ਅਛੂਤਾਂ ਲਈ ਬਰਾਬਰੀ ਦੇ ਹੱਕ ਹਾਸਲ ਕਰਨ ਲਈ ਸਮਰਪਿਤ ਸੀ, ਦੀ ਨੀਂਹ ਰੱਖਣ ਵਿੱਚ ਬਾਬੂ ਜੀ ਨੇ ਅਹਿਮ ਭੂਮਿਕਾ ਨਿਭਾਈ ਸੀ।

ਬਾਬੂ ਮੰਗੂ ਰਾਮ ਜੀ ਦਾ ਜਨਮ ਪਿਤਾ ਹਰਮਨ ਦਾਸ ਅਤੇ ਮਾਤਾ ਅਤਰੀ ਦੇ ਘਰ ਪਿੰਡ ਮੁੱਗੋਵਾਲ, ਜ਼ਿਲ੍ਹਾ

ਹਾਂ। ਗੁਲਾਮੀ ਤੋਂ ਛੁਟਕਾਰੇ ਲਈ ਬਾਬੂ ਜੀ ਨੇ ਪੱਛੜੀਆਂ ਸ਼੍ਰੇਣੀਆਂ ਦੀ 11-12 ਜੂਨ 1926 ਨੂੰ ਪਿੰਡ ਮੁੱਗੋਵਾਲ ਵਿਖੇ ਦੋ ਰੋਜਾ ਕਾਨਫਰੰਸ ਦਾ ਆਯੋਜਨ ਕੀਤਾ।

ਕਾਨਫਰੰਸ ਵਿੱਚ ਪੰਜਾਬ ਭਰ ਤੋਂ ਪੱਛੜੀਆਂ ਸ਼੍ਰੇਣੀਆਂ ਵਾਲਮੀਕਿ, ਆਦਿ-ਧਰਮੀ, ਸਾਂਸੀ, ਭੰਜੜੇ, ਗੰਧੀਲੇ, ਬਰੜ, ਜੁਲਾਹੇ, ਮੇਘ, ਚੰਬਾਰ, ਕਬੀਰ ਪੰਥੀ, ਮਹਾਸੇ, ਡੋਮ, ਜਟੀਏ ਆਦਿ ਜਾਤਾਂ ਨੂੰ ਨੁਮਾਇੰਦਿਆਂ ਨੇ ਭਾਗ ਲਿਆ। ਅਛੂਤਾਂ ਤੋਂ ਇਲਾਵਾ ਦੂਸਰੇ ਮਜ਼ਹਬਾਂ ਈਸਾਈਆਂ, ਸਿੱਖਾਂ, ਮੁਸਲਮਾਨਾਂ, ਸਨਾਤਨੀ ਅਤੇ ਆਰੀਆ ਸਮਾਜੀਆਂ ਦੇ ਸਨਮਾਨ ਯੋਗ ਲੋਕ ਵੀ ਸ਼ਾਮਿਲ ਹੋਏ। ਇਸ ਕਰਕੇ ਇਹ ਇੱਕ ਸਫ਼ਲ ਕਾਨਫਰੰਸ ਸੀ।

ਅਛੂਤਾਂ ਦੇ ਨੁਮਾਇੰਦਿਆਂ ਨੇ ਆਪਣੇ ਹਾਲਾਤਾਂ ਸੰਬੰਧੀ ਵਿਚਾਰ ਸਪੱਸ਼ਟ ਅਤੇ ਗੱਜ-ਵੱਜ ਕੇ ਕਹੇ ਉਹਨਾਂ ਨੇ ਸਾਰੇ ਪਾਖੰਡੀ ਧਰਮਾਂ ਬਾਰੇ ਦੱਸ ਕੇ ਪਾਜ ਉਘੇੜੇ। ਦੂਸਰੇ ਧਰਮਾਂ ਦੀਆਂ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਉਹਨਾਂ ਦੀ ਜ਼ਬਰਦਸਤ ਆਲੋਚਨਾ ਕੀਤੀ। ਬੇਹੱਦ ਬਹਿਸ ਅਤੇ ਦਲੀਲਬਾਜੀ ਤੋਂ ਬਾਅਦ ਰਿਸ਼ੀ ਵਾਲਮੀਕਿ, ਗੁਰੂ ਰਵਿਦਾਸ, ਗੁਰੂ ਕਬੀਰ ਅਤੇ ਗੁਰੂ

ਹੇਠ 1932 ਨੂੰ ਜਦੋਂ ਮਹਾਤਮਾ ਗਾਂਧੀ ਨੇ ਗੋਲਮੇਜ਼ ਕਾਨਫ਼ਰੰਸ ਲੰਡਨ ਵਿੱਚ ਐਲਾਨ ਕੀਤਾ ਕਿ ਉਹ ਹੀ ਦਲਿਤਾਂ (ਅਛੂਤਾਂ) ਦਾ ਆਗੂ ਹੈ ਤਾਂ ਬਾਬੂ ਮੰਗੂ ਰਾਮ ਜੀ ਨੇ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਨੂੰ ਆਪਣਾ ਭਾਵ ਦਲਿਤਾਂ (ਅਛੂਤਾਂ) ਦਾ ਆਗੂ ਮੰਨਿਆ ਅਤੇ ਬਾਬਾ ਸਾਹਿਬ ਦੇ ਹੱਕ ਵਿੱਚ ਤਾਰਾਂ (ਟੈਲੀਗ੍ਰਾਮ) ਭੇਜੀਆਂ ਤੇ ਲਿਖਿਆ ਕਿ ਸਾਡੇ ਅਛੂਤਾਂ ਦੇ ਆਗੂ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਹੀ ਹਨ।

### ਸੰਘਰਸ਼ 'ਤੇ ਪੰਛੀ ਝਾਤ

ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਜਾਤ-ਆਧਾਰਿਤ ਵਿਤਕਰੇ ਨੂੰ ਆਪਣੇ ਤਨ-ਬਦਨ 'ਤੇ ਹੰਢਾਇਆ। 1909 ਵਿੱਚ ਯੂ.ਐਸ.ਏ. ਚਲੇ ਗਏ ਅਤੇ ਗਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾਂ ਦੇ ਸੰਪਰਕ ਵਿੱਚ ਆਏ ਅਤੇ ਇਸ ਲਹਿਰ ਵਿੱਚ ਕੰਮ ਕੀਤਾ ਉਪਰੰਤ ਫਿਲਪਾਈਨ (ਮਨੀਲਾ) ਸ਼੍ਰੀ ਲੰਕਾ ਹੁੰਦੇ ਹੋਏ 1925 ਵਿੱਚ ਵਤਨ ਪਰਤੇ ਅਤੇ ਆਪਣੇ ਪਿੰਡ ਪਹਿਲਾ ਆਦਿ-ਧਰਮ ਪ੍ਰਾਇਮਰੀ ਸਕੂਲ ਖੋਲ੍ਹਿਆ ਅਤੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ


ਸੰਤੋਖ ਜੱਸੀ (ਸਰਪੰਚ)
98766-58364

ਆਗੂ, ਬਾਨੀ ਆਦਿ-ਧਰਮ ਅਤੇ ਆਦਿ-ਧਰਮ ਦੀ ਲਹਿਰ, ਸਾਡੇ ਇਤਿਹਾਸ ਦਾ ਇੱਕ ਸ਼ਾਨਦਾਰ ਪੰਨਾ ਹੈ।

### ਬਾਬਾ ਸਾਹਿਬ ਦਾ ਸਵਾਗਤ

ਬਾਬੂ ਮੰਗੂ ਰਾਮ ਮੁੱਗੋਵਾਲੀਆ ਪ੍ਰਧਾਨ ਆਦਿ-ਧਰਮ ਮੰਡਲ ਅਤੇ ਮੰਡਲ ਦੇ ਹੋਰ ਤਮਾਮ ਅਹੁੱਦੇਦਾਰਾਂ ਅਤੇ ਮੈਂਬਰਾਂ ਨੇ ਅਤੇ ਸਮਾਜ ਦੇ ਸ਼ੁੱਭਚਿੰਤਕਾਂ ਨੇ ਬਾਬਾ ਸਾਹਿਬ ਦਾ ਸਵਾਗਤ ਕਰਦਿਆਂ ਕਿਹਾ ਕਿ "ਅਸੀਂ ਖੁਸ਼ੀ ਨਾਲ ਯਕੀਨ ਕਰਦੇ ਹਾਂ ਕਿ ਆਪ ਦੇ ਹੱਥ ਵਿੱਚ ਸਾਡੇ ਹੱਕ ਸੁਰੱਖਿਅਤ ਹਨ। ਆਉਣ ਵਾਲੀਆਂ ਪੀੜ੍ਹੀਆਂ ਡਿਪ੍ਰੈੱਸਡ ਕਲਾਸਜ਼ ਦੇ ਚੈਂਪੀਅਨ ਵਜੋਂ ਸੁਨਹਿਰੀ ਅੱਖਰਾਂ ਵਿੱਚ ਆਪ ਨੂੰ ਯਾਦ ਕਰੇਗੀ।"




**ਬਾਬੂ ਮੰਗੂ ਰਾਮ ਜੀ ਨੂੰ 7 ਸਾਲ ਦੀ ਉਮਰ ਤੱਕ ਪਿੰਡ ਦੇ ਇੱਕ ਸੰਤ ਨੇ ਸਿੱਖਿਆ ਦਿੱਤੀ। ਬਾਬੂ ਮੰਗੂ ਰਾਮ ਜੀ ਨੇ ਮੁੱਗੋਵਾਲ ਖੇਤਰ ਅਤੇ ਦੇਹਰਾਦੂਨ ਦੇ ਸਕੂਲਾਂ ਵਿੱਚ ਪੜ੍ਹਾਈ ਕੀਤੀ। ਜ਼ਿਆਦਾਤਰ ਸਕੂਲਾਂ ਵਿੱਚ ਬਾਬੂ ਮੰਗੂ ਰਾਮ ਜੀ ਇਕਲੌਤੇ ਦਲਿਤ ਵਿਦਿਆਰਥੀ ਸਨ। ਉਹਨਾਂ ਨੂੰ ਜਮਾਤ ਦੇ ਪਿਛਲੇ ਪਾਸੇ ਜਾਂ ਵੱਖਰੇ ਕਮਰੇ ਵਿੱਚ ਬੈਠਣ ਲਈ ਮਜਬੂਰ ਕੀਤਾ ਜਾਂਦਾ ਸੀ ਅਤੇ ਕਮਰੇ ਦੇ ਬਾਹਰ ਖੜ੍ਹੇ ਹੋ ਕੇ ਪੜ੍ਹਨਾ ਪਿਆ। ਜਦੋਂ ਉਹ ਬਜਵਾੜਾ ਦੇ ਹਾਈ ਸਕੂਲ ਵਿੱਚ ਪੜ੍ਹਦੇ ਸਨ ਤਾਂ ਉਹਨਾਂ ਨੂੰ ਕਮਰੇ ਦੇ ਬਾਹਰ ਰੁਕਣ ਲਈ ਮਜਬੂਰ ਕੀਤਾ ਗਿਆ ਅਤੇ ਖਿੜਕੀਆਂ ਰਾਹੀਂ ਕਲਾਸਾਂ ਸੁਣਦੇ ਸਨ। ਇੱਕ ਵਾਰ ਬਾਬੂ ਮੰਗੂ ਰਾਮ ਜੀ ਭਾਰੀ ਗੜ੍ਹੇਮਾਰੀ ਦੇ ਦੌਰਾਨ ਜਮਾਤ ਅੰਦਰ ਦਾਖਲ ਹੋ ਗਏ ਤਾਂ ਉਹਨਾਂ ਦੇ ਇੱਕ ਬ੍ਰਾਹਮਣ ਅਧਿਆਪਕ ਨੇ ਉਹਨਾਂ ਨੂੰ ਕੁੱਟਿਆ ਤੇ ਜਲੀਲ ਕੀਤਾ ਅਤੇ ਜਮਾਤ ਦੇ ਸਾਰੇ ਫਰਨੀਚਰ, ਜੋ ਇੱਕ ਅਛੂਤ ਦੇ ਜਮਾਤ ਅੰਦਰ ਆਉਣ ਨਾਲ ਭਿੱਟਿਆ ਗਿਆ ਮੰਨਿਆ ਗਿਆ ਸੀ, ਬਾਹਰ ਮੀਂਹ ਵਿੱਚ ਬੇਇੱਜ਼ਤ ਕੀਤਾ ਗਿਆ ਅਤੇ ਫਰਨੀਚਰ ਜਬਰੀ ਸਾਫ਼ ਕਰਵਾਇਆ ਗਿਆ। ਇਸ ਦੇ ਬਾਵਜੂਦ ਬਾਬੂ ਮੰਗੂ ਰਾਮ ਜੀ ਇੱਕ ਚੰਗੇ ਵਿਦਿਆਰਥੀ ਸਨ।**

ਹੁਸ਼ਿਆਰਪੁਰ, ਪੰਜਾਬ ਰਾਜ, ਬ੍ਰਿਟਿਸ਼ ਭਾਰਤ ਦੇ ਇੱਕ ਚਮਾਰ ਪਰਿਵਾਰ ਵਿੱਚ ਹੋਇਆ। ਜਦੋਂ ਬਾਬੂ ਮੰਗੂ ਰਾਮ ਜੀ 3 ਸਾਲਾਂ ਦੇ ਸਨ ਤਾਂ ਉਹਨਾਂ ਦੀ ਮਾਤਾ ਅਤਰੀ ਦੀ ਮੌਤ ਹੋ ਗਈ। ਬਾਬੂ ਮੰਗੂ ਰਾਮ ਜੀ ਦੇ ਪਿਤਾ ਨੂੰ ਆਪਣੀ ਜ਼ਿੰਦਗੀ ਦੇ ਹਰ ਪੜਾਅ 'ਤੇ ਵਿਤਕਰੇ ਦਾ ਸਾਹਮਣਾ ਕਰਨਾ ਪਿਆ। ਇਸ ਲਈ ਉਹ ਨਹੀਂ ਚਾਹੁੰਦੇ ਸਨ ਕਿ ਉਹਨਾਂ ਦੇ ਪੁੱਤਰ ਨੂੰ ਵੀ ਅਜਿਹੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇ। ਇਸ ਲਈ ਬਾਬੂ ਮੰਗੂ ਰਾਮ ਜੀ ਨੂੰ ਮੁੱਢਲੀ ਵਿੱਦਿਆ ਲਈ ਸਕੂਲ ਵਿੱਚ ਦਾਖਲ ਕਰਵਾਇਆ।

ਬਾਬੂ ਮੰਗੂ ਰਾਮ ਜੀ ਨੂੰ 7 ਸਾਲ ਦੀ ਉਮਰ ਤੱਕ ਪਿੰਡ ਦੇ ਇੱਕ ਸੰਤ ਨੇ ਸਿੱਖਿਆ ਦਿੱਤੀ। ਬਾਬੂ ਮੰਗੂ ਰਾਮ ਜੀ ਨੇ ਮੁੱਗੋਵਾਲ ਖੇਤਰ ਅਤੇ ਦੇਹਰਾਦੂਨ ਦੇ ਸਕੂਲਾਂ ਵਿੱਚ ਪੜ੍ਹਾਈ ਕੀਤੀ। ਜ਼ਿਆਦਾਤਰ ਸਕੂਲਾਂ ਵਿੱਚ ਬਾਬੂ ਮੰਗੂ ਰਾਮ ਜੀ ਇਕਲੌਤੇ ਦਲਿਤ ਵਿਦਿਆਰਥੀ ਸਨ। ਉਹਨਾਂ ਨੂੰ ਜਮਾਤ ਦੇ ਪਿਛਲੇ ਪਾਸੇ ਜਾਂ ਵੱਖਰੇ ਕਮਰੇ ਵਿੱਚ ਬੈਠਣ ਲਈ ਮਜਬੂਰ ਕੀਤਾ ਜਾਂਦਾ ਸੀ ਅਤੇ ਕਮਰੇ ਦੇ ਬਾਹਰ ਖੜ੍ਹੇ ਹੋ ਕੇ ਪੜ੍ਹਨਾ ਪਿਆ। ਜਦੋਂ ਉਹ ਬਜਵਾੜਾ ਦੇ ਹਾਈ ਸਕੂਲ ਵਿੱਚ ਪੜ੍ਹਦੇ ਸਨ ਤਾਂ ਉਹਨਾਂ ਨੂੰ ਕਮਰੇ ਦੇ ਬਾਹਰ ਰੁਕਣ ਲਈ ਮਜਬੂਰ ਕੀਤਾ ਗਿਆ ਅਤੇ ਖਿੜਕੀਆਂ ਰਾਹੀਂ ਕਲਾਸਾਂ ਸੁਣਦੇ ਸਨ। ਇੱਕ ਵਾਰ ਬਾਬੂ ਮੰਗੂ ਰਾਮ ਜੀ ਭਾਰੀ ਗੜ੍ਹੇਮਾਰੀ ਦੇ ਦੌਰਾਨ ਜਮਾਤ ਅੰਦਰ ਦਾਖਲ ਹੋ ਗਏ ਤਾਂ ਉਹਨਾਂ ਦੇ ਇੱਕ ਬ੍ਰਾਹਮਣ ਅਧਿਆਪਕ ਨੇ ਉਹਨਾਂ ਨੂੰ ਕੁੱਟਿਆ ਤੇ ਜਲੀਲ ਕੀਤਾ ਅਤੇ ਜਮਾਤ ਦੇ ਸਾਰੇ ਫਰਨੀਚਰ, ਜੋ ਇੱਕ ਅਛੂਤ ਦੇ ਜਮਾਤ ਅੰਦਰ ਆਉਣ ਨਾਲ ਭਿੱਟਿਆ ਗਿਆ ਮੰਨਿਆ ਗਿਆ ਸੀ, ਬਾਹਰ ਮੀਂਹ ਵਿੱਚ ਬੇਇੱਜ਼ਤ ਕੀਤਾ ਗਿਆ ਅਤੇ ਫਰਨੀਚਰ ਜਬਰੀ ਸਾਫ਼ ਕਰਵਾਇਆ ਗਿਆ। ਇਸ ਦੇ ਬਾਵਜੂਦ ਬਾਬੂ ਮੰਗੂ ਰਾਮ ਜੀ ਇੱਕ ਚੰਗੇ ਵਿਦਿਆਰਥੀ ਸਨ। ਉਹ ਪ੍ਰਾਇਮਰੀ ਸਕੂਲ ਵਿੱਚ ਆਪਣੀ ਜਮਾਤ ਵਿੱਚੋਂ ਤੀਜੇ ਨੰਬਰ 'ਤੇ ਆਏ ਸਨ। ਜਦੋਂ ਕਿ ਦੂਸਰੇ ਵਿਦਿਆਰਥੀਆਂ ਨੂੰ ਪਟਵਾਰੀ ਬਣਨ ਜਾਂ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ ਗਿਆ। ਬਾਬੂ ਮੰਗੂ ਰਾਮ ਜੀ ਨੂੰ ਸਕੂਲ ਛੱਡਣ ਤੋਂ ਬਾਅਦ ਉਹਨਾਂ ਦੇ ਪਿਤਾ ਨੇ ਚਮਾਰ ਕੌਮ ਦੀ ਮਦਦ ਕਰਨ ਲਈ ਉਤਸ਼ਾਹਿਤ ਕੀਤਾ।

### ਆਦਿ-ਧਰਮ ਲਹਿਰ ਦੀ ਪਹਿਲੀ ਦਲਿਤ ਕਾਨਫਰੰਸ

ਬਾਬੂ ਮੰਗੂ ਰਾਮ ਨੇ ਅਮਰੀਕਾ ਤੋਂ ਵਾਪਸ ਪੰਜਾਬ ਆ ਕੇ ਪਿੰਡ-ਪਿੰਡ ਜਾ ਕੇ ਆਤਮ ਸਨਮਾਨ ਲਈ ਜਹਾਦ ਖੜ੍ਹਾ ਕਰ ਦਿੱਤਾ ਕਿ "ਅਸੀਂ ਦੋਹਰੇ ਗੁਲਾਮ ਹਾਂ।" ਇੱਕ ਪਾਸੇ ਅਸੀਂ ਅੰਗਰੇਜਾਂ ਦੇ ਗੁਲਾਮ ਹਾਂ, ਦੂਜੇ ਪਾਸੇ ਅਸੀਂ ਹਿੰਦੂਆਂ ਦੇ ਗੁਲਾਮ

ਨਾਮਦੇਵ ਜੀ ਦੀਆਂ ਸਿੱਖਿਆਵਾਂ ਤੋਂ ਪ੍ਰੇਰਣਾ ਲੈ ਕੇ ਇਹ ਫੈਸਲਾ ਕੀਤਾ ਗਿਆ ਕਿ ਅਛੂਤਾਂ ਨੂੰ ਆਦਿ-ਧਰਮੀ ਕਿਹਾ ਜਾਵੇ। ਕਾਨਫਰੰਸ ਵਿੱਚ ਸਰਬਸੰਮਤੀ ਨਾਲ 25 ਮਤੇ ਪਾਸ ਕੀਤੇ ਗਏ। ਇੱਕ ਸੌ ਮੈਂਬਰੀ ਕਮੇਟੀ ਬਣਾਈ। ਆਦਿ-ਧਰਮ ਮੰਡਲ ਦੀ ਸਥਾਪਨਾ ਕੀਤੀ ਗਈ ਅਤੇ ਮੰਡਲ ਦਾ ਮੁੱਖ ਦਫ਼ਤਰ ਜਲੰਧਰ ਵਿਖੇ ਸਥਾਪਿਤ ਕੀਤਾ ਗਿਆ।

11-12 ਜੂਨ ਦਿਨ ਐਤਵਾਰ-ਸੋਮਵਾਰ 1926 ਨੂੰ ਮੁੱਗੋਵਾਲ ਵਿਖੇ ਸ੍ਰੀ ਸੀ ਐਲ ਚੁੰਬਰ ਦੁਆਰਾ ਪ੍ਰਕਾਸਿਤ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਾਰ (1985) ਵਿਚ ਪਹਿਲਾ ਜਾਣਕਾਰੀ ਭਰਪੂਰ ਛਪਿਆਂ ਇਸ਼ਤਿਹਾਰ ਪ੍ਰਕਾਸਿਤ ਹੋਇਆ।

ਅਮਰੀਕਾ ਤੋਂ ਵਾਪਸ ਆਉਣ ਤੋਂ ਬਾਅਦ ਬਾਬੂ ਮੰਗੂ ਰਾਮ ਜੀ ਨੇ ਆਪਣੇ ਗ੍ਰਹਿ ਪਿੰਡ ਮੁੱਗੋਵਾਲ ਵਿਖੇ ਇੱਕ ਪ੍ਰਾਇਮਰੀ ਸਕੂਲ ਵਿੱਚ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਜਿਸਦਾ ਨਾਮ ਉਹਨਾਂ ਨੇ ਆਦਿ-ਧਰਮ ਸਕੂਲ ਰੱਖਿਆ। ਇਹ ਉਹੀ ਸਕੂਲ ਸੀ, ਜਿੱਥੇ ਬਾਬੂ ਮੰਗੂ ਰਾਮ ਜੀ ਨੇ ਸਭ ਤੋਂ ਪਹਿਲਾਂ ਮੀਟਿੰਗ ਬੁਲਾਈ। ਜਿਸ ਨੇ ਆਦਿ-ਧਰਮ ਲਹਿਰ ਦੀ ਰਸਮੀ ਸ਼ੁਰੂਆਤ ਕੀਤੀ। ਆਦਿ-ਧਰਮ ਲਹਿਰ ਦੀ ਸਥਾਪਨਾ ਬ੍ਰਾਹਮਣਵਾਦੀ ਵਿਵਸਥਾ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਕੀਤੀ ਗਈ ਸੀ। ਜਿਸ ਨੇ ਦਲਿਤਾਂ ਦੇ ਸਮਾਜਿਕ ਢਾਂਚੇ ਨੂੰ ਨੀਵਾਂ ਕੀਤਾ ਹੋਇਆ ਸੀ। ਦਲਿਤਾਂ ਵਲੋਂ ਜਾਤੀ ਨਾਲ ਭਰੇ ਸਮਾਜ ਵਿੱਚ ਬਰਾਬਰੀ ਹਾਸਲ ਕਰਨ ਲਈ ਇਹ ਸ਼ਾਨਦਾਰ ਕਦਮ ਸੀ। ਆਦਿ-ਧਰਮ ਅੰਦੋਲਨ ਦੇ ਜ਼ਰੀਏ, ਬਾਬੂ ਮੰਗੂ ਰਾਮ ਜੀ ਨੇ ਉੱਤਰੀ-ਭਾਰਤ ਵਿੱਚ ਦਲਿਤ ਅੰਦੋਲਨ ਦੀ ਸ਼ੁਰੂਆਤ ਕੀਤੀ।

ਬਾਬੂ ਮੰਗੂ ਰਾਮ ਜੀ ਨੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਅਤੇ ਉਹਨਾਂ ਨੂੰ ਜਾਗਰੂਕ ਕਰਨ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ। ਉਹਨਾਂ ਦਾ ਰਾਹ ਮੁਸ਼ਕਿਲਾਂ ਨਾਲ ਘਿਰਿਆ ਹੋਇਆ ਸੀ। ਉਹਨਾਂ ਨੂੰ ਮੁਸ਼ਕਿਲਾਂ ਅਤੇ ਮੁਸ਼ਕਿਲ ਹਾਲਾਤਾਂ ਦੇ ਵਿਰੁੱਧ ਕੰਮ ਕਰਨਾ ਪਿਆ। ਬਾਬੂ ਮੰਗੂ ਰਾਮ ਜੀ ਦੁਆਰਾ ਲਿਆਂਦਾ ਗਿਆ ਸੰਦੇਸ਼ ਨਵਾਂ ਅਤੇ ਪ੍ਰੇਰਣਾਦਾਇਕ ਸੀ। ਇਸ ਦਾ ਉਦੇਸ਼ ਅਛੂਤਾਂ ਨੂੰ ਜਾਗਰੂਕ ਕਰਨਾ ਸੀ। ਸੰਦੇਸ਼ ਵਿੱਚ ਉਹਨਾਂ ਨੂੰ ਆਪਣੇ ਆਪ ਨੂੰ ਜਾਣਨ ਅਤੇ ਮਹਿਸੂਸ ਕਰਨ ਲਈ ਕਿਹਾ ਗਿਆ, ਕਿਉਂਕਿ ਉਹ ਦੁਸ਼ਮਣਾਂ ਦੇ ਪ੍ਰਭਾਵਾਂ ਕਾਰਨ ਆਪਣੇ ਸੱਚੇ ਆਪੇ ਨੂੰ ਭੁੱਲ ਗਏ ਹਨ। ਜਿਸ ਵਿੱਚ ਉਹ ਹਜ਼ਾਰਾਂ ਸਾਲਾਂ ਤੋਂ ਜੀ ਰਹੇ ਸਨ। ਇਹ ਕਲਪਨਾ ਅਤੇ ਦੱਬੇ-ਕੁੱਚਲੇ ਲੋਕਾਂ ਦੇ ਦਿਲਾਂ ਨੂੰ ਫੜ ਲਿਆ।

ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਅਗਵਾਈ

ਕਰ ਦਿੱਤਾ। 11-12 ਜੂਨ 1926 ਨੂੰ ਇਸ ਸਕੂਲ ਵਿੱਚ ਇੱਕ ਵਿਸ਼ਾਲ ਜਲਸਾ ਕੀਤਾ, ਜਿਸ ਵਿੱਚ ਚੂਹੜੇ-ਚਮਾਰ ਦੀ ਜਗ੍ਹਾ 'ਆਦਿ-ਧਰਮੀ' ਨਾਂ ਵਰਤਣ ਦਾ ਫੈਸਲਾ ਹੋਇਆ। ਆਦਿ-ਧਰਮ ਮੰਡਲ ਦੀ ਸਥਾਪਨਾ ਕੀਤੀ। ਇਸ ਸੰਮੇਲਨ ਵਿੱਚ ਦਲਿਤ ਵਰਗਾਂ ਦੀਆਂ ਗਰੀਬ 36 ਜਾਤਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਬਾਬੂ ਮੰਗੂ ਰਾਮ ਆਦਿ-ਧਰਮ ਮੰਡਲ ਦੇ ਪਹਿਲੇ ਪ੍ਰਧਾਨ ਥਾਪੇ ਗਏ। ਮੰਡਲ ਦਾ ਮੁੱਖ ਦਫ਼ਤਰ ਜਲੰਧਰ ਵਿਖੇ ਸਥਾਪਿਤ ਕੀਤਾ ਗਿਆ। ਜਨਵਰੀ 1928 ਨੂੰ ਸਾਈਮਨ ਕਮਿਸ਼ਨ ਸਾਹਮਣੇ ਆਪਣਾ ਪੱਖ ਪੇਸ਼ ਕਰਦਿਆਂ ਬਾਬੂ ਮੰਗੂ ਰਾਮ ਨੇ ਸਬੂਤਾਂ ਸਹਿਤ ਦੱਸਿਆ ਕਿ ਉਹ ਆਦਿ-ਧਰਮੀ, ਹਿੰਦੂ, ਮੁਸਲਮਾਨ, ਸਿੱਖ ਜਾਂ ਈਸਾਈ ਨਹੀਂ। ਲੰਮੇ ਸੰਘਰਸ਼ ਅਤੇ ਦਲੀਲਬਾਜੀ ਤੋਂ ਬਾਅਦ ਦਲਿਤਾਂ ਨੂੰ 'ਆਦਿ-ਧਰਮ' ਜਾਂ 'ਆਦਿ-ਧਰਮੀ' ਹੋਣ ਦਾ ਨਾਂ ਮਨਜ਼ੂਰ ਹੋਇਆ। ਜਨਵਰੀ 1928 ਵਿੱਚ 15 ਮੰਨੇ-ਪ੍ਰਮੰਨੇ ਵਿਅਕਤੀਆਂ ਦਾ ਡੈਪੂਟੇਸ਼ਨ ਰੋਇਲ ਕਮਿਸ਼ਨ ਸਾਹਮਣੇ ਪੇਸ਼ ਹੋਇਆ ਸੀ। ਸੰਨ 1929 ਵਿੱਚ ਪੰਜਾਬ ਦੇ ਗਵਰਨਰ ਜਲੰਧਰ ਆਏ ਤਾਂ ਬਾਬੂ ਜੀ ਨੇ 300 ਵਿਅਕਤੀਆਂ ਦੇ ਨਾਲ ਉਸ ਨਾਲ ਮੁਲਾਕਾਤ ਕੀਤੀ ਅਤੇ ਮੈਮੋਰੰਡਮ ਦਿੱਤਾ। 1930 ਵਿੱਚ ਆਦਿ-ਧਰਮ ਮੰਡਲ ਦਾ ਨਾਮ ਰਜਿਸਟਰਡ ਹੋ ਗਿਆ। 1931 ਦੀ ਮਰਦਮਸ਼ੁਮਾਰੀ ਵਿੱਚ ਲੱਖਾਂ ਲੋਕਾਂ ਨੇ ਆਪਣੇ ਆਪ ਨੂੰ ਆਦਿ-ਧਰਮੀ ਲਿਖਵਾਇਆ। ਸੰਨ 1932 ਵਿੱਚ ਲੰਡਨ ਗੋਲਮੇਜ਼ ਕਾਨਫਰੰਸ ਦੇ ਦੂਜੇ ਸੈਸ਼ਨ ਵਿੱਚ ਆਦਿ-ਧਰਮ ਮੰਡਲ ਵਲੋਂ, ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੇ ਪੱਖ ਵਿੱਚ 57 ਟੈਲੀਗ੍ਰਾਮਾਂ ਭੇਜੀਆਂ ਗਈਆਂ। ਉਸ ਵੇਲੇ ਬਾਬਾ ਸਾਹਿਬ ਗਾਂਧੀ ਦੇ ਮੁਕਾਬਲੇ 7 ਵੋਟਾਂ ਨਾਲ ਅਛੂਤਾਂ (ਡਿਪ੍ਰੈੱਸਡ ਕਲਾਸਾਂ) ਦੇ ਆਗੂ ਪ੍ਰਵਾਨੇ ਗਏ। ਇਸ ਹਾਰ ਕਾਰਨ ਗਾਂਧੀ ਜੀ ਨੂੰ ਵਾਪਸ ਭਾਰਤ ਪਰਤਣਾ ਪਿਆ। ਕਮਿਊਨਲ ਐਵਾਰਡ ਵਿਰੁੱਧ ਗਾਂਧੀ ਨੇ ਮਰਨ ਵਰਤ ਰੱਖਿਆ ਤਾਂ ਮੁਕਾਬਲੇ 'ਤੇ ਬਾਬੂ ਮੰਗੂ ਰਾਮ ਨੇ ਵੀ ਵਰਤ ਰੱਖਿਆ ਸੀ। ਆਦਿ-ਧਰਮ ਮੰਡਲ ਜਲੰਧਰ ਨੇ ਸਪਤਾਹਿਕ 'ਆਦਿ-ਡੰਕਾ' ਅਖ਼ਬਾਰ ਵੀ ਕੱਢਿਆ। ਸੰਨ 1946 ਵਿੱਚ ਬਾਬੂ ਜੀ ਐਮ.ਐਲ.ਏ. ਚੁਣੇ ਗਏ। ਫਰੀਡਮ ਫਾਈਟਰ ਤੌਰ 'ਤੇ 15 ਅਗਸਤ 1972 ਨੂੰ ਸ਼੍ਰੀਮਤੀ ਇੰਦਰਾ ਗਾਂਧੀ ' ਪੱਤਰ' ਦੇ ਕੇ ਸਨਮਾਨਿਤ ਕੀਤਾ ਤੇ 200/- ਰੁਪਏ ਮਹੀਨਾ ਪੈਨਸ਼ਨ ਲੱਗੀ। 22 ਮਈ 1977 'ਆਦਿ-ਧਰਮ' ਬ੍ਰਦਰਹੁੱਡ ਯੂ.ਕੇ. ਦੇ ਸੱਦੇ 'ਤੇ 6 ਮਹੀਨੇ ਲਈ ਇੰਗਲੈਂਡ ਦੀ ਯਾਤਰਾ 'ਤੇ ਗਏ। ਅੰਤ 22 ਅਪ੍ਰੈਲ 1980 ਨੂੰ 94 ਸਾਲ ਦੀ ਉਮਰ 'ਚ ਦੇਸ਼ ਕੌਮ ਦਾ ਨਿਧੜਕ ਯੋਧਾ ਸਾਥੋਂ ਸਦਾ ਲਈ ਵਿੱਛੜ ਗਿਆ। ਇਹ ਗਦਰੀ

**ਪੂਨਾ ਪੈਕਟ:-** ਪੂਨਾ ਪੈਕਟ ਮੁਤਾਬਿਕ 175 ਸੀਟਾਂ ਅਛੂਤਾਂ ਦੇ ਹਿੱਸੇ ਆਈਆਂ। ਪੰਜਾਬ ਦੇ ਹਿੱਸੇ 8 ਸੀਟਾਂ ਆਈਆਂ। 7 ਸੀਟਾਂ 'ਤੇ ਆਦਿ-ਧਰਮ ਮੰਡਲ ਦੇ ਉਮੀਦਵਾਰ ਸਫ਼ਲ ਹੋਏ।

### ਕਾਂਸ਼ੀ ਰਾਮ ਦਾ ਸੰਦੇਸ਼

ਬਹੁਜਨ ਨਾਇਕ, ਕਰੋੜਾਂ ਲੋਕਾਂ ਦੇ ਮਸੀਹਾਂ ਸਾਹਿਬ ਸ਼੍ਰੀ ਕਾਂਸ਼ੀ ਰਾਮ ਨੇ ਇੱਕ ਵਾਰ ਕਿਹਾ ਕਿ ਮੈਂ ਡੂੰਘੀ ਸੋਚ-ਵਿਚਾਰ ਤੋਂ ਬਾਅਦ ਮੈਂ ਇਸ ਨਤੀਜੇ 'ਤੇ ਪੁੱਜਿਆ ਹਾਂ ਕਿ ਜੇਕਰ ਅਸੀਂ ਇਸ ਦੇਸ਼ ਵਿੱਚ ਪਰਿਵਰਤਨ ਲਿਆਉਣਾ ਹੈ ਤਾਂ ਪੂਰੇ ਦੇਸ਼ ਵਿੱਚ 100 ਮਹਾਂਪੁਰਸ਼ ਹਨ। ਜਿਹਨਾਂ ਦੀ ਵਿਚਾਰਧਾਰਾ ਤੋਂ ਸਬਕ ਸਿੱਖ ਕੇ ਮਿਸ਼ਨ ਨੂੰ ਅੱਗੇ ਵਧਾਉਣਾ ਚਾਹੀਦਾ ਹੈ। ਉਹਨਾਂ ਨੂੰ ਯਾਦ ਰੱਖੋ।

ਉਹਨਾਂ ਤੋਂ ਬਿਨ੍ਹਾਂ ਅਸੀਂ ਅੱਗੇ ਨਹੀਂ ਵਧ ਸਕਦੇ। ਉਹਨਾਂ ਨੇ ਇਹਨਾਂ ਮਹਾਂਪੁਰਸ਼ਾਂ ਨੂੰ ਬਹੁਜਨ ਮਹਾਂਪੁਰਸ਼ਾਂ ਦਾ ਨਾਮ ਦਿੱਤਾ। ਇਹਨਾਂ ਮਹਾਂਪੁਰਸ਼ਾਂ ਨੂੰ ਅਪਣਾ ਕੇ ਹੀ ਅਸੀਂ ਅੱਗੇ ਵਧ ਸਕਦੇ ਹਾਂ। ਕਿਤੇ ਭੁੱਲ ਨਾ ਜਾਇਓ ਆਪਣੇ ਰਹਿਬਰਾਂ ਨੂੰ ਇੱਕ ਸਮਾਗਮ ਦੌਰਾਨ ਉਹਨਾਂ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਸੰਘਰਸ਼ ਦੀ ਘਾਲਣਾ ਨੂੰ ਵਿਸ਼ੇਸ਼ ਤੌਰ 'ਤੇ ਸਰਾਹਿਆ ਅਤੇ ਕਿਹਾ ਕਿ ਅਜਿਹੇ ਮਹਾਂਪੁਰਸ਼ ਦੀ ਕੁਰਬਾਨੀ ਪੰਜਾਬ ਦੇ ਲੋਕਾਂ ਲਈ ਰਾਹ ਦਸੇਰਾ ਹੈ।

ਨਿੱਕੇ ਮੋਟੇ ਝਗੜੇ ਛੱਡ ਕੇ ਪਿਛਾਂਹ,
ਤੇ ਬੰਨ ਲਓ ਸਿਰਾਂ 'ਤੇ ਲਾਲ ਪੱਗਾਂ,
ਅਸੀਂ ਕੋਈ ਹੋਰ ਕੌਮ ਨਾ,
ਬਲਕਿ ਬਣਾਉਣੀ ਆਪਣੀ ਕੌਮ ਆ,
ਇਸ ਲਈ ਆਦਿ-ਧਰਮੀਓ,
ਤਕੜੇ ਹੋ ਜਾਓ, ਤਕੜੇ ਹੋ ਜਾਓ...।

ਅਜਿਹੇ ਗੀਤ ਉਸ ਵੇਲੇ ਅਛੂਤਾਂ ਦੀ ਇੱਛਾ-ਸ਼ਕਤੀ ਤੇ ਹੌਂਸਲੇ ਵਧਾਉਣ ਲਈ ਗਾਏ ਜਾਂਦੇ ਸਨ।

ਬਾਬੂ ਮੰਗੂ ਰਾਮ ਮੁਗੋਵਾਲੀਆ ਕੌਮ ਦਾ ਮਹਾਨ ਆਗੂ ਹੈ। ਲੋਕ ਮਨਾਂ ਵਿੱਚ ਵਸਿਆ ਹੋਇਆ ਹੈ। ਹੁਣ ਸਾਨੂੰ ਸਮਝਦਾਰੀ, ਬੁੱਧੀ ਨਾਲ ਰਲ਼-ਮਿਲ਼ ਕੇ ਆਪਸੀ ਮੱਤਭੇਦ ਦੂਰ ਕਰਨ ਦੀ ਲੋੜ ਹੈ।

ਇਸ ਤਰ੍ਹਾਂ ਆਪਸੀ ਖੁਦਗਰਜ਼ੀ, ਅਖੌਤੀ ਲੈਫਟੀਨੈਂਟ ਅਤੇ ਧੜੇਬੰਦੀਆਂ ਤੋਂ ਉੱਪਰ ਉੱਠ ਕੇ ਸਮਾਜ ਦਾ ਸੁਧਾਰ ਕੀਤਾ ਜਾ ਸਕਦਾ ਹੈ ਤਾਂ ਜੋ ਰਹਿਬਰਾਂ ਦੇ ਸੁਪਨਿਆਂ ਨੂੰ ਅਮਲੀ ਰੂਪ ਵਿੱਚ ਪੂਰਾ ਕੀਤਾ ਜਾ ਸਕੇ।

**(ਇਹ ਲੇਖ, ਲੇਖਕ ਦਾ ਬਾਬੂ ਮੰਗੂ ਰਾਮ ਮੁਗੋਵਾਲੀਆ ਪ੍ਰਤੀ ਪਹਿਲਾ ਲੇਖ ਹੈ)**

# 'ਰੰਗ ਬਰੰਗੀ' ਪੰਜਾਬੀ ਵੈਬ ਸੀਰੀਜ ਦੇ ਸਿਤਾਰੇ

**– ਅੰਮ੍ਰਿਤ ਪਵਾਰ**



### ਨਾਇਬ ਸਿੰਘ – ਪਾਲੀਵੁੱਡ ਆਏਗਾ?

'ਸਾਥ ਨਿਭਾਨਾ ਸਾਥੀਆ' ਸਟਾਰ ਪਲੱਸ ਦਾ ਸੁੱਪਰ ਹਿੱਟ ਸੀਰੀਅਲ ਤੇ ਇਸ 'ਚ ਰਜੀਵ ਪਟੇਲ ਬਣੇ ਪੰਜਾਬੀ ਲੜਕੇ ਨਾਇਬ ਸਿੰਘ ਦੀ ਐਕਟਿੰਗ ਦੇ ਕੀ ਸਟਾਰ ਪਲੱਸ, ਯੂਮ ਟੀ.ਵੀ, ਜੀ.ਟੀ.ਵੀ, ਕਲਰਜ, ਬਿਗ ਮੈਜਿਕ ਸਾਰੇ ਪ੍ਰਮੁੱਖ ਟੀ.ਵੀ ਚੈਨਲ ਮੁਰੀਦ ਹੋਏ ਉਸਦੇ ਤੇ ਫਿਰ ਬਾਲੀਵੁੱਡ ਸਟਾਰ ਬਣੇ ਨਾਇਬ ਸਿੰਘ ਤੇ ਪਾਲੀਵੁੱਡ ਨਜ਼ਰ ਮਾਰੇ ਤਾਂ ਉਹ ਕਾਮਯਾਬ ਪੰਜਾਬੀ ਸਿਨੇਮਾ ਦਾ ਹੀਰੋ ਬਣ ਸਕਦਾ ਹੈ।

### 'ਰੰਗ ਬਰੰਗੀ' ਬਣੀ ਅਨੂ ਚੋਧਰੀ

ਬਹੁਤ ਖੁਸ ਹੈ ਅਨੂ ਚੌਧਰੀ 'ਰੰਗ ਬਰੰਗੀ' ਦੇ ਪ੍ਰੋਮੋ ਦੇਖ ਕਿ ਇਸ ਵੈਬ ਸੀਰੀਜ 'ਚ ਉਸਦਾ ਗਲੈਮਰ ਸਭ ਤੇ ਭਾਰੀ ਹੈ। ਗੋਰੀ ਤੇ ਕਮਾਲ ਦੀ ਤੱਕਣੀ ਕਿ ਅਨੂ ਚੌਧਰੀ ਦਾ ਕਿਰਦਾਰ ਦੇਖ ਕੰਪਨੀਆਂ ਤੇ ਵੈਬ ਪਲੇਟਫਾਰਮ ਖ਼ੁਸ ਹਨ ਜਾਹਿਰ ਹੈ ਅਨੂ ਵੀ ਬਾਗੋ-ਬਾਗ ਹੈ।

### ਸੀਰੀਜ ਗਾਇਕ ਸੰਦੀਪ ਭੁੱਲਰ

'ਪਹੁੰਚ ਤੇਰੇ ਯਾਰ ਦੀ' ਉਬਾਮਾ ਤੱਕ ਤੇਰੇ ਠੈਠੀ ਵਾਲੇ ਮੰਤਰੀ ਤਾਂ ਆਮ ਨੇ ਨਵੇਂ ਜਮਾਨੇ ਦਾ ਇਹ ਗੀਤ ਸੰਦੀਪ ਭੁੱਲਰ ਦੀ ਅਵਾਜ 'ਚ ਜਦ ਬਾਹਰ ਆਇਆ ਤਾਂ ਪੱਕਾ ਹਿੱਟ ਹੋਊ।

ਡੇਂਜਰ ਬੀਟ ਦਾ ਸੰਗੀਤ, ਬੰਕੀ ਜੌਹਲ ਦੇ ਬੋਸ ਤੇ ਸੰਦੀਪ ਭੁੱਲਰ ਦੀ ਅਵਾਜ ਦਾ ਮਿਸ਼ਰਣ ਗਾਣਾ ਬਲਿਊ ਡਾਇਮੰਡ ਫਿਲਮਜ ਨੇ 'ਰੰਗ ਬਰੰਗੀ' ਦਾ ਟਾਈਟਲ ਬਣਾਇਆ ਹੈ।

### ਬੀਬੀ ਕੁੜੀ ਬਲਜੀਤ ਵਿਰਕ

ਸਬ ਟੀ.ਵੀ ਦੀ ਸਟਾਰ ਐਕਟਰੈਸ ਬਲਜੀਤ ਕੌਰ ਵਿਰਕ ਪੰਜਾਬ ਆਈ ਤਾਂ ਸਲੀਮ ਦੇ ਗੀਤ ਦੀ ਮਾਡਲ ਬਣ ਛਾ ਗਈ। ਕੰਮ ਹੀ ਕੰਮ, ਐਕਟਰੈਸ ਕਮਾਲ ਹੈ ਤੇ ਸੁਬਾਓ ਦੀ ਇਹ ਬੀਬੀ ਕੁੜੀ ਹਰੇਕ ਨਿਰਮਾ ਤੇ ਕਲਾਕਾਰ ਦਾ ਪੂਰਾ ਸਤਿਕਾਰ ਕਰਦੀ ਹੈ ਵਾਹ..!

### ਰੈਂਬੋ ਦੀ ਗੱਲ ਬਣੀ


ਕੈਮਰਾਮੈਂਨ ਰੈਂਬੋ ਮੱਲ ਤੇਜੀ ਨਾਲ ਵੀ-ਡਿਉਜ ਕਰ ਰਿਹਾ, ਡਾਇਰੈਕਸ਼ਨ ਵੀ ਕਰ ਰਿਹਾ ਹੈ ਤੇ ਵੱਡੀ ਗੱਲ ਕਿ 8 ਕਿਸਮਾਂ ਦੀ ਵੈਬ-ਸੀਰੀਜ 'ਰੰਗ ਬਰੰਗੀ' ਉਸਨੂੰ ਸਿੱਧਾ ਫਿਲਮਾਂ ਦੇ ਰਾਜ ਪਾਏਗੀ ਹਰ ਚੁਣੌਤੀ ਸਵੀਕਾਰਨ ਲਈ ਤਿਆਰ ਹੈ ਰੈਂਬੋ ਮੱਲ। ਰੈਂਬੋ ਮੱਲ ਫੋਟੋਗਰਾਫੀ ਕਰਦੇ ਸਮੇਂ ਹਰ ਦ੍ਰਿਸ ਨੂੰ ਬਾਖੂਬੀ ਚਿਤਰਦਾ ਹੈ।

### ਮਧੂ ਤਨਹਾ ਸਾਬਾਸ

ਪ੍ਰਵਾਸਣ ਪੰਜਾਬੀ ਸਾਹਿਤਕਾਰਾ ਮਧੂ ਤਨਹਾ ਨੂੰ ਕਾਲ-ਸੰਗੀਤ-ਸੱਭਿਆਚਾਰ ਤੇ ਫਿਲਮਾਂ ਨਾਲ ਵੀ ਮੋਹ ਪਿਆਰ ਹੈ। ਆਸਟਰੇਲੀਆ ਦੀ ਪ੍ਰਮੁੱਖ ਹਸਤੀ ਬਣ ਚੁੱਕੀ ਮਧੂ ਤਨਹਾ ਨੇ 'ਰੰਗ ਬਰੰਗੀ' ਸੀਰੀਜ ਲਈ ਚਾਰ ਬੋਲ ਬੱਲ ਕਿ ਸਭ ਦਾ ਦਿਲ ਜਿੱਤ ਲਿਆ ਹੈ।













### ਦੀਪੀ ਸੋਹਣੀ 'ਮਾਮੀ'

ਦਿਲਪ੍ਰੀਤ ਦੀਪੀ ਸੁਰ ਵਾਲੀ ਗਾਇਕਾ ਤੇ ਪ੍ਰੀਤ ਸਿੱਧੂ ਦੀ ਮੇਹਰਬਾਨੀ ਤੇ ਸਹਿ ਨਿਰਮਾਤਰੀ ਆਂਚਲਪ੍ਰੀਤ ਕੌਰ ਦੀ 'ਬੈਸ' ਨੇ 'ਰੰਗ ਬੇਰੰਗੀ' ਵੈਬ ਸੀਰੀਜ਼ ਵਿੱਚ ਦਿਲਪ੍ਰੀਤ ਦੀਪੀ ਨੂੰ ਗਾਇਕਾ ਤੋਂ ਇੱਕ ਤਰਾਂ ਨਾਲ ਨਾਇਕਾ ਬਣਾ ਦਿੱਤਾ। ਦੀਪੀ ਨੇ ਇਸ 'ਚ ਪੇਂਡੂ 'ਮਾਮੀ' ਦਾ ਕਿਰਦਾਰ ਕਮਾਲ ਦਾ ਕੀਤਾ ਹੈ। ਧੀ ਨੂੰ ਖਰੀ ਸੁਨਾਉਣੀ ਤੇ 'ਮਸਟੰਡੇ' ਬਣੇ ਗੁਰੀ ਨਾਲ ਦੋ ਹੱਥ 'ਰੰਗ ਬੇਰੰਗੀ' ਦੀਪੀ ਦਾ ਪੂਰਾ ਨਾਂਅ ਬਣਾਏਗੀ। ਦੇਵੇ ਅਸੀਸਾਂ ਆਂਚਲਪ੍ਰੀਤ ਕੌਰ ਦੇ ਦਰਬਾਰ ਪਰਿਵਾਰ ਨੂੰ।

### ਮਲਵਿੰਦਰ ਸੰਧੂ 'ਸਰੀਫ਼ ਨਿਰਮਾਤਾ'

ਪੰਜਾਬੀ ਫ਼ਿਓਮਪ;ਲਮਾਂ ਦੇ ਦਰਬਾਰ 'ਚ ਵੈਸੇ ਤਾਂ ਚੁਸਤ-ਚਲਾਕ ਜ਼ਿਆਦਾ ਕਾਮਯਾਬ ਨੇ ਪਰ ਮਲਵਿੰਦਰ ਸੰਧੂ ਸਾਊ ਤੇ ਸਰੀਫ਼ ਹੈ।

ਪਹਿਲੀ ਫ਼ਿਲਮ 'ਮੁਸਾਫਿਰ' ਲਈ ਸਰਾਫ਼ ਨੇ ਥੱਲੇ ਤਾ ਲਾਇਆ ਪਰ ਰੱਬ ਨੇ ਮਲਵਿੰਦਰ ਦੀ ਸਰੀਫ਼ ਨੂੰ ਭਾਗ ਲਾਏ ਨੇ ਜ਼ੀਰਕਪੁਰ 'ਚ ਬਲੈਕਰੋਜ਼ ਫਿਲਮਜ਼ ਦਾ ਸ਼ਾਨਦਾਰ ਦਫ਼ਤਰ ਬਣਾ ਕਿ ਸੰਧੂ ਸਾਅਬ 'ਮੁਸਾਫਿਰ' ਨੂੰ ਰਿਲੀਜ਼ ਕਰਨ ਦੇ ਵੱਲ ਹਨ।

### ਆਲਰਾਊਂਡਰ ਸੋਨਮ ਕੌਰ

ਕੋਈ ਕੁੱਝ ਵੀ ਕਹੇ ਪਰ ਆਪਾਂ ਸੋਨਮ ਕੌਰ ਨੂੰ 'ਸੰਧੂਆਂ ਦੀ ਆਲਰਾਊਂਡਰ' ਕੁੜੀ ਦਾ ਦਰਜਾ ਦਿੰਦੇ ਹਾਂ। ਸੋਨਮ ਕੌਰ 'ਰੰਗਬੇਰੰਗੀ' ਦੀ ਹੀਰੋਇਨ ਬਣਨ ਆਈ ਤੇ ਨਾਲ ਹੀ ਸਹਿ ਨਿਰਦੇਸ਼ਕਾ ਵੀ ਬਣ ਗਈ। ਰੱਬ ਝੂਠ ਨਾ ਬੁਲਾਏ ਐਕਟਿੰਗ ਤੇ ਵੀ ਕਮਾਲਾਂ ਦਿਖਾ ਗਈ। ਰੰਗ ਬੇਰੰਗੀ ਦੀ 'ਮਣੀ' ਉਰਫ਼ ਸੋਨਮ ਕੌਰ ਲੱਗਦਾ ਡਾਇਰੈਕਟਰ ਵੀ ਬਣ ਜਾਏਗੀ।

### ਰਾਣਾ ਸੰਧੂ ਦੀ 'ਸੰਦੀਪ' ਟਾਪ ਤੇ

ਯੂ.ਕੇ. ਦਾ ਪ੍ਰਸਿੱਧ ਗਾਇਕ ਰਾਣਾ ਸੰਧੂ ਆਪੀ ਪ੍ਰਿਯ ਸਾਥਣ ਸੰਦੀਪ ਕੌਰ ਸੰਧੂ ਨੂੰ ਚੋਟੀ ਦੀ ਸੰਗੀਤ ਕੰਪਨੀ ਨੂੰ 'ਮਾੜੀਮਾਂ' ਫ਼ਿਲਮ ਦੀ ਨਿਰਮਾਤਰੀ ਬਨਾਉਣ ਤੋਂ ਬਾਅਦ 'ਯੂ.ਕੇ. ਟੂ ਪੰਜਾਬ' ਫ਼ਿਲਮ ਦਾ ਜਿੰਮਾਂ ਵੀ ਸੌਂਪ ਦਿੱਤਾ ਹੈ। ਜੋੜੀਆਂ ਹੋਣ ਤੇ ਅਜਿਹੀਆਂ।

### ਰਵਿੰਦਰ ਰਵੀ ਜ਼ਿੰਦਾਬਾਦ

'ਜੱਟ ਜਿਊਣਾ ਮੌੜ' 'ਹੱਕ' 'ਕੌਮ ਦੇ ਹੀਰੇ' ਜਿਹੀ ਯਾਦਗਾਰੀ ਫ਼ਿਲਮ ਤੇ ਇਸ ਸਮੇਂ ਕਿਸਾਨਾਂ ਦਾ ਪੂਰਾ ਸਾਥ ਦੇ ਰਹੇ ਨਿਰਦੇਸ਼ਕ ਰਵਿੰਦਰ ਰਵੀ ਨੂੰ ਸੁਨੀਤਾ ਧੀਰ ਸਦਾ ਜਿੰਦਾਬਾਦ ਕਹਿੰਦੀ ਹੈ ਕਿਉਂਕਿ 'ਬਦਲਾ ਜੱਟੀ ਦਾ' ਦੀ 'ਗੁਲਾਬੋ' ਬਣ ਰਾਤੋ-ਰਾਤ ਸਟਾਰ ਸੁਨੀਤਾ ਧੀਰ ਤਾਂ ਰਵੀ ਦੀ ਬਦੌਲਤ ਹੀ ਬਣੀ।

### ਯੋਗਰਾਜ ਜਿਉਂਦਾ ਰਹਿ ਸੱਜਣਾ

ਹੀਰਾ ਕ੍ਰਿਕਟ ਦਾ ਯੋਗਰਾਜ, ਨਗ ਫਿਲਮਾਂ ਦਾ ਯੋਗਰਾਜ, ਮੋਟੀ ਇਨਸਾਨੀਅਤ ਦਾ ਯੋਗਰਾਜ ਤੇ ਦਇਆਵਾਨ ਯੋਗਰਾਜ ਦਾ ਸਟਾਰ ਕ੍ਰਿਕਟਰ ਪੁੱਤਰ ਯੁਵਰਾਜ ਸਿੰਘ ਚਾਨਣ ਮੁਨਾਰਾ ਕ੍ਰਿਕਟ ਦੀ ਨਵੀਂ ਪਨੀਰੀ ਲਈ।

****









### ਸੋਨੀਆ ਮਾਨ – ਪੱਕੀ ਮਜ਼ਦੂਰ-ਕਿਸਾਨ

ਕਿਸਾਨਾਂ ਦੇ ਸੱਚੇ ਤੇ ਜਬਰਦਸਤ ਅੰਦੋਲਨ ਵਿੱਚ ਦਿਨ-ਰਾਤ ਇੱਕ ਕਰ ਰਹੀ 'ਹਾਣੀ' ਫਿਲਮ 'ਚ ਹਰਭਜਨ ਮਾਨ ਨਾਲ ਹੀਰੋਇਨ ਆਈ ਸੋਨੀਆ ਮਾਨ ਦੀ ਦੇਣ ਅਨਮੋਲ ਹੈ। ਕਿਸਾਨ- ਮਜ਼ਦੂਰ ਦੀ ਹਮਾਇਤ ਕਰਣ ਲਈ ਹਿੰਦੀ ਫਿਲਮਾਂ ਉਸ ਹੱਥੋਂ ਖੋਹ ਲਈਆਂ ਗਈਆ ਪਰ ਸੋਨੀਆਂ ਅਨੁਸਾਰ ਫਖਰ ਹੈ। ਕਿਸਾਨ-ਮਜ਼ਦੂਰ ਦੀ ਅਵਾਜ ਬਣ ਉਹ ਚਲ ਰਹੀ ਹੈ, ਇਹੀ ਕਾਫ਼ਓਮਪ;ੀ ਹੈ – ਪੈਸੇ ਤੇ ਕੰਮ ਦਾ ਕੀ ਐ ?

### ਚਰਚਾ 'ਰੰਗ ਬਰੰਗੀ' ਦੀ

ਬਲਿਊ ਡਾਇਮੰਡ ਫਿਲਮਜ਼ ਦੀ ਵੈਬਸੀਰੀਜ 'ਰੰਗ ਬਰੰਗੀ' ਨੇ ਨੈਟ ਦੁਨੀਆਂ 'ਚ ਧੁੰਮ ਪਾ ਦਿੱਤੀ ਹੈ। ਕਾਂਸੀਰਾਮ ਚੰਨ ਤੋਂ ਲੈ ਕਿ ਸੂਰਜੀਤ ਭੁੱਲਰ, ਸੰਦੀਪ ਮੋਲੀ ਤੋਂ ਨਾਇਬ ਸਿੰਘ, ਬਲਜੀਤ ਵਿਰਕ ਤੋਂ ਕਰਮ ਕੌਰ, ਸੁੱਖਾ ਕਬੱਡੀ ਸਟਾਰ ਤੋਂ ਸਾਊਥ ਅਫਰੀਕਾ ਦੇ ਕ੍ਰਿਕਟ ਸਟਾਰ ਇਮਰਾਨ ਤਾਹਿਰ ਨੇ ਸੰਦੀਪ ਭੁੱਲਰ ਦੇ ਡੈਬਿਊ ਤੇ ਸਾਨਦਾਰ ਵਧਾਈਆਂ ਦਿੱਤੀਆਂ ਹਨ।

### ਦਰਸ਼ਨ ਔਲਖ ਦਾ ਧੰਨਵਾਦ

ਹਰ ਵਰਕਰ ਤੇ ਫਿਲਮੀ ਵਿਅਕਤੀ ਦਾ ਦੁੱਖ ਦਰਦ ਲਾਇਨ ਨਿਰਮਾਤਾ ਦਰਸ਼ਨ ਔਲਖ ਜਾਣਦਾ ਹੈ। ਫਿਲਮੀ ਪੱਤਰ ਕਾਰਾਂ ਦੇ ਦੁੱਖ-ਸੁੱਖ ਦਾ ਸਾਥੀ ਦਰਸ਼ਨ ਔਲਕ ਤਨ-ਮਨ-ਧਨ ਨਾਲ ਕਿਸਾਨ-ਮਜ਼ਦੁਰ ਦੇ ਘੋਲ 'ਚ ਦਿਨ-ਰਾਤ ਪਸੀਨਾ ਵਹਾ ਰਿਹਾ ਹੈ। ਸਲਮਾਨ ਖਾਨ ਤੋਂ ਹਰਭਜਨ ਮਾਨ, ਸੋਨੀਆ ਮਾਨ ਤੋਂ ਕੈਟਰੀਨਾ ਕੈਫ਼ਓਮਪ; ਸਾਰੇ ਦਰਸ਼ਨ ਔਲਖ ਦੇ ਵਤੀਰੇ ਤੋਂ ਖੁਸ਼ ਹਨ।

### ਪਹਿਲਵਾਨਈ – ਅਭਿਨੇਤਰੀ – ਪੂਜਾ ਗੋਦਾਰਾ

ਪੂਜਾ ਗੋਦਾਰਾ ਹਰਿਆਣੇ ਦੀ ਖਿਡਾਰਨ ਹੈ। ਕੁਸ਼ਤੀ 'ਚ ਉਸਨੇ ਨਿਸ਼ਾਨੇ ਲੰਬੇ ਹਨ। ਡਬਲਿਊ ਕੁਸ਼ਤੀ ਸੰਘ 'ਚ ਪਹੁੰਚ ਜਿੱਤਣ ਦੀ ਸੁਪਨੇ ਲੈ ਰਹੀ ਪੂਜਾ ਗੋਦਾਰਾ ਨੇ ਸੰਦੀਪ – ਅਨੂ ਚੌਧਰੀ ਦੀ 'ਰੰਗ ਬਰੰਗੀ' ਵੈਬ- ਸੀਰੀਜ 'ਚ ਹਰਿਆਣਵੀ ਕੁੜੀ ਦਾ ਕਿਰਦਾਰ ਅਦਾ ਕੀਤਾ ਹੈ। ਪੂਜਾ ਦਾ ਗਲੈਮਰ ਵੀ ਰੀਲੀਜ਼ 'ਚ ਹੈ।

### ਮਸੂਮ ਨਾਇਬ ਸਿੰਘ

ਆਮਿਰ ਖਾਨ ਨੇ ਨਾਇਬ ਸਿੰਘ ਨੂੰ (ਮਾਸੂਮ) ਨਾਲ ਸਟਾਰ ਬਣਾ ਦਿੱਤਾ ਹੈ। ਨਾਇਬ ਸਿੰਘ ਅੱਜ ਵੀ 'ਮਾਸੂਮ' ਦੀਆਂ ਯਾਦਾਂ ਸੋਸਲ ਮੰਚ ਤੇ ਤਾਜ਼ਾ ਕਰਦਾ ਰਹਿੰਦਾ ਹੈ। ਨਾਇਬ ਸਿੰਘ ਦਾ ਕੰਮ 'ਮਸੂਮ' 'ਚ ਦੇਖ ਕਿ ਕਈ ਪੰਜਾਬੀ ਨਿਰਮਾਤਾ ਉਸ ਨੂੰ ਪੰਜਾਬੀ ਫਿਲਮਾਂ 'ਚ ਲਿਆਉਣ ਲਈ ਉਤਾਵਲੇ ਹਨ।

### ਸੰਦੀਪ ਮੱਲੀ – ਕਿਆ ਬਾਤ ਹੈ

500 ਗੀਤਾਂ ਦੀ ਮੁੱਖ ਮਾਡਲ ਰਹੀ ਸੰਦੀਪ ਮੱਲੀ ਨੇ 'ਧੀ ਪੰਜਾਬ ਦੀ' 'ਰੰਗਲਾ ਪੰਜਾਬ' ਫਿਲਮਾ ਰਾਂਹੀ ਫਿਰ ਪੰਜਾਬੀ ਫਿਲਮਾਂ 'ਚ ਵਾਪਸ ਕੀਤੀ ਹੈ। ਸੰਦੀਪ ਮੱਲੀ ਜਲਦੀ ਹੀ ਬੀ.ਟਾਊਨ ਦੀ ਸਟਾਰ ਬਣੇਗੀ – ਸ਼ੁੱਭ ਕਾਮਨਾਵਾਂ।

## ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਰੱਦ

**ਨਵੀਂ ਦਿੱਲੀ-** ਦਿੱਲੀ 'ਚ ਕੋਰੋਨਾ ਦੇ ਵੱਧ ਰਹੇ ਮਾਮਲਿਆਂ ਨੂੰ ਦੇਖਦੇ ਹੋਏ 25 ਅਪ੍ਰੈਲ ਨੂੰ ਹੋਣ ਵਾਲੀਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ। ਇਸ ਸਬੰਧੀ ਕੇਜਰੀਵਾਲ ਸਰਕਾਰ ਨੇ ਇਕ ਤਜਵੀਜ਼ ਉਪ ਰਾਜਪਾਲ ਨੂੰ ਭੇਜੀ ਹੈ। ਇਸ ਦੀ ਜਾਣਕਾਰੀ ਡਿਪਟੀ ਸੀਐੱਮ ਮਨੀਸ਼ ਸਿਸੋਦੀਆ ਨੇ ਦਿੱਤੀ ਹੈ। ਉਨ੍ਹਾਂ ਟਵੀਟ ਕਰ ਕੇ ਦੱਸਿਆ ਕਿ ਦਿੱਲੀ 'ਚ ਕੋਰੋਨਾ ਦੇ ਮਾਮਲੇ ਤੇ ਕਰਫਿਊ ਕਾਰਨ ਸੀਐੱਮ ਨੇ ਦਿੱਲੀ ਸਿੱਖ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਮੁਲਤਵੀ ਕਰਨ ਦਾ ਫ਼ੈਸਲਾ ਕੀਤਾ ਹੈ। ਦੱਸਣਯੋਗ ਹੈ ਕਿ ਹੁਣ ਇਸ 'ਤੇ ਆਖਰੀ ਫ਼ੈਸਲਾ ਐੱਲਜੀ ਨੇ ਕਰਨਾ ਹੈ। ਦੱਸਣਯੋਗ ਹੈ ਕਿ ਦਿੱਲੀ 'ਚ ਕੋਰੋਨਾ ਇਨਫੈਕਸ਼ਨ 'ਤੇ ਕਾਬੂ ਪਾਉਣ ਲਈ ਇਕ ਹਫ਼ਤੇ ਤਕ ਲਈ ਲਾਕਡਾਊਨ ਲਾਇਆ ਗਿਆ ਹੈ। ਇਸ ਦੌਰਾਨ ਸਾਰੀਆਂ ਧਾਰਮਿਕ, ਸਿਆਸੀ ਤੇ ਸਮਾਜਿਕ ਸਰਗਰਮੀਆਂ 'ਤੇ ਪਾਬੰਦੀ ਹੈ। ਸਰਕਾਰ ਨੇ ਜ਼ਰੂਰੀ ਸੇਵਾਵਾਂ ਵਾਲੇ ਲੋਕਾਂ ਨੂੰ ਛੋਟ ਦਿੱਤੀ ਹੈ।



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ


Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop

# Vaisakhi celebrations in Sri Guru Ravidass Temple Pittsburg (California)

Vaisakhi Festival was celebrated in Gurughar on April 18, 2021. Bhai Kashmiri Bhatia, Bibi Kamaljit Bhatia and their family hosted Sri Ahkand Path Sahib and Langar Sewa. Akhand Path started on Friday April 16, 2021 at 10:00 AM and concluded with Bhog ceremony on Sunday April 18, 2021. Jatha of Bhai Avtar Singh and Jatha of Giani Gurnam Singh and Giani Ompal Singh delighted the Sangat with Gurbani Kirtan.

Vaisakhi commemorates the formation of the KhalsaPanth by Guru Gobind Singh in 1699. Every year it is celebrated on 13 April. Baisakhi is the harvest celebration in India and is an occasion of dancing, singing, music and religious praise.

Bhai Kashmiri Bhatia and Bibi Kamaljit Bhatia have been doing this Sewa for the last few years. They are very dedicated to Gurdwara sahib and Gurbani. They are very religious. They donate very generously to this Gurughar. He served as a president for 2 terms at the temple. Bibi Kamaljit Kaur has been a committee member also.

May Waheguru Ji bless this Bhatia family.

***Report-- Ramesh Suman***

**Dr. B. R. Ambedkar's 130th Birth Anniversary**

Sri Guru Ravidass Sabha Pittsburg (CA) will be celebrating Baba Sahib Dr. Bhimrao Ambedkar's 130th Birth Anniversary on Sunday, May 16, 2021. You are humbly requested to come and join us in the celebration.


















# Vaisakhi celebrations in Sri Guru Ravidass Temple Pittsburg (California)











































# Vaisakhi celebrations in Sri Guru Ravidass Temple Pittsburg (California)





















# Vaisakhi celebrations in Sri Guru Ravidass Temple Pittsburg (California)





















